ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Regd No. D/339/57 Regd No. P/..

ਸਤਿਜੁਗ

ਸ੍ਰੀ ਜੀਵਨ ਨਗਰ

ਦਾ

ਬਸੰਤ—ਅੰਕ

ਮਉਲੀ ਧਰਤੀ ਮਉਲਿਆ ਅਕਾਸੁ ।
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ । ੧ ।
ਰਾਜਾ ਰਾਮ ਮਉਲਿਆ ਅਨਤ ਭਾਇ ।
ਜਹ ਦੇਖਉ ਤਹ ਰਹਿਆ ਸਮਾਇ । ੧ ।
ਰਹਾਉ । ਦੁਤੀਆ ਮਉਲੇ ਚਾਰਿ ਬੇਦ ।
ਸਿੰਮ੍ਰਿਤਿ ਮਉਲੀ ਸਿਉ ਕਤੇਬ । ੨ ।
ਸੰਕਰ ਮਉਲਿਓ ਜੋਗ ਧਿਆਨ ।
ਕਬੀਰ ਕੋ ਸੁਆਮੀ ਸਭ ਸਮਾਨ ।

ਕੀ ? ਕਿਥੇ ?

ਲੇਖ ਸੂਚੀ

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਜਿਲਾ ਹਿਸਾਰ ਵਿਖੇ ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ ਦਫਤਰ ਸਤਿਜੁਗ ਸ੍ਰੀ ਜੀਵਨ ਨਗਰ ਵਿਚੋਂ ਪ੍ਰਕਾਸ਼ਤ ਹੋਇਆ । [ਐਡੀਟਰ ਗੁਰਦਿਆਲ ਸਿੰਘ

੧ ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪ ਕਹਾਊਂ ।

ਜਿਲਦ—੩੬ਵਾਂ
ਨੰਬਰ—੯

ਸਤਿਜੁਗ
ਦਾ
ਬਸੰਤ—ਅੰਕ

ਪ੍ਰਦੇਸ਼ ਸਲਾਨਾ ੮) ਛਿਮਾਹੀ ੪)
ਦੇਸ਼ ਸਲਾਨਾ ੬) ਛਿਮਾਹੀ ੩)

ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੬ ੯ ਮਾਘ ੨੦੧੭ ੨੧ ਜਨਵਰੀ ੧੯੬੧ ਈ:

ਨਵ—ਬਸੰਤ ਦੇ ਸਵਾਮੀ

[ਸ੍ਰ: ਅਵਤਾਰ ਸਿੰਘ ਜੀ "ਆਜ਼ਾਦ"

ਅਜ ਦੇ ਦਿਨ ਜਦ ਕੁਦਰਤ ਅਨੰਤ ਰੰਗਣਾਂ, ਮਹਿਕਾਂ ਤੇ ਖੇੜਿਆਂ ਨਾਲ ਝੂਮ ਰਹੀ ਸੀ, ਬਸੰਤ ਦੇ ਸਵਾਮੀ ਦਾ ਪ੍ਰਕਾਸ਼ ਹੋਇਆ । ਇਕ ਅਲੌਕਿਕ ਸਵਾਗਤ ਚਾਉ ਵਿਚ ਪੰਜਾਬ ਦੀਆਂ ਹਰਿਆ-ਲੀਆਂ ਮੱਲ ਗੁਜ਼ਾਰਾਂ ਹੋਰ ਸੋਹਣੀਆਂ ਹੋ ਗਈਆਂ । ਰਸ ਅਨੰਦ ਤੇ ਵਿਗਸਾਉ ਵਿਚ ਧਰਤੀ ਦਾ ਕਣ ਕਣ ਨਚ ਉਠਿਆ । ਬਾਬਾ ਜਸਾ ਸਿੰਘ, ਜੋ ਸ੍ਰੀ ਭਾਈ ਲਾਲੋ ਵਾਂਗ ਧਰਮ ਕਿਰਤ ਕਰਕੇ ਨਿਰਬਾਹ ਕਰਦੇ ਸਨ, ਪੁਤਰ ਜਨਮ ਦੀ ਅਮਿੱਤ ਖੁਸ਼ੀ ਨਾਲ ਇਉਂ ਸਮਝ ਰਹੇ ਸਨ ਜਿਵੇਂ ਉਹਨਾਂ ਨੂੰ ਜਨਮ ਜਨਮ ਦੀ ਘਾਲ ਕਮਾਈ ਦਾ ਬਦਲਾ ਮਿਲ ਗਿਆ । ਪ੍ਰਭੂ ਦੇ ਰੂਪ ਮਹਾਂ ਪੁਰਸ਼ ਆਮ ਤੌਰ ਉਤੇ ਗਰੀਬ ਮਾਪਿਆਂ ਦੇ ਘਰ ਹੀ ਅਵਤਾਰ ਧਾਰਕੇ ਆਉਂਦੇ ਤੇ ਨੀਵੇਂ ਨਿਮਾਣੇ ਲੋਕਾਂ ਵਿਚ ਬਸੰਤ ਵਾਂਗ ਨਵਾਂ ਜੀਵਨ ਜਗਾਉਂਦੇ ਹਨ । ਨਿਰੰਕਾਰੀ ਸਤਿਗੁਰੂ ਨੇ ਆਪਣੇ ਸੰਗੀ ਅਤੇ ਸਾਥੀ ਉਹਨਾਂ ਲੋਕਾਂ ਨੂੰ ਕਿਹਾ ਸੀ ਜਿਨ੍ਹਾਂ ਨੂੰ ਨੀਚਾਂ ਨਾਲੋਂ ਵੀ ਨੀਚ ਅਤ ਨੀਵੇਂ ਸਮਝਿਆ ਜਾਂਦਾ ਸੀ । ਉਹਨਾਂ ਨੇ ਦਸਿਆ ਸੀ ਦੁਨੀਆਂ ਵਿਚ ਦੋ ਹੀ ਧੜੇ ਪ੍ਰਧਾਨ ਹਨ, ਇਕ ਧੜਾ ਲਾਲੋ ਤੇ ਉਸਦੇ ਮਿਹਨਤੀ ਭਰਾਵਾਂ ਦਾ ਹੈ ਜਿਹੜੇ ਦਿਨ ਰਾਤ ਲਹੂ ਪਸੀਨਾ ਇਕ ਕਰਕੇ ਕਮਾਈ ਕਰਦੇ ਹਨ ਤੇ ਦੂਜਾ ਧੜਾ ਹੈ ਮਲਿਕ ਭਾਗੋ ਕਿਆਂ ਦਾ, ਜਿਹੜਾ ਆਪ ਕਮਾਈ ਕਰਨ ਦੀ ਥਾਂ ਲੋਕਾਂ ਦੀ ਕਮਾਈ ਉਤੇ ਪਲਦਾ ਹੈ । ਇਸ ਧੜੇ ਨੂੰ ਸਤਿਗੁਰਾਂ ਨੇ ਲੋਕਾਂ ਦੇ ਲਹੂ ਉਤੇ ਪਲਣ ਵਾਲਾ ਧੜਾ ਆਖਿਆ ਸੀ ਤੇ ਏਸੇ

ਲਈ ਮਲਿਕ ਭਾਗੋ ਦੇ ਬ੍ਰਹਮ ਭੋਜ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿਤਾ ਸੀ ਕਿ ਉਹ ਜਨਤਾ ਦੇ ਲਹੂ ਉਤੇ ਪਲਦਾ ਤੇ ਮੌਜਾਂ ਮਾਨਣ ਵਾਲਾ ਇਕ ਸਰਕਾਰੀ ਹਾਕਮ ਸੀ।

ਉਸ ਸਿਖ ਰਾਜ ਦਾ ਪਤਨ ਹੋ ਰਿਹਾ ਸੀ ਜਿਸ ਨੂੰ ਕਾਇਮ ਕਰਨ ਲਈ ਸਦੀਆਂ ਬੱਧੀ ਘਾਲਾਂ ਘਾਲੀਆਂ ਤੇ ਕੁਰਬਾਨੀਆਂ ਕੀਤੀਆਂ ਗਈਆਂ ਸਨ। ਮਹਾਰਾਜਾ ਰਣਜੀਤ ਸਿੰਘ ਇਕ ਚਮਤਕਾਰ ਵਾਂਗ ਉਭਰੇ ਤੇ ਅਜੇ ਉਹ ਪੂਰੇ ਸੱਠਾਂ ਵਰ੍ਹਿਆਂ ਦੇ ਵੀ ਨਹੀਂ ਸਨ ਹੋਏ, ਕਿ ਉਹ ਕਾਲ ਵੱਸ ਹੋ ਗਏ। ਦਸਾਂ ਵਰ੍ਹਿਆਂ ਦੇ ਸੰਖੇਪ ਜਿਹੇ ਸਮੇਂ ਪਿਛੋਂ ਸਿਖ ਰਾਜ ਦਾ ਅੰਤ ਹੋ ਗਿਆ ਅਤੇ ਪੰਜਾਬ ਜਿਸਨੂੰ ਸਦੀਆਂ ਪਿਛੋਂ ਆਜ਼ਾਦੀ ਪ੍ਰਾਪਤ ਹੋਈ ਸੀ, ਬਦੇਸ਼ੀ ਗੁਲਾਮੀ ਦੇ ਸੰਗਲਾਂ ਨਾਲ ਜਕੜਿਆ ਗਿਆ। ਗੁਰੂ ਜੀ ਆਪਣੇ ਭਣਵਈਏ ਕਾਬਲ ਸਿੰਘ ਦੀ ਪ੍ਰੇਰਨਾ ਨਾਲ ਮਹਾਰਾਜਾ ਸ਼ੇਰ ਸਿੰਘ ਦੇ ਤੋਪਖਾਨੇ ਵਿਚਭਰਤੀ ਤਾਂਹੋਏ ਪਰ ਉਹਨਾਂ ਵੇਖ ਲਿਆ ਸੀ ਕਿ ਇਸ ਰਾਜ ਦੀਆਂ ਨੀਹਾਂ ਖੋਖਲੀਆਂ ਹੋ ਚੁਕੀਆਂ ਹਨ ਅਤੇ ਇਸ ਦਾ ਅੰਤ ਦੂਰ ਦੀ ਗੱਲ ਨਹੀਂ। ਇਹ ਅਨੁਮਾਨ ਉਹਨਾਂ ਨੇ ਉਸ ਗਿਰਾਵਟ ਤੋਂ ਲਾਇਆ ਸੀ ਜਿਹੜੀ ਸਿਖ ਸਰਦਾਰਾਂ ਅਤੇ ਪੰਜਾਬ ਦੇ ਹਾਕਮਾਂ ਵਿਚ ਆ ਚੁਕੀ ਸੀ। ਲੋਕਾਂ ਵਿਚ ਧਰਮ-ਭਾਵਨਾ ਨਹੀਂ ਸੀ ਰਹੀ ਤੇ ਉਹ ਹਾਕਮਾਂ ਅਤੇ ਸਰਦਾਰਾਂ ਦੇ ਨਾਲ ਹੀ ਸਿਸ਼ਟਾਚਾਰ ਤੇ ਸਦਾਚਾਰ ਵਲੋਂ ਅਵੇਸਲੇ ਹੋ ਗਏ ਸਨ। ਨਸ਼ਿਆਂ ਦੀ ਵਰਤੋਂ ਹਦੋਂ ਵਧ ਹੋ ਗਈ ਸੀ ਤੇ ਜੀਭ ਦਾ ਸੁਆਦ ਏਨਾਂ ਵਧ ਗਿਆ ਸੀ ਕਿ ਉਸਨੂੰ ਪੂਰਾ ਕਰਨ ਲਈ ਪਤਾ ਨਹੀਂ ਕਿੰਨੇ ਬੇਜ਼ਬਾਨਾਂ ਦੀਆਂ ਗਰਦਨਾਂ ਨਿਤ ਦਿਹਾੜੇ ਕਟੀਆਂ ਜਾਂਦੀਆਂ ਸਨ। ਤਿਲੰਗੇ ਏਨੇ ਭੂਤੇ ਹੋਏ ਸਨ ਕਿ ਉਹ ਆਪਣੇ ਆਪਨੂੰ ਖਾਲਸਾ ਪੰਥ ਸਮਝਣ ਲਗ ਪਏ ਸਨ ਤੇ ਉਹਨਾਂ ਦੇ ਹਥੋਂ ਬਾਬਾ ਵੀਰ ਸਿੰਘ ਨੌਰੰਗਾ ਬਾਦੀਏ ਜਹੀਆਂ ਧਾਰਮਕ ਵਿਅਕਤੀਆਂ ਦੀ ਹਤਿਆ ਵੀ ਹੋ ਚੁਕੀ ਸੀ। ਸ਼ਾਹ ਮੁਹੰਮਦ ਲਿਖਦਾ ਹੈ:

ਵੀਰ ਸਿੰਘ ਜੇਹੇ ਅਸਾਂ ਮਾਰ ਛਡੇ,
ਨਹੀਂ ਛਡਣਾ ਸਾਧ ਤੇ ਸੰਤ ਮੀਆਂ।
ਸ਼ਾਹ ਮੁਹੰਮਦਾ ਗਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।

ਇਕ ਹੋਰ ਥਾਂ ਏਹੋ ਕਵੀ ਉਸ ਵੇਲੇ ਦਾ ਨਕਸ਼ਾ ਇੰਜ ਖਿਚਦਾ ਹੈ:

ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭਈਏ,
ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ।

ਸਭ ਤੋਂ ਪਹਿਲਾਂ ਇਹ ਤਿਲੰਗੇ ਡੋਗਰਿਆਂ ਦੇ ਹਥ ਠੋਕੇ ਬਣੇ ਤੇ ਮਹਾਰਾਜਾ ਖੜਕ ਸਿੰਘ ਦੇ ਸਾਹਮਣੇ ਸ੍ਰ: ਚੇਤ ਸਿੰਘ ਨੂੰ ਕਤਲ ਕੀਤਾ ਗਿਆ। ਫੇਰ ਮਹਾਰਾਜਾ ਖੜਕ ਸਿੰਘ ਦੀ ਮੌਤ ਹੋਈ, ਤੇ ਕਿੰਨੇ ਹੀ ਇਤਿਹਾਸਕਾਰ ਸੰਕੇਤ ਕਰਦੇ ਹਨ ਕਿ ਇਹ ਮੌਤ ਵੀ ਕੁਦਰਤੀ ਨਹੀਂ। ਮਹਾਰਾਜਾ ਖੜਕ ਸਿੰਘ ਦੀ ਚਿਤਾ ਮੱਚ ਰਹੀ ਸੀ ਕਿ ਅੰਤਮ ਸੰਸਕਾਰ ਪਿਛੋਂ ਮੁੜਦੇ ਹੋਏ ਕੰਵਰ ਨੌਨਿਹਾਲ ਸਿੰਘ ਉਤੇ ਸਾਜਸ਼ੀਆਂ ਨੇ ਦਰਵਾਜ਼ੇ ਦਾ ਛੱਜਾ ਡੇਗ ਦਿਤਾ ਤੇ ਅਗਲੇ ਦਿਨ ਉਸਦੀ ਮੌਤ ਦੀ ਖਬਰ ਵੀ ਸਾਰੇ ਰਾਜ ਵਿਚ ਫੈਲ ਗਈ। ਫੇਰ ਰਾਣੀ ਚੰਦ ਕੌਰ ਦੀ ਹਤਿਆ ਗੋਲੀਆਂ ਪਾਸੋਂ ਕਰਾਈ ਗਈ, ਉਸ ਤੋਂ ਪਿਛੋਂ ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪ੍ਰਤਾਪ ਸਿੰਘ ਨੂੰ ਸੰਧਾਂਵਾਲੀਏ ਸਰਦਾਰਾਂ ਅਜੀਤ ਸਿੰਘ ਤੇ ਲਹਿਣਾ ਸਿੰਘ ਨੇ ਚਿਟੇ ਦਿਨ ਕਤਲ ਕਰ ਦਿਤਾ। ਸੰਧਾਂਵਾਲੀਆਂ ਹਥੋਂ ਸਾਜਸ਼ੀ ਧਿਆਨ ਸਿੰਘ ਡੋਗਰਾ ਵੀ ਮਾਰਿਆ ਗਿਆ। ਰਾਜਾ ਹੀਰਾ ਸਿੰਘ ਧਿਆਨ ਸਿੰਘ ਦਾ ਪੁਤਰ ਸੰਧਾਂਵਾਲੀਆਂ ਦਾ ਕਾਤਲ ਬਣਿਆ ਤੇ ਓਸੇ ਨੇ ਸੰਤ ਬਾਬਾ ਵੀਰ ਸਿੰਘ ਤੇ ਕੰਵਰ ਪਿਸ਼ੌਰਾ ਸਿੰਘ ਦੀ ਹਤਿਆ ਕੀਤੀ। ਤਿਲੰਗੇ ਉਸਤੇ ਨਾਰਾਜ਼ ਹੋ ਗਏ ਤੇ ਓਸਨੂੰ ਪੰਡਿਤ ਜਲ੍ਹੇ ਸਮੇਤ ਪਾਰ ਬੁਲਾਕੇ ਸ੍ਰ: ਜਵਾਹਰ ਸਿੰਘ ਰਾਣੀ ਜਿੰਦਾਂ ਦੇ ਭਰਾ ਨੂੰ ਵਜ਼ੀਰ ਬਣਾਇਆ ਗਿਆ। ਉਸ ਉਤੇ ਕੰਵਰ ਕਸ਼ਮੀਰਾ ਸਿੰਘ ਦਾ ਦੂਸ਼ਨ ਲਾਇਆ ਗਿਆ ਤੇ ਰਾਣੀ ਜਿੰਦਾਂ ਦੇ ਸਾਹਮਣੇ ਉਸਦੇ ਟੁਕੜੇ ਕਰ ਦਿਤੇ ਗਏ। ਹੁਣ ਸਰਦਾਰਾਂ ਨੇ

ਸਮਝ ਲਿਆ ਕਿ ਬੁਰਛਾ ਗਰਦੀ ਨੇ ਆਪਣੀਆਂ ਆਖਰੀ ਹੱਦਾਂ ਛੂਹ ਲਈਆਂ ਹਨ ਤੇ ਉਹ ਲਹੌਰ ਛਡਕੇ ਘਰੋ ਘਰੀ ਜਾ ਬੈਠੇ।

ਇਹ ਸਾਰੇ ਦੁਖਾਂਤ ਨਜ਼ਾਰੇ ਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਸਨ ਤੇ ਏਸੇ ਲਈ ਜਦ ਅੰਗਰੇਜ਼ਾਂ ਵਲੋਂ ਛੇੜਖਾਨੀ ਹੋਣ ਤੇ ਸਿਖ ਫੌਜਾਂ ਨੇ ਸਤਿਲੁਜ ਨੂੰ ਹਰੀਕੇ ਪਤਣੋਂ ਪਾਰ ਕੀਤਾ, ਤਾਂ ਸਾਫ ਕਹਿ ਦਿਤਾ ਕਿ ਸ਼ਗਨ ਮਾੜੇ ਹਨ ਅਤੇ ਤਬਾਹੀ ਤੋਂ ਬਿਨਾਂ ਹੋਰ ਕੋਈ ਨਤੀਜਾ ਨਿਕਲਦਾ ਨਹੀਂ ਜਾਪਦਾ। ਸਤਿਲੁਜ ਵਿਚ ਹੀ ਆਪਣੇ ਹਥਿਆਰ ਸੁਟਕੇ ਉਹ ਭੈਣੀ ਸਾਹਿਬ ਆ ਗਏ ਅਤੇ ਆਪਣੇ ਆਪਨੂੰ ਇਕ ਮਹਾਨ ਵਡੇ ਮਿਸ਼ਨ ਦੀ ਪੂਰਤੀ ਲਈ ਤਿਆਰ ਕਰਨ ਲਗ ਪਏ। ਉਹਨਾਂ ਨੂੰ ਪਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸਪ੍ਰਿਟ ਅਤੇ ਸੀਰਤ ਦੇ ਜ਼ਿੰਦਾ ਹੋਏ ਬਿਨਾਂ ਸਿਖਾਂ ਲਈ ਆਪਣੇ ਪੈਰਾਂ ਉਤੇ ਖਲੋਣਾ ਔਖਾ ਹੈ। ਅੰਗਰੇਜ਼ਾਂ ਨਾਲ ਹੋਈਆਂ ਜੰਗਾਂ ਵਿਚ ਜਿਵੇਂ ਗ਼ੱਦਾਰ ਜਰਨੈਲਾਂ ਅਤੇ ਸਰਦਾਰਾਂ ਦੇ ਵਿਸਾਹਘਾਤ ਦੇ ਕਾਰਨ ਸਿਖਾਂ ਨੂੰ ਹਾਰ ਹੋਈ ਤੇ ਸਤਿਲੁਜ ਦੀਆਂ ਲਹਿਰਾਂ ਵਿਚ ਹਜ਼ਾਰਾਂ ਸਿਖ ਸਿਪਾਹੀ ਜਿਸਤਰਾਂ ਗੋਰਿਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ, ਇਹ ਸਾਰੇ ਸਮਾਚਾਰ ਖ਼ੂਨ ਦੇ ਅਥਰੂ ਰੁਆਉਣ ਵਾਲੇ ਹਨ। ਚੇਲੀਆਂ ਵਾਲਾ ਦੀ ਲੜਾਈਦੀਜਿਤ ਪਿਛੋਂ ਗੁਜਰਾਤ ਦੀ ਲੜਾਈ ਵਿਚ ਸਿਖਾਂ ਨੂੰ ਅੰਤਮ ਹਾਰ ਹੋਈ ਤੇ ਇਸ ਹਾਰ ਦੇ ਨਾਲ ਹੀ ਸਿਖ ਰਾਜ ਦਾ ਅੰਤ ਹੋ ਗਿਆ।

ਸਿਖ ਰਾਜ ਦੇ ਇੰਜ ਹੋਏ ਅੰਤ ਨੇ ਦੁਖੀ ਤਾਂ ਹਰ ਅਣਖੀਲੇ ਸਿਖ ਨੂੰ ਕੀਤਾ ਹੋਇਆ ਸੀ, ਪਰ ਗੁਰੂ ਰਾਮ ਸਿੰਘ ਜੀ ਤਾਂ ਬਹੁਤ ਵਧੇਰੇ ਦੁਖੀ ਸਨ। ਉਹਨਾਂ ਨੂੰ ਬਾਰ ਬਾਰ ਚੇਤਾ ਆ ਰਿਹਾ ਸੀ ਕਿ ਧਰਮ ਦਾ ਰਾਜ ਸਥਾਪਤ ਕਰਨ ਲਈ ਪੰਚਮ ਸਤਿਗੁਰੂ ਤੇ ਨਾਵੇਂ ਸਤਿਗੁਰੂ ਜੋਤਾਂ ਨੇ ਬਲੀਦਾਨ ਦਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਨਮਿਤ ਸਰਬੰਸ ਹੋਮ ਕਰ ਗਏ। ਉਸਤੋਂ ਪਿਛੋਂ ਬਾਬਾ ਬੰਦਾ ਤੇ ਉਹਨਾਂ ਦੇ ੭੦੦ ਸਾਥੀ ਸਿੰਘ ਤਸੀਹੇ ਝੱਲਕੇ ਦਿਲੀ ਵਿਚ ਸ਼ਹੀਦ ਹੋਏ। ਸਿੰਘਾਂ ਦੇ ਸਿਰਾਂ ਉਤਦੀ ਦੋ ਮਹਾਨ ਘਲੂਘਾਰੇ ਲੰਘੇ ਤੇ ੧੭੯੯ ਵਿਚ ਮਸਾਂ ਕਿਤੇ ਸਿੰਘ ਪੰਜਾਬ ਦੀ ਕਿਸਮਤ ਦੇ ਮਾਲਕ ਬਣੇ। ਸ਼ੇਰਿ-ਪੰਜਾਬ ਨੇ ਰਾਜ ਵਿਸਤਾਰਨ ਲਈ ਅਨੇਕ ਲੜਾਈਆਂ ਲੜੀਆਂ ਪਰ ਜਦ ਉਹ ਰਾਜ ਖੈਬਰ ਤੋਂ ਲੈਕੇ ਸਤਿਲੁਜ ਪਾਰ ਤੀਕ ਪਸਰ ਗਿਆ ਤਾਂ ਉਨ੍ਹਾਂ ਦੀ ਮੌਤ ਦੇ ਨਾਲ ਹੀ ਸਾਰੀ ਖੇਡ ਵਿਗੜ ਗਈ। ਕੌਣ ਅੰਦਾਜ਼ਾ ਲਾ ਸਕਦਾ ਹੈ ਕਿ ਸਿਖ ਰਾਜ ਕਾਇਮ ਕਰਨ ਤੇ ਉਸਨੂੰ ਵਿਸਤਾਰਨ ਲਈ ਕਿੰਨੇ ਗੁਰੂ ਕੇ ਪਿਆਰਿਆਂ ਨੇ ਆਪਣੀਆਂ ਜਵਾਨੀਆਂ ਹੋਮ ਕੀਤੀਆਂ ਸਨ। ਇਹ ਸਾਰੀਆਂ ਬੇ ਮਿਸਾਲ ਕੁਰਬਾਨੀਆਂ ਜਦ ਮਿਟੀ ਵਿਚ ਮਿਲ ਗਈਆਂ ਅਤੇ ਸਿਖ ਰਾਜ ਵੀ ਨ ਰਿਹਾ ਤਾਂ ਕਿਸੇ ਦਿਲ ਵਾਲੇ ਸਿਖ ਮਹਾਂ ਪੁਰਸ਼ ਲਈ ਚੁਪ ਰਹਿਣਾ ਔਖਾ ਹੋ ਗਿਆ। ਗੁਰੂ ਰਾਮ ਸਿੰਘ ਜੀ ਵੀ ਬੜੇ ਦੁਖੀ ਸਨ। ਉਹਨਾਂ ਦੇ ਸਾਹ-ਮਣੇ ਉਹਨਾਂ ਸਿਖ ਸਰਦਾਰਾਂ ਨੂੰ ਗ੍ਰਿਫਤਾਰ ਕਰਨ ਪਿਛੋਂ ਦੂਰ ਦੁਰਾਡੇ ਥਾਈਂ ਨਜ਼ਰਬੰਦ ਕਰ ਦਿਤਾ ਗਿਆ ਸੀ, ਜਿੰਨਾਂ ਅੰਗਰੇਜ਼ਾਂ ਵਿਰੁਧ ਲੜੀਆਂ ਗਈਆਂ ਜੰਗਾਂ ਵਿਚ ਮੋਹਰੀ ਹੋਕੇ ਹਿੱਸਾ ਲਿਆ ਉਹਨਾਂ ਦੀਆਂ ਪੰਜਾਬ ਵਿਚਲੀਆਂ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ ਤੇ ਜਿਥੇ ਕਿਥੇ ਵੀ ਉਹਨਾਂ ਦੀਆਂ ਗੜ੍ਹੀਆਂ ਸਨ, ਢਾਹਕੇ ਮਲਬੇ ਦਾ ਢੇਰ ਬਣਾ ਦਿਤੀਆਂ ਗਈਆਂ। ਹਦ ਇਹ ਸੀ ਕਿ ਭਾਈ ਮਹਾਰਾਜ ਸਿੰਘ ਵਰਗੇ ਸੰਤ ਸਿਪਾਹੀ ਨੂੰ ਗ੍ਰਿਫਤਾਰ ਕਰਕੇ ਅਤੇ ਸੰਗਲਾਂ ਬੇੜੀਆਂ ਵਿਚ ਜਕੜਕੇ ਪਹਿਲਾਂ ਕਲਕਤੇ ਤੇ ਫੇਰ ਸਿੰਘਾਪੁਰ ਭੇਜ ਦਿਤਾ ਗਿਆ, ਜਿਥੇ ਨਵੀਂ ਜੇਲ੍ਹ ਵਿਚ ਅੰਨ੍ਹੀ ਕੋਠੜੀ ਵਿਚ ਬੰਦ ਰਹਿਕੇ ਨੈਣਾਂ ਦੀ ਜੋਤ ਗੁਆ ਬੈਠੇ ਤੇ ਉਹਨਾਂ ਦੀਆਂ ਲਤਾਂ ਪੈਰਾਂ ਵਿਚ ਦੋ ਕਦਮ ਤੁਰਨ ਦੀ ਆਸੰਙ ਵੀ ਨਾ ਰਹੀ ਅਤੇ ਅੰਤ ਜੇਲ੍ਹ ਵਿਚ ਹੀ ਪ੍ਰਾਣ ਤਿਆਗ ਦਿਤੇ।

ਸਿਖ ਰਾਜ ਦੇ ਅੰਤ ਪਿਛੋਂ ਜਦ ਕਾਲਿਆਂ ਨੇ ਸੰਨ ੧੮੫੭ ਵਿਚ ਗਦਰ ਕੀਤਾ, ਤਾਂ ਪੰਜਾਬ ਵਿਚ ਉਸ ਵੇਲੇ ਕੂਕਾ ਲਹਿਰ ਦਾ ਕਾਫ਼ੀ ਜ਼ੋਰ

ਚੁਕਾ ਸੀ। ਸਿਖਾਂ ਦੀ ਵਡੀ ਭਾਰੀ ਗਿਣਤੀ ਗੁਰੂ ਰਾਮ ਸਿੰਘ ਜੀ ਦੇ ਉਦਾਲੇ ਆ ਜੁੜੀ ਅਤੇ ਲਗ ਪਗ ਵਡੇ ਸਿਖ ਘਰਾਣੇ ਉਹਨਾ ਦੇ ਅਸਰ ਥਲੇ ਆ ਗਏ। ਪਰ ਜਦੋਂ ਅੰਗਰੇਜ਼ੀ ਸਰਕਾਰ ਨੇ ਇਹ ਸਮਝ ਲਿਆ ਕਿ ਗੁਰੂ ਰਾਮ ਸਿੰਘ ਸਿਖਾਂ ਨੂੰ ਇਕ ਪਾਸੇ ਸਿਖੀ ਦਾ ਰਸਤਾ ਵਿਖਾਉਣ ਦੇ ਨਾਲ ਉਹਨਾਂ ਵਿਚ ਆਜ਼ਾਦੀ ਲਈ ਤੜਪ ਵੀ ਪੈਦਾ ਕਰ ਰਹੇ ਹਨ, ਤਾਂ ਦੇਸੀ ਰਿਆਸਤਾਂ ਦੇ ਸਿਖ ਰਾਜੇ, ਡੇਰੇ-ਦਾਰ, ਸੰਤ ਮਹੰਤ, ਵਡੇ ਗੁਰਦਵਾਰਿਆਂ ਅਤੇ ਤਖਤਾਂ ਦੇ ਪੁਜਾਰੀ ਵੀ ਕੂਕਾ ਲਹਿਰ ਦੀ ਵਿਰੋਧਤਾ ਕਰਨ ਲਈ ਤਤਪਰ ਹੋ ਗਏ। ਕਿੰਨਾਂ ਹਨੇਰ ਸੀ ਕਿ ਉਹ ਪੁਜਾਰੀ ਅਤੇ ਮਹੰਤ ਜਿਹੜੇ ਆਪ ਸਿਖੀ ਮਰਯਾਦਾ ਦਾ ਤਿਆਗ ਕਰਕੇ ਬ੍ਰਹਿਮਣੀ ਸਨਾਤਨ ਧਰਮ ਵਿਚ ਪਰਵੇਸ਼ ਕਰ ਚੁਕੇ ਸਨ, ਉਹ ਗੁਰੂ ਰਾਮ ਸਿੰਘ ਜੀ ਵਿਰੁਧ ਫ਼ਤਵੇ ਜਾਰੀ ਕਰ ਰਹੇ ਹਨ। ਉਹ ਆਖਦੇ ਸਨ ਕਿ ਗੁਰੂ ਰਾਮ ਸਿੰਘ ਜੀ ਤਨ-ਖਾਹੀਏ ਹਨ ਅਤੇ ਉਹਨਾਂ ਨੇ ਉਸ ਵੇਲੇ ਅਰਦਾਸ ਕਰਨ ਤੋਂ ਵੀ ਇਨਕਾਰ ਕਰ ਦਿਤਾ, ਜਦ ਗੁਰੂ ਜੀ ਅੰਮ੍ਰਿਤਸਰ ਸ੍ਰੀ ਅਕਾਲ ਤਖਤ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਲੈਕੇ ਹਾਜ਼ਰ ਹੋਏ। ਸ੍ਰੀ ਅਨੰਦ ਪੁਰ ਸਾਹਿਬ ਦੇ ਪੁਜਾਰੀਆਂ ਨੇ ਨਿਹੰਗ ਸਿੰਘਾਂ ਨੂੰ ਆਪਣੀ ਸਹਾਇਤਾ ਲਈ ਮੰਗਵਾਕੇ ਫਸਾਦ ਕਰਨ ਦਾ ਮਤੱਕਾ ਬੰਨ੍ਹਿਆਂ ਅਤੇ ਸਰਕਾਰੀ ਕਰਮ-ਚਾਰੀਆਂ ਨੇ ਝੂਠੀਆਂ ਰਿਪੋਰਟਾਂ ਭੇਜ ਭੇਜਕੇ ਅੰਗ-ਰੇਜ਼ੀ ਹਾਕਮਾਂ ਦਾ ਰੋਹ ਹੋਰ ਭਖਾਇਆ।

ਗੁਰੂ ਰਾਮ ਸਿੰਘ ਜੀ ਸਿਖਾਂ ਵਿਚ ਦੇਸ਼ ਭਗਤੀ ਅਤੇ ਸਿੰਘ-ਤਵ ਦਾ ਜਜ਼ਬਾ ਭਰਨ ਦੇ ਨਾਲ ਉਹਨਾਂ ਵਿਚ ਸਵੱਛ ਰਹਿਣੀ ਦਾ ਸ਼ੌਕ ਵੀ ਜਗਾ ਰਹੇ ਸਨ। ਹਰ ਨਾਮਧਾਰੀ ਸਿੰਘ ਧੁਪੇ ਹੋਏ ਸਾਫ ਸੁਥਰੇ ਬਸਤਰ ਪਹਿਨਦਾ ਤੇ ਹਥ ਵਿਚ ਦੇਸ ਲਈ ਤਕੜਾ ਨਿਗਰ ਸੋਟਾ ਰਖਦਾ, ਕਿ ਉਸ ਵੇਲੇ ਅੰਗਰੇਜ਼ੀ ਸਰਕਾਰ ਨੇ ਕ੍ਰਿਪਾਨ ਉਤੇ ਪਾਬੰਦੀ ਲਾਈ ਹੋਈ ਸੀ। ਕੁਝ ਸਿੰਘਾਂ ਨੂੰ ਰਿਆਸਤ ਜੰਮੂ ਤੇ ਕਸ਼ਮੀਰ ਵਿਚ ਇਸ ਲਈ ਭਰਤੀ ਕਰਵਾਇਆ ਕਿ ਉਹਨਾਂ ਨੂੰ ਸ਼ਸਤ੍ਰ ਅਭਿਆਸ ਬਾਰੇ ਲੋੜੀਂਦੀ ਸਿਖਿਆ ਮਿਲੇ। ਮਲੇਰ ਕੋਟਲੇ ਵਿਚ ਸਭ ਤੋਂ ਮੋਹਰੇ ਹੋਕੇ ਸ਼ਹੀਦ ਹੋਣ ਵਾਲੇ ਸ੍ਰ: ਹੀਰਾ ਸਿੰਘ ਸਕਰੌਦੀ ਵਾਲੇ ਉਨਾਂ ਸਿੰਘਾਂ ਦੇ ਜਥੇਦਾਰ ਸਨ ਤੇ ਅਜੇ ਉਹਨਾਂ ਦੀ ਅਗਵਾਈ ਵਿਚ ਕੂਕਾ ਪਲਟਣ ਬਣੀ ਨੂੰ ਬਾਹਲਾ ਸਮਾਂ ਨਹੀਂ ਸੀ ਹੋਇਆ ਕਿ ਅੰਗਰੇਜ਼ੀ ਮਾਉਂਟ ਪਾਵਰ ਸਰਕਾਰ ਦੀ ਹਦਾਇਤ ਅਨੁਸਾਰ ਉਹ ਪਲਟਨ ਤੋੜ ਦਿਤੀ ਗਈ ਤੇ ਸਿੰਘ ਆਪੋ ਆਪਣੇ ਘਰੀਂ ਮੁੜ ਆਏ। ਇਸਦਾ ਮਤ-ਲਬ ਇਹ ਹੈ ਕਿ ਗੁਰੂ ਰਾਮ ਸਿੰਘ ਜੀ ਬੜੀ ਦੂਰ ਦਰਸ਼ਤਾ ਨਾਲ ਆਜ਼ਾਦੀ ਦਾ ਮਹਾਨ ਸੰਗਰਾਮ ਲੜਨ ਲਈ ਇਕ ਬਾਕਾਇਦਾ ਪਲੈਨ ਬਣਾਕੇ ਆਪਣੀ ਲਹਿਰ ਨੂੰ ਅਗਾਂਹ ਲਿਜਾ ਰਹੇ ਸਨ।

ਇਸ ਲਹਿਰ ਦੇ ਅਰੰਭ ਵਿਚ ਹੀ ਉਹਨਾਂ ਨੇ ਸਿਖਾਂ ਨੂੰ ਆਖਿਆ ਕਿ ਉਹ ਨ ਤਾਂ ਬਦੇਸ਼ੀ ਪਹਿ-ਰਾਵਾ ਤੇ ਕਪੜੇ ਪਹਿਨਣ ਤੇ ਨਾ ਹੀ ਅੰਗਰੇਜ਼ੀ ਸਰਕਾਰ ਨਾਲ ਕਿਸੇ ਵੀ ਥਾਂ ਮਿਲਵਰਤਣ ਕਰਨ। ਹਦ ਇਹ ਸੀ ਕਿ ਨਹਿਰਾਂ ਜਾਰੀ ਹੋਣ ਸਮੇ ਨਾਮ-ਧਾਰੀਆਂ ਨੇ ਨਹਿਰੀ ਪਾਣੀ ਲੈਣ ਤੋਂ ਵੀ ਇਨ-ਕਾਰ ਕਰ ਦਿਤਾ। ਸਫਰ ਕਰਨ ਵੇਲੇ ਉਹ ਰੇਲ ਗਡੀਆਂ ਉਤੇ ਵੀ ਨਹੀਂ ਚੜ੍ਹਦੇ ਸਨ ਤੇ ਉਹਨਾਂ ਦਾ ਡਾਕ ਦਾ ਪ੍ਰਬੰਧ ਵੀ ਆਪਣਾ ਹੀ ਸੀ। ਜ਼ਿਲਿਆਂ ਦੇ ਇਲਾਕਿਆਂ ਵਾਰ ਏਸ ਲਈ ਸੂਬੇ ਨਿਯੁਕਤ ਕੀਤੇ ਗਏ ਕਿ ਆਪੋ ਆਪਣੇ ਇਲਾ-ਕਿਆਂ ਵਿਚ ਸਿਖੀ ਦਾ ਪਰਚਾਰ ਵੀ ਕਰਨ ਅਤੇ ਸਿਖਾਂ ਵਿਚ ਦੇਸ਼ ਭਗਤੀ ਦੀ ਸਪ੍ਰਿਟ ਪੈਦਾ ਕਰਕੇ ਉਹਨਾਂ ਨੂੰ ਦੇਸ਼ ਨੂੰ ਆਜ਼ਾਦ ਕਰਨ ਵਾਲੇ ਸਚੇ ਸੰਗਰਾਮੀਏ ਬਣਾਉਣ। ਨਾਮਧਾਰੀ ਸਿੰਘ ਸਰ-ਕਾਰੀ ਸਕੂਲਾਂ ਵਿਚ ਆਪਣੇ ਬਚਿਆਂ ਨੂੰ ਪੜ੍ਹਾਉਣ ਤੋਂ ਏਸ ਲਈ ਸੰਕੋਚ ਕਰਦੇ ਸਨ ਕਿ ਉਹ ਬਦੇਸ਼ੀ ਸਭਿਅਤਾ ਅਤੇ ਸਭਿਆਚਾਰ ਦੇ ਅਸਰ ਥਲੇ ਚਲੇ ਜਾਣਗੇ ਅਤੇ ਇੰਜ ਉਹ ਪੰਜਾਬੀਅਤ ਦੀ ਸ਼ਾਨ ਗੁਆ ਬੈਠਣਗੇ। ਉਹਨਾਂ ਨੇ ਥਾਣਿਆਂ ਅਤੇ ਕਚਹਿਰੀਆਂ ਦਾ ਵੀ ਬਾਈਕਾਟ ਕੀਤਾ ਤੇ ਇਹ

ਫੈਸਲਾ ਵੀ ਕਰ ਲਿਆ ਕਿ ਆਪਣੇ ਸਾਰੇ ਝਗੜੇ ਉਹ ਆਪਣੀ ਨਾਮਧਾਰੀ ਸੰਗਤ ਵਿਚ ਹੀ ਨਜਿ- ਠਣਗੇ। ਜਿਹੜਾ ਝਗੜਾ ਲੰਮਾ ਹੋ ਜਾਂਦਾ ਜਾਂ ਪੇਚੀਦਾ ਸਹੀ ਹੁੰਦਾ ਸੀ ਉਹ ਇਲਾਕੇ ਦੇ ਸੂਬੇ ਪਾਸ ਚਲਾ ਜਾਂਦਾ ਸੀ ਤੇ ਜੇ ਓਥੇ ਵੀ ਤਸੱਲੀ ਭਰਪੂਰ ਫੈਸਲਾ ਨਹੀਂ ਹੁੰਦਾ ਸੀ, ਤਾਂ ਉਸ ਨੂੰ ਗੁਰੂ ਜੀ ਚੁਟਕੀ ਵਜਾਉਣ ਜਿੰਨੇ ਸਮੇ ਵਿਚ ਕਰ ਦੇਂਦੇ ਸਨ।

ਸਰਕਾਰੀ ਨੌਕਰ ਸ਼ਾਹੀ, ਰਿਆਸਤਾਂ ਦੇ ਰਾਜਿਆਂ ਤੇ ਮਹੰਤਾਂ ਪੁਜਾਰੀਆਂ ਦੀ ਧੂੰਆਂ ਧਾਰ ਵਿਰੋਧਤਾ ਦੇ ਹੁੰਦਿਆਂ ਵੀ ਨਾਮਧਾਰੀ ਲਹਿਰ ਦਾ ਪਸਾਰ ਤੇ ਪਰਚਾਰ ਪਰਸਾਰ ਪੂਰੀ ਤੇਜੀ ਨਾਲ ਹੋ ਰਿਹਾ ਸੀ। ਚੁੰਬਕ ਪੱਥਰ ਜਿਵੇਂ ਲੋਹੇ ਨੂੰ ਆਪਣੀ ਵਲ ਖਿਚਦਾ ਹੈ ਏਸੇਤਰਾਂ ਗੁਰੂ ਰਾਮ ਸਿੰਘ ਜੀ ਦੀ ਮਹਾਨ ਧਾਰਮਿਕ ਵਿਅਕਤੀ ਸਿਖ ਸੰਗਤਾਂ ਨੂੰ ਆਪਣੀ ਵਲ ਖਿਚ ਰਹੀ ਸੀ। ਜਦ ਉਹ ਸੋਹਣੀ ਚੀਨੀ ਘੋੜੀ ਉਤੇ ਸਵਾਰ ਹੋਕੇ ਆਪਣੇ ਸੂਬਿਆਂ ਸਣੇ ਦੌਰੇ ਉਤੇ ਹੁੰਦੇ ਸਨ ਤਾਂ ਉਹਨਾਂ ਦੀ ਸ਼ਾਨ ਵੇਖਣ ਵਾਲੀ ਹੁੰਦੀ ਸੀ। ਉਹ ਆਪ ਸੋਹਣਾ ਬਣਦਾ ਫਬਦਾ ਲਿਬਾਸ ਪਹਿਨਦੇ ਸਨ ਤੇ ਕਿਉਂਕਿ ਉਹਨਾਂ ਦਾ ਕਦ ਬੁਤ ਤੇ ਨਕ ਨਕਸ਼ਾ ਵੀ ਮਹਾਨ ਪ੍ਰਭਾਵ ਪਾਉਣ ਵਾਲਾ ਹੁੰਦਾ ਸੀ, ਏਸ ਲਈ ਨਾਮ ਰਸ ਲੀਨ ਉਹਨਾਂ ਦੀ ਮਹਾਨ ਵਿਅਕਤੀ ਹਰ ਕਿਸੇ ਨੂੰ ਪ੍ਰਭਾਵਤ ਕਰਦੀ ਸੀ। ਅਨੇਕ ਉਹ ਲੋਕ ਜਿਹੜੇ ਉਹਨਾਂ ਦੇ ਏਸ ਡੂੰਘੇ ਪ੍ਰਭਾਵ ਨੂੰ ਜਾਨਣ ਪਰਖਣ ਲਈ ਉਹਨਾਂ ਦੀ ਸੇਵਾ ਵਿਚ ਜਾਂਦੇ, ਉਹਨਾਂ ਦੀ ਤੱਕ ਪੈਣ ਸਾਰ ਕੀਲੇ ਜਾਂਦੇ ਅਤੇ ਉਹ ਅਨੁਭਵ ਕਰਦੇ ਕਿ ਸਾਡੀ ਕਾਇਆਂ ਹੀ ਪਲਟ ਗਈ ਹੈ। ਉਹ ਆਪ ਧੁਰੋਂ ਮਸਤੀ ਦੀ ਦਾਤ ਲੈਕੇ ਸਾਡੀ ਏਸ ਦੁਨੀਆਂ ਵਿਚ ਆਏ ਸਨ ਅਤੇ ਜਿਹੜਾ ਵੀ ਉਹਨਾਂ ਦੀ ਚਰਨ ਰਜ ਪ੍ਰਾਪਤ ਕਰਦਾ ਸੀ ਮਸਤਾਨਾ ਹੋ ਜਾਂਦਾ ਸੀ। ਕਬੀਰ ਜੀ ਦੇ ਸ਼ਬਦਾਂ ਵਿਚ ਜਦ ਉਸ ਸੂਰਮੇ ਸਤਿਗੁਰੂ ਦਾ ਬਚਨ ਰੂਪੀ ਇਕ ਬਾਣ ਰਸੀਲੇ ਬੁਲ੍ਹਾਂ ਦੀ ਕਮਾਨ ਵਿਚੋਂ ਨਿਕਲਦਾ ਸੀ ਤਾਂ ਉਹ ਜਿਸਨੂੰ ਲਗ ਜਾਂਦਾ ਸੀ,ਉਸਦਾ ਕਲੇਜਾਵਿੰਨ੍ਹੀਜਕੇ ਛੇਕੋ ਛੇਕ ਹੋ ਜਾਂਦਾ ਸੀ। ਡਾਕੂ, ਚੋਰ ਅਤੇ ਅਨੇਕ ਜੁਰਮ ਕਰਨ ਵਾਲੇ ਜਦ ਉਹਨਾਂ ਦੀ ਸਤਿ ਸੰਗਤ ਵਿਚ ਆ ਗਏ, ਤਾਂ ਉਹ ਸਚੇ ਸੰਤ ਬਣ ਗਏ। ਗੁਰੂ ਗੋਬਿੰਦ ਸਿੰਘ ਜੀ ਦੀ ਦਸੀ ਹੋਈ ਉਹ ਰਹਿਤ ਮਰਯਾਦਾ, ਜਿਹੜੀ ਸਿਖ ਵਿਸਾਰ ਚੁਕੇ ਸਨ, ਨਵੇਂ ਸਿਰੇ ਸੁਰਜੀਤ ਹੋਈ। ਧਰਮਸਾਲਾਂ ਤੇ ਗੁਰਦਵਾਰੇ, ਜਿਨ੍ਹਾਂ ਨੂੰ ਬੰਦ ਕਰ ਦਿਤਾ ਗਿਆ ਸੀ, ਇਸ ਲਹਿਰ ਦੇ ਅਸਰ ਨਾਲ ਖੁਲ੍ਹ ਗਏ। ਉਹਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਤੇ ਉਹਨਾਂ ਦੇ ਦਰ ਦੀਵਾਰਾਂ ਗੁਰੂ ਸ਼ਬਦਾਂ ਦੀਆਂ ਧੁਨਾਂ ਨਾਲ ਗੂੰਜ ਉਠੀਆਂ।

ਜਦੋਂ ਕਦੇ ਗੁਰੂ ਜੀ ਆਪ ਦੌਰੇ ਉਤੇ ਹੁੰਦੇ ਉਹ ਸਭ ਤੋਂ ਪਹਿਲਾਂ ਪਿੰਡ ਦੇ ਗੁਰਦਵਾਰੇ ਵਿਚ ਜਾਂਦੇ ਤੇ ਜੇ ਉਹ ਬੰਦ ਹੁੰਦਾ ਤਾਂ ਉਸਨੂੰ ਖੋਲ੍ਹਕੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ। ਉਹਨਾਂ ਨੇ ਆਲਿਆਂ ਅਤੇ ਹਾਰਿਆਂ ਵਿਚ ਰਖੇ ਹੋਏ ਗੁਰੂ ਗ੍ਰੰਥ ਸਾਹਿਬ ਆਪ ਬੜੇ ਸਤਿਕਾਰ ਨਾਲ ਆਪਣੀ ਦਸਤਾਰ ਨਾਲ ਝਾੜੇ ਤੇ ਉਹਨਾਂ ਦਾ ਪ੍ਰਕਾਸ਼ ਕਰਾਇਆ। ਹਰ ਥਾਂ ਦੀ ਸੰਗਤ ਨੂੰ ਇਹ ਤਾਕੀਦ ਕੀਤੀ ਜਾਂਦੀ ਕਿ ਉਹ ਨਿਤ ਗੁਰਦਵਾਰੇ ਹਾਜ਼ਰ ਹੋਕੇ ਜੋਟੀਆਂ ਅਤੇ ਹਲੇ ਦੇ ਸ਼ਬਦ ਪੜ੍ਹੇ। ਇੰਜ ਥਾਂ ਥਾਂ ਜਦ ਦੀਵਾਨ ਸਜਣ ਲਗੇ ਤੇ ਸਿਖਾਂ ਵਿਚ ਏਕਤਾ ਅਤੇ ਜਥੇਬੰਦੀ ਦਾ ਪਰਚਾਰ ਹੋਇਆ, ਤਾਂ ਅੰਗਰੇਜ਼ ਹਾਕਮਾਂ ਨੂੰ ਹੋਰ ਵੀ ਪਿਸੂ ਪਏ ਤੇ ਉਹਨਾਂ ਨੇ ਪੁਲੀਸ ਤੇ ਰਾਜ ਦੇ ਦੂਜੇ ਕਰਮਚਾਰੀਆਂ ਨੂੰ ਤਾਕੀਦ ਕੀਤੀ ਕਿ ਏਸ ਉਠ ਰਹੀ ਨਵੀਂ ਸਿਖ ਲਹਿਰ ਨੂੰ ਹਰ ਹੀਲਾ ਵਰਤਕੇ ਦਬਾ ਦਿਤਾ ਜਾਏ।

ਪੰਜਾਬ ਦੇ ਹਰ ਹਿਸੇ ਵਿਚ ਜਿਥੇ ਵੀ ਸਿਖ ਸਨ, ਇਸ ਲਹਿਰ ਦਾ ਅਸਰ ਹੋਇਆ। ਲੋਕ ਆਪ ਮੁਹਾਰੇ ਗੁਰੂ ਰਾਮ ਸਿੰਘ ਜੀ ਦੇ ਅਮਨ ਏਕਤਾ ਅਤੇ ਸੁਹਿਰਦਤਾ ਦੇ ਪਰਤੀਕ ਸਫੈਦ ਝੰਡੇ ਹੇਠਾਂ ਆ ਖੜੇ ਹੋਏ। ਸਿਖਾਂ ਦੀ ਨਿਤ ਚੜ੍ਹਦੀ

ਕਲਾ ਨੂੰ ਵੇਖਕੇ ਅੰਗਰੇਜ਼ ਕੰਬ ਉਠਿਆ। ਉਸਨੇ ਪੰਜਾਬ ਵਿਚ ਪੈਰ ਧਰਨ ਸਾਰ ਸਿਖ ਰਵਾਇਤਾਂ, ਸਿਖ ਇਤਿਹਾਸ ਅਤੇ ਸਿਖਾਂ ਦੇ ਸੁਭਾਅ ਦਾ ਅਧਿਐਨ ਬੜੀ ਬਾਰੀਕੀ ਨਾਲ ਕਰਨਾ ਸ਼ੁਰੂ ਕਰ ਦਿਤਾ ਸੀ। ਉਹ ਜਾਣਦਾ ਸੀ ਕਿ ਜੇ ਸਿਖਾਂ ਵਿਚ ਦਸਮੇਸ਼ ਜੀ ਦੀ ਬਖਸ਼ੀ ਹੋਈ ਸਪ੍ਰਿਟ ਸਿੰਚਤ ਹੋ ਗਈ ਤੇ ਉਹ ਆਪਣੇ ਇਕ ਮਹਾਨ ਆਗੂ ਦੀ ਕਮਾਨ ਵਿਚ ਜਥੇਬੰਦ ਹੋ ਗਏ, ਤਾਂ ਉਸਦੀ ਬਦੇਸ਼ੀ ਹਕੂਮਤ ਦੀਆਂ ਜੜ੍ਹਾਂ ਉਖੜਨ ਵਿਚ ਵਧੇਰੇ ਦੇਰ ਨਹੀਂ ਲਗੇਗੀ। ਫੇਰ ਜਦ ਗਦਰ ਸੰਨ ਸਤਵੰਜਾ ਨੂੰ ਦਬਾਉਣ ਤੋਂ ਵਿਹਲਿਆਂ ਹੋਣ ਸਾਰ ਅੰਗਰੇਜ਼ ਨੇ ਵੇਖਿਆ ਕਿ ਪੰਜਾਬ ਦੇ ਭਿੜਆਲੇ ਅਤੇ ਵਰਿਆਮ ਸਿਖਾਂ ਵਿਚ ਇਕ ਮਹਾਨ ਲੋਕ ਲਹਿਰ ਬੜੀ ਤੇਜ਼ੀ ਨਾਲ ਉਭਰ ਰਹੀ ਹੈ, ਤਾਂ ਉਹ ਇਸ ਲਹਿਰ ਨੂੰ ਦਬਾਉਣ ਲਈ ਪੂਰੀਤਰਾਂ ਤਤਪਰ ਹੋ ਗਿਆ।

ਨਾਮਧਾਰੀ ਸਿੰਘਾਂ ਨੇ ਰਾਏਕੋਟ ਤੇ ਅੰਮ੍ਰਿਤਸਰ ਆਦਿ ਥਾਈਂ ਗਊ ਬਧ ਕਰਨ ਵਾਲੇ ਬੁਚੜਾਂ ਨੂੰ ਸੋਧ ਕਢਿਆ ਤੇ ਮਲੌਦ ਅਤੇ ਮਾਲੇਰ ਕੋਟਲੇ ਵਿਚ ਵੀ ਉਹਨਾਂਨੇ ਕਰਾਰੇ ਹਥ ਵਿਖਾਏ ਤਾਂ ਅੰਗਰੇਜ਼ਾਂ ਨੂੰ ਨਾਮਧਾਰੀਆਂ ਵਿਰੁਧ ਦਮਨ ਚਕਰ ਚਲਾਉਣ ਸਬੰਧੀ ਬਹਾਨਾ ਮਿਲ ਗਿਆ। ਇਹਨਾਂ ਥਾਵਾਂ ਵਿਚ ਵਾਪਰੀਆਂ ਘਟਨਾਵਾਂ ਨਾਲ ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬਿਆਂ ਦਾ ਕੋਈ ਸੰਬੰਧ ਵੀ ਨਹੀਂ ਸੀ। ਗੁਰੂ ਰਾਮ ਸਿੰਘ ਜੀ ਦੇ ਵਿਰੁਧ ਇਹਨਾਂ ਘਟਨਾਵਾਂ ਬਾਰੇ ਸਰਕਾਰ ਪਾਸ ਕੋਈ ਸਬੂਤ ਵੀ ਨਹੀਂ ਸੀ, ਪਰ ਜੇਕਰ ਉਸਨੇ ਮਾਲੇਰ ਕੋਟਲੇ ਦੇ ਰੱਕੜ ਵਿਚ ਸ਼ਹੀਦ ਸ੍ਰ: ਹੀਰਾ ਸਿੰਘ ਜੀ ਤੇ ਉਹਨਾਂ ਦੇ ਸਾਥੀ ਸਿੰਘਾਂ ਨੂੰ ਤੋਪਾਂ ਅਗੇ ਖਲ੍ਹਿਆਰ ਕੇ ਅਤੇ ਤੂੰਬਾ ਤੂੰਬਾ ਕਰਕੇ ਉਡਾ ਦਿਤਾ, ਤਾਂ ਨਾਲ ਹੀ ਗਵਰਨਰ ਜਨਰਲ ਨੇ ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਸੂਬਿਆਂ ਨੂੰ ਤੁਰਤ ਜਲਾਵਤਨ ਕਰਨ ਦਾ ਅਦੇਸ਼ ਵੀ ਦੇ ਦਿਤਾ। ਪੰਜਾਬ ਦੇ ਹਾਕਮਾਂ ਨੇ ਨਾਮਧਾਰੀ ਲਹਿਰ ਅਤੇ ਉਸਦੇ ਮੋਢੀ ਸਤਿਗੁਰੂ ਦੇ ਸੰਬੰਧ ਵਿਚ ਬੜਾ ਵਧਾ ਚੜ੍ਹਾਕੇ ਲਿਖਿਆ ਸੀ ਤੇ ਉਹ ਆਖਦੇ ਸਨ ਕਿ ਕੂਕਾ ਲਹਿਰ ਦੇ ਪਰਦੇ ਵਿਚ ਸਿਖਾਂ ਨੂੰ ਅੰਗਰੇਜ਼ੀ ਰਾਜ ਵਿਰੁਧ ਬਗਾਵਤ ਕਰਨ ਲਈ ਜਥੇਬੰਦ ਕੀਤਾ ਜਾ ਰਿਹਾ ਹੈ। ਨਿਰਸੰਦੇਹ ਕੂਕਾ ਲਹਿਰ ਧਾਰਮਕ ਰੰਗਣਾਂ ਵਿਚ ਰੰਗੀ ਹੋਈ ਇਕ ਮਹਾਨ ਦੇਸ਼ ਭਗਤ ਲਹਿਰ ਤਾਂ ਸੀ ਹੀ ਅਤੇ ਉਸਨੇ ਸਿਖਾਂ ਵਿਚ ਏਨੀ ਰਾਜਸੀ ਜਾਗ੍ਰਿਤ ਪੈਦਾ ਕਰ ਦਿਤੀ ਸੀ ਕਿ ਉਹ ਆਜ਼ਾਦੀ ਦੀ ਵਡੀ ਤੋਂ ਵਡੀਕੀਮਤ ਦੇਣ ਲਈ ਤਿਆਰ ਹੋ ਗਏ ਸਨ, ਪਰ ਉਹ ਹਿੰਸਕ ਲਹਿਰ ਨਹੀਂ ਸੀ। ਅਠੋਤਰੀ ਉੱਨ ਦੀ ਮਾਲਾ ਹੀ ਸੀ ਜੋ ਹਰ ਕੂਕਾ ਪਹਿਨਦਾ ਸੀ ਤੇ ਇਕ ਵੇਰਾਂ ਗੁਰੂ ਰਾਮ ਸਿੰਘ ਜੀ ਨੇ ਸੰਕੇਤ ਕਰਦਿਆਂ ਇਕ ਵਡੇ ਅਧਿਕਾਰੀ ਨੂੰ ਕਿਹਾ ਵੀ ਸੀ ਕਿ ਏਹੋ ਹੈ ਸਾਡੀ ਉਹ ਤੋਪ, ਜਿਸ ਵਿਚ ਇਕ ਫੇਰ ਵਿਚ ੧੦੮ ਗੋਲੇ ਨਿਕਲਦੇ ਹਨ ਅਤੇ ਸੁਆਦਲੀ ਗੱਲ ਇਹ ਹੈ ਕਿ ਉਹਦਾ ਨਿਸ਼ਾਨਾ ਕਦੇ ਵੀ ਖ਼ਤਾ ਨਹੀਂ ਹੁੰਦਾ।

ਉਹਨਾਂ ਆਪਣੇ ਸਿੰਘਾਂ ਵਿਚ ਕਮਾਲ ਦੀ ਨਿਡਰਤਾ ਪੈਦਾ ਕਰ ਦਿਤੀ ਸੀ ਤੇ ਹਾਕਮਾਂ ਨੇ ਹੈਰਾਨੀ ਨਾਲ ਵੇਖਿਆ ਸੀ ਕਿ ਜਦ ਮਾਲੇਰ ਕੋਟਲੇ ਦੀ ਘਟਨਾ ਪਿਛੋਂ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਜਾਣ ਲਗਾ ਤਾਂ ਉਹਨਾਂ ਦੇ ਚਿਹਰੇ ਦਗ ਦਗ ਕਰ ਰਹੇ ਸਨ। ਗਦਰ ਵਿਚ ਮੌਲਵੀਆਂ ਤੇ ਗਦਰ ਲਹਿਰ ਵਿਚ ਤਾਣ ਭਰਨ ਵਾਲਿਆਂ ਨੂੰ ਤੋਪਾਂ ਨਾਲ ਬੰਨ੍ਹਕੇ ਉਡਾਇਆ ਗਿਆ ਸੀ। ਜਦ ਮਾਲੇਰ ਕੋਟਲੇ ਦੇ ਰੱਕੜ ਵਿਚ ਨਾਮਧਾਰੀ ਸਿੰਘਾਂ ਨੂੰ ਤੋਪਾਂ ਅਗੇ ਬੰਨ੍ਹਣ ਲਗੇ ਤਾਂ ਉਹਨਾਂ ਨੇ ਬੱਝਣ ਤੋਂ ਇਨਕਾਰ ਕਰ ਦਿਤਾ। ਸਭ ਤੋਂ ਪਹਿਲਾਂ ਉਹਨਾਂ ਦਾ ਜਥੇਦਾਰ ਸਰਦਾਰ ਹੀਰਾ ਸਿੰਘ ਆਪ ਤੋਪ ਦੇ ਮੂੰਹ ਅਗੇ ਸੀਨਾ ਤਾਣਕੇ ਖੜਾ ਹੋ ਗਿਆ। ਤੋਪ ਦਾ ਗੋਲਾ ਦੋ ਵੇਰ ਨਾ ਚਲਿਆ, ਪਰ ਤੀਜੀ ਵੇਰ ਜਦ ਸ਼ਹੀਦ ਸਰਦਾਰ ਨੇ ਮੌਤ ਰਾਣੀ ਦੀਆਂ ਅਖੀਆਂ ਵਿਚ ਅਖੀਆਂ ਪਾਈਆਂ ਹੋਈਆਂ ਸਨ, ਗੋਲਾ ਚਲਿਆ ਤੇ ਉਹ ਤੂੰਬਾ ਤੂੰਬਾ ਹੋਕੇ ਸਚਖੰਡ ਨੂੰ ਚਲੇ ਗਏ। ਉਹ ਨਜ਼ਾਰਾ ਵੇਖਣ ਵਾਲਾ ਹੀ

ਹੋਵੇਗਾ, ਜਦ ਜਥੇ ਦਾ ਇਕ ਸਮਧਰ ਸਿੰਘ ਭਾਈ ਵਰਿਆਮ ਸਿੰਘ ਏਧਰੋਂ ਓਧਰੋਂ ਇਟਾਂ ਵਟੇ ਇਕਠੇ ਕਰਕੇ ਤੇ ਉਹਨਾਂ ਦਾ ਥੜਾ ਜਿਹਾ ਬਣਾਕੇ ਤੋਪ ਸਾਮ੍ਹਣੇ ਜੰਮਕੇ ਖੜਾ ਹੋ ਗਿਆ। ਓਸਨੇ ਆਪਣੀ ਛਾਤੀ ਨੂੰ ਪੂਰੀ ਤਰਾਂ ਤਾਣਿਆਂ ਅਤੇ ਮੁਸਕਰਾਉਂਦਾ ਤੇ ਜੈਕਾਰੇ ਛਡਦਾ ਆਪਣੇ ਦੇਸ ਨੂੰ ਚਲਾ ਗਿਆ। ਗਡੀਆਂ ਹੋਈਆਂ ਤੋਪਾਂ ਦੇ ਨਾਲ ਹੀ ਸ਼ਹੀਦ ਹੋਣ ਵਾਲੇ ਸਿੰਘ ਪੁਲਿਕਤ ਗੋਰਿਆਂ ਤੇ ਸਿਖ ਰਿਆਸਤਾਂ ਦੇ ਸਿਖ ਫੌਜੀ ਸਿਪਾਹੀਆਂ ਦੇ ਪਹਿਰੇ ਵਿਚ ਮੌਤ ਤੋਂ ਬੇ ਪਰਵਾਹ ਹੋਕੇਬੈਠੇਸ਼ਬਦ ਪੜ੍ਹ ਰਹੇ ਤੇ ਮਸਤੀ ਦੇ ਲੋਰ ਵਿਚ ਨਚ ਰਹੇ ਸਨ। ਮੌਤ ਦਾ ਉਹਨਾਂ ਨੂੰ ਰਤੀ ਜਿੰਨਾਂ ਵੀ ਭੈ ਨਹੀਂ ਸੀ ਤੇ ਜਦੋਂ ਵੀ ਉਹਨਾਂ ਦੇ ਸਾਥੀ ਤੋਪਾਂ ਮੋਹਰੇ ਉਡਕੇ ਸ਼ਹੀਦ ਹੁੰਦੇ ਸਨ ਤਾਂ ਜੈਕਾਰੇ ਛਡਦੇ ਸਨ।

ਉਹਨਾਂ ਵਿਚ ਇਹ ਨਿਡਰਤਾ, ਪੈਦਾ ਕਰਨ ਵਾਲੇ ਸਨ ਗੁਰੂ ਰਾਮ ਸਿੰਘ ਜੀ ਅਤੇ ਜੇਕਰ ਕੂਕਾ ਲਹਿਰ ਦੇ ਇਸ ਬਾਨੀ ਨੂੰ ਜਲਾਵਤਨ ਨਾ ਕਰ ਦਿਤਾ ਜਾਂਦਾ, ਤਾਂ ਕੂਕਾ ਲਹਿਰ ਹੋਰ ਵਧੇਰੇ ਜਥੇ-ਬੰਦ ਹੋਣ ਪਿਛੋਂ ਦੇਸ ਦੀ ਗੁਲਾਮੀ ਦੇ ਸੰਗਲ ੧੯੪੭ ਤੋਂ ਬਹੁਤ ਚਿਰ ਪਹਿਲਾਂ ਕਟ ਦੇਂਦੀ। ਪਰ ਹਾਇ ਅਫਸੋਸ ਕਿ ਇਸ ਲਹਿਰ ਨੂੰ ਸਿਖਰਾਂ ਛੋਹਣ ਤੋਂ ਪਹਿਲਾਂ ਹੀ ਆਪਣੇ ਮਹਾਨ ਆਗੂ ਦੀ ਅਗਵਾਈ ਤੋਂ ਵੰਚਿਤ ਕਰ ਦਿਤਾ ਗਿਆ। ਮਾਲੇਰ ਕੋਟਲੇ ਦੀ ਘਟਨਾ ਵਾਪਰਨ੍ਹਸਾਰ ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਪ੍ਰਸਿਧ ਸੂਬਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ੧੮੧੮ ਦੇ ਬੰਗਾਲ ਰੈਗੂ-ਲੇਸ਼ਨ ਅਨੁਸਾਰ ਜਲਾਵਤਨ ਕਰਕੇ ਬਰ੍ਹਮਾ ਭੇਜ ਦਿਤਾ ਗਿਆ। ਲਹਿਰ ਦੇ ਕੇਂਦਰੀ ਧਰਮ ਅਸ-ਥਾਨ ਸ੍ਰੀ ਭੈਣੀ ਸਾਹਿਬ ਦੀ ਹਥਿਆਰ ਬੰਦ ਪੁਲਿਸ ਨੇ ਏਸ ਲਈ ਤਲਾਸ਼ੀ ਲਈ, ਤਾਂ ਜੋ ਉਹ ਹਥਿ-ਆਰ ਲਭੇ ਜਾ ਸਕਣ, ਜਿਨ੍ਹਾਂ ਨੂੰ ਇਕਠਾ ਕਰਨ ਦੀਆਂ ਝੂਠੀਆਂ ਖਬਰਾਂ ਮੁਖਬਰਾਂ ਪਾਸੋਂ ਇਕ ਗਿਣੇ ਮਿਥੇ ਪਲੈਨ ਅਨੁਸਾਰ ਪ੍ਰਾਪਤ ਕੀਤੀਆਂ ਗਈਆਂ ਸਨ। ਪਾਣੀ ਹਾਂਡੇ ਤੀਕ ਮਕਾਨ ਖੋਦ ਦਿਤੇ ਗਏ ਤੇ ਜੋ ਵਸਤੂਆਂ ਵੀ ਅੰਦਰ ਸਨ ਸਭ ਲੁਟ ਲਈਆਂ ਗਈਆਂ। ਗੁਰਦਵਾਰੇ ਦੇ ਦਰਵਾਜ਼ੇ ਦੇ ਐਨ ਸਾਮ੍ਹਣੇ ਪੁਲਿਸ ਦੀ ਚੌਂਕੀ ਬੈਠ ਗਈ ਤੇ ਪੁਲਿਸ ਨੇ ਅਨੇਕ ਤਰ੍ਹਾਂ ਦੀਆਂ ਅਨੀਤੀਆਂ ਕਰਕੇ ਗੁਰੂ ਹਰੀ ਸਿੰਘ ਜੀ ਤੇ ਉਹਨਾਂ ਦੀ ਪਿਆਰੀ ਨਾਮ-ਧਾਰੀ ਸੰਗਤ ਦੇ ਸਬਰ ਦੀ ਕਰੜੀ ਅਜ਼ਮਾਇਸ਼ ਕੀਤੀ। ਨਾਮਧਾਰੀਆਂਦੇ ਦੀਵਾਨ ਤੇ ਮੇਲੇ ਬੰਦ ਕਰ ਦਿਤੇ ਗਏ ਅਤੇ ਜੋ ਸਖਤੀ ਵੀ ਕੀਤੀ ਜਾ ਸਕਦੀ ਸੀ, ਇਸ ਮਹਾਨ ਦੇਸ਼ ਭਗਤ ਸਿਖ ਲੋਕ ਲਹਿਰ ਨੂੰ ਦਮਨ ਕਰਨ ਲਈ ਕੀਤੀ ਗਈ। ਸਿਖ ਆਪਣੇ ਪਿਆਰੇ ਸਤਿਗੁਰੂ ਦੇ ਵਿਛੋੜੇ ਵਿਚ ਬੇਹਾਲ ਹੋ ਗਏ ਸਨ ਤੇ ਜਦ ਉਹਨਾਂ ਨੂੰ ਪਤਾ ਲਗਾ ਕਿ ਸਚੇ ਪਾਤਸ਼ਾਹ ਨੂੰ ਰੰਗੂਨ ਨਜ਼ਰ ਬੰਦ ਕੀਤਾ ਗਿਆ ਹੈ, ਤਾਂ ਗੁਰੂ ਜੋਤ ਤੋਂ ਪਤੰਗਾਂ ਵਾਂਗ ਸਦਕੇ ਹੋਣ ਵਾਲੇ ਕਿੰਨੇ ਹੀ ਗੁਰੂ ਦੇ ਪਿਆਰੇ ਮਹਾਨ ਕਠ-ਨਾਈਆਂ ਸਹਾਰਕੇ ਦਰਸ਼ਨ ਨਮਿਤ ਬਰ੍ਹਮਾ ਜਾਂਦੇ ਰਹੇ। ਓਥੋਂ ਸ੍ਰੀ ਗੁਰੁਦੇਵ ਨੂੰ ਹੋਰ ਅਗਾਂਹ ਭੇਜ ਦਿਤਾ ਗਿਆ ਤੇ ਫੇਰ ਪਤਾ ਇਹ ਲਗਾ ਕਿ ਹਜ਼ੂਰ ਕੋਈ ਗੁਪਤ ਕੌਤਕ ਕਰਕੇ ਅੰਗਰੇਜ਼ਾਂ ਦੀ ਕੈਦ ਵਿਚੋਂ ਨਿਕਲਕੇ ਆਜ਼ਾਦ ਵਿਚਰਨ ਲਗ ਪਏ ਹਨ।

ਉਹਨਾਂ ਤੋਂ ਪਿਛੋਂ ਉਹਨਾਂ ਦੇ ਭਰਾਤਾ ਜਿਵੇਂ ਉਹਨਾਂ ਨੇ ਹੁਕਮ ਕੀਤਾ ਸੀ ਭਾਈ ਬੁਧ ਸਿੰਘ ਜੀ ਗੁਰੂ ਹਰੀ ਸਿੰਘ ਬਣਕੇ ਗੱਦੀ ਉਤੇ ਬਿਰਾਜਮਾਨ ਹੋਏ ਅਤੇ ਉਹਨਾਂ ਨੇ ਸਿਖੀ ਦੇ ਬੂਟੇ ਨੂੰ ਹਰਾ ਭਰਾ ਰਖਕੇ ਜਦ ਪਰਲੋਕ ਪਿਆਨਾ ਕੀਤਾ, ਤਾਂ ਉਸ ਮਹਾਨ ਹਸਤੀ ਨੇ ਨਾਮਧਾਰੀ ਪੰਥ ਦੀ ਵਾਗ ਸੰਭਾਲੀ ਜਿਨ੍ਹਾਂ ਦਾ ਵਿਛੋੜਾ ਅਜ ਹਰ ਨਾਮਧਾਰੀ ਨੂੰ ਬੁਰੀ ਤਰ੍ਹਾਂ ਤੜਪਾ ਰਿਹਾ ਹੈ। ਮੇਰੀ ਮੁਰਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਤੋਂ ਹੈ, ਜਿਹੜੇ ਮੇਰੇ ਵਰਗੇ ਧੁਰਦੇ ਵਿਗੜਿਆਂ ਨੂੰ ਵੀ ਘੁਟਕੇ ਛਾਤੀ ਨਾਲ ਲਾਉਂਦੇ ਸਨ। ਆਪ ਮਜ਼੍ਹਬੀ ਕਿਸਮ ਦੇ ਲੋਕਾਂ ਵਿਚ ਆਜ਼ਾਦ ਹਵਾਵਾਂ ਵਿਚ

ਉਡਾਰੀਆਂ ਲਾਉਣ ਵਾਲੇ ਮਨੁਖਾਂ ਨੂੰ ਸਹਾਰਿਆ ਨਹੀਂ ਜਾਂਦਾ, ਪਰ ਮੈਂ ਜਾਣਦਾ ਹਾਂ ਕਿ ਕਿਵੇਂ ਮੈਨੂੰ ਗੁਰੂ ਰਾਮ ਸਿੰਘ ਜੀ ਦੇ ਏਸ ਤੀਜੇ ਸਰੂਪ ਨੇ ਅਮਿਤ ਪਿਆਰ ਬਖਸ਼ਿਆ ਸੀ। ਉਹਨਾਂ ਨੇ ਨਾਮਧਾਰੀ ਪੰਥ ਦੀ ਸ਼ਾਨ ਨੂੰ ਚਾਰ ਚੰਦ ਲਾਏ ਹੀ ਸਨ, ਪਰ ਨਾਲ ਹੀ ਸਿਖ ਜਗਤ ਨੂੰ ਏਕਤਾ ਲੜੀ ਵਿਚ ਪਰੋਣ ਦਾ ਹਰ ਯਤਨ ਕੀਤਾ ਸੀ। ਗੁਰਮਤ ਸੰਗੀਤ ਦੀ ਮਰਯਾਦਾ ਨੂੰ ਕਾਇਮ ਰਖਣ ਲਈ ਉਹਨਾਂ ਨੇ ਜੋ ਉਪਰਾਲੇ ਕੀਤੇ, ਦੇਸ ਵਿਚ ਉਹਨਾਂ ਦਾ ਥਾਂ ਥਾਂ ਚਰਚਾ ਹੋਇਆ। ਭੈਣੀ ਸਾਹਿਬ ਗੁਰ ਨਾਨਕ ਸਰਬ ਸੰਪਰਦਾਇ ਕਾਨਫਰੰਸ ਦਾ ਇਹ ਸਮਾਗਮ ਮੇਰੀਆਂ ਨਜ਼ਰਾਂ ਦੇ ਸਾਮ੍ਹਣੇ ਅਜ ਵੀ ਘੁੰਮ ਰਿਹਾ ਹੈ, ਜਿਸ ਵਿਚ ਉਸ ਵੇਲੇ ਦੀਆਂ ਲਗ ਭਗ ਸਾਰੀਆਂ ਸਿਖ ਹਸਤੀਆਂ ਇਕ ਪਲੈਟ ਫਾਰਮ ਉਤੇ ਸਿਰ ਜੋੜਕੇ ਬੈਠੀਆਂ ਸਨ ਤੇ ਪਰਵਾਨ ਕੀਤਾ ਗਿਆ ਸੀ ਕਿ ਹਰ ਸੰਪਰਦਾਇ ਖੰਡਨ ਰੂਪ ਵਿਚ ਨਹੀਂ ਸਗੋਂ ਮੰਡਨ ਰੂਪ ਵਿਚ ਪਰਚਾਰ ਕਰੇ। ਫੇਰ ਇਹਨਾਂ ਅਖੀਆਂ ਨੇ ਗੁਰਮਤ ਸੰਗੀਤ ਕਾਨਫਰੰਸ ਦਾ ਅਲੌਕਿਕ ਸਮਾਗਮ ਵੀ ਵੇਖਿਆ ਅਤੇ ਨਾਲ ਉਸ ਪੰਜਾਬੀ ਕਾਨਫਰੰਸ ਦੇ ਨਜ਼ਾਰੇ ਵੀ ਮਾਣੇ ਜਿਸ ਵਿਚ ਪੰਜਾਬੀ ਦੇ ਸਾਰੇ ਸਾਹਿਤਕਾਰ ਹਿੱਸਾ ਲੈਣ ਲਈ ਪੁਜੇ ਸਨ। ਜਲੰਧਰ ਵਿਚ ਕੁਝ ਉਤਸਾਹੇ ਸਜਣਾਂ ਦੀ ਹਿੰਮਤ ਨਾਲ ੫੫ ਅਗਸਤ ੧੯੫੯ ਨੂੰ ਗੁਰੂ ਰਾਮ ਸਿੰਘ ਜੀ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਇਕ ਸਮਾਗਮ ਕੀਤਾ ਗਿਆ। ਮੈਂ ਹਜ਼ੂਰ ਨੂੰ ਬੇਨਤੀ ਕੀਤੀ ਕਿ ਆਪ ਇਸ ਸਮੇਂ ਜ਼ਰੂਰ ਦਰਸ਼ਨ ਦਿਓ। ਮੇਰੀ ਉਸ ਬੇਨਤੀ ਨੂੰ ਭਖਦੀ ਗਰਮੀ ਵਿਚ ਪਰਵਾਨ ਕੀਤਾ ਗਿਆ ਤੇ ਆਪ ਨੇ ਦਰਸ਼ਨ ਦੇਕੇ ਮੈਨੂੰ ਤੇ ਮੇਰੇ ਸਾਥੀਆਂ ਨੂੰ ਚਰਨ-ਰਜ ਪ੍ਰਾਪਤ ਕਰਨ ਦਾ ਅਵਸਰ ਬਖਸ਼ਿਆ। ਆਹ! ਉਹ ਦਰਸ਼ਨ ਹੁਣ ਅਸੀਂ ਕਿਥੋਂ ਲਭੀਏ? ਤੇ ਫੇਰ ਜਵਾਬ ਮਿਲਦਾ ਏ ਕਿ ਉਹਨਾਂ ਦੇ ਸਰੂਪ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦ ਸਾਡੇ ਵਿਚਾਲੇ ਓਸੇ ਜੋਤ ਦਾ ਓਸਾ ਹੀ ਪ੍ਰਕਾਸ਼ ਖਿਲਾਰ ਰਹੇ ਹਨ, ਤਾਂ ਸਾਡੇ ਵਿਚੋਂ ਕਿਸੇ ਨੂੰ ਵੀ ਅਧੀਰ ਨਹੀਂ ਹੋਣਾ ਚਾਹੀਦਾ। ਜੁਗ ਜੁਗ ਜੀਵੇ ਭਰਾਵਾਂ ਦੀ ਜੋੜੀ ਜੋ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬਾਬਾ ਬੀਰ ਸਿੰਘ ਜੀ ਦੀ ਹੈ ਤੇ ਮੈਂ ਏਸੇਤਰਾਂ ਏਸ ਜੋੜੀ ਨੂੰ ਸ਼ਰਧਾਂਜਲੀ ਅਰਪਣ ਕਰਦਾ ਰਹਾਂ।



ਆਗਮਨ

[ਸ੍ਰੀ ਕੇਹਰ ਸਿੰਘ ਜੀ 'ਕੇਹਰ' ਸੰਤਨਗਰ, ਨਾਮਧਾਰੀ ਸਾਹਿਤ ਸਭਾ

ਰੁਤੜੀ ਬਸੰਤ ਫੇਰ ਚਿਰਾਂ ਬਾਦ ਆਵੜੀ।
ਖਿਜ਼ਾਂ ਬਸ–ਅੰਤ ਮਿਲ ਦਿਓ ਨੀ ਵਧਾਵੜੀ।
ਖਿੜਿਆ ਨੀ ਨੂਰ ਅਜ ਜ਼ਿਮੀ ਉਤੇ ਖਿੜਿਆ :
ਲਗਰੀਂ ਜੁਆਨੀ ਫੇਰ ਲਈ ਅੰਗੜਾਵੜੀ।
ਉੱਗ ਪਈ ਨੀ ਸੱਦਾਂ-ਗੋਦੀ ਸੂਰਜ ਦੀ ਫੁਟੜੀ :
ਜ਼ੁਲਮ ਦੀ ਰਾਤੇ ਜਿਨ ਕੀਤੀ ਰੁਸ਼ਨਾਵੜੀ।
ਢੁਗਿਆ ਨੀ ਹਿੰਦ ਹਿਕੋਂ ਦੁਖਾਂ ਵਾਲਾ ਭਖੜਾ,
ਉਜੜੀ ਬਗੀਚੀ ਫੇਰ 'ਕੇਹਰ' ਮਹਿਕਾਵੜੀ।

ਸਤਿਗੁਰੂ ਰਾਮ ਸਿੰਘ ਕੂਕਾ

[ਮੂਲ ਲੇਖਕ ਸਾਹਿਤਯਾਚਾਰਯ ਸ੍ਰੀ ਬਾਲ ਸ਼ਾਸਤਰੀ ਹਰਦਾਸ
[ਅਨੁਵਾਦਕ-- ਪ੍ਰੀਤਮ ਸਿੰਘ ਕਵੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਪਿਛਲੇ ਦਿਨੀਂ ਮੈਨੂੰ ਇਕ ਅੰਗਰੇਜ਼ੀ ਦੀ ਪੁਸਤਕ ਮਿਲੀ ਜਿਸਦਾ ਨਾਮ ਹੈ "Armed Struggle For Freedom-Ninety Years War of Indian Independence-1857 To Subhash" ਇਸ ਪੁਸਤਕ ਦੇ ਕਰਤਾ ਹਨ ਸਾਹਿਤ ਅਚਾਰਯ ਸ੍ਰੀ ਬਾਲ ਸ਼ਾਸਤਰੀ ਹਰਦਾਸ। ਸ੍ਰੀ ਹਰਦਾਸ ਜੀ ਨੇ ਇਹ ਪੁਸਤਕ ਮਰਾਠੀ ਬੋਲੀ ਵਿਚ "ਭਾਰਤੀ ਸੁਤੰਤਰਤਾ ਸਮਰ ੧੮੫੭ ਤੋਂ ਸੁਭਾਸ਼" ਨਾਮ ਨਾਲ ੧੦ ਮਈ ੧੯੫੭ ਨੂੰ ਪ੍ਰਕਾਸ਼ਤ ਕਰਵਾਈ ਸੀ। ਇਹ ਉਹ ਸਮਾ ਸੀ ਜਦੋਂ ਭਾਰਤੀ ਆਜ਼ਾਦੀ ਦੀ 'ਸਦੀ' ਮਨਾਈ ਜਾ ਰਹੀ ਸੀ। ਇਸਦਾ ਅੰਗਰੇਜ਼ੀ ਅਨੁਵਾਦ ਸ੍ਰੀ ਐਸ. ਐਸ. ਆਪਟੇ ਨੇ ਕੀਤਾ ਅਤੇ ਇਹ ਅਨੁਵਾਦ "ਕਾਲ ਪ੍ਰਕਾਸ਼ਨ ਪੂਨਾ" ਵਲੋਂ ਪ੍ਰਕਾਸ਼ਤ ਹੋਕੇ ੨੬ ਜਨਵਰੀ ੧੯੫੮ ਵਿਚ ਛਾਪਿਆ ਗਿਆ।

ਵਿਦਵਾਨ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਮੂਲ ਲੇਖਕ ਨੇ ਭਾਰਤੀ ਆਜ਼ਾਦੀ ਦੀ ਹਥਿਆਰ ਬੰਦ ਲੜਾਈ ਨੂੰ ਜਿਸਤਰਾਂ ਤੋਲਿਆ, ਪਰਖਿਆ ਅਤੇ ਲਿਖਿਆ ਹੈ, ਉਸਦੀ ਦਾਦ ਸ਼ਬਦ ਨਹੀਂ ਪਾਠਕ ਦੀ ਆਤਮਾ ਹੀ ਦੇ ਸਕਦੀ ਹੈ। ਸ੍ਰੀ ਬਾਲ ਸ਼ਾਸਤਰੀ ਜੀ ਨੇ ਇਸ ਵਿਚ ਇਕ ਸਤਾਰਾਂ ਸਫਿਆਂ ਦਾ ਕਾਂਡ "ਸਤਿਗੁਰੂ ਰਾਮ ਸਿੰਘ ਕੂਕਾ" ਨਾਮ ਦਾ ਲਿਖਿਆ ਹੈ ਜਿਸ ਵਿਚ ਨਾਮਧਾਰੀ ਤਹਿਰੀਕ ਦਾ ਤੇ ਸਤਿਗੁਰੂ ਜੀ ਦਾ ਸੁਤੰਤਰਤਾ ਸੰਗ੍ਰਾਮ ਵਿਚ ਰੋਲ ਪ੍ਰਾਪਤ, ਸਮਗਰੀ ਦੇ ਅਧਾਰ ਤੇ ਬੜੇ ਦਰੁਸਤ ਤਰੀਕੇ ਨਾਲ ਪੇਸ਼ ਕੀਤਾ ਹੈ। ਲੇਖਕ ਆਜ਼ਾਦ ਹੈ,ਉਸਨੇ ਘਟਨਾਵਾਂ ਨੂੰ ਆਪਣੀ ਕਸਵਟੀ ਤੇ ਪਰਖਕੇ ਉਹਨਾਂ ਦੀ ਕੀਮਤ ਪਾਈ ਤੇ ਨਿਰਣੇ ਦਿਤੇ ਹਨ। ਅਸੀਂ ਉਸਦੇ ਵਿਚਾਰਾਂ ਨਾਲ ਬੇਸ਼ਕ ਕਿਤੇ ਅਸਹਿਮਤ ਵੀ ਹੋਈਏ, ਪਰ ਉਸਨੇ ਬੜੀ ਖੂਬੀ ਤੇ ਸਚੀ ਦੇਸ਼ ਭਗਤੀ ਦੀ ਭਾਵਨਾ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਕੰਮਾਂ ਨੂੰ ਅੰਕਿਆ ਹੈ। ਪਾਠਕਾਂ ਨੂੰ ਇਸ ਮਜ਼ਮੂਨ ਤੋਂ ਆਪ ਤੋਂ ਆਪ ਲੇਖਕ ਦੀ ਪਹੁੰਚ ਨੂੰ ਦਾਦ ਦੇਣੀ ਪਵੇਗੀ।

ਅਸੀਂ ਲੇਖਕ ਦੀਆਂ ਦੂੰਹ ਗੱਲਾਂ ਨਾਲ ਮੂਲੋਂ ਹੀ ਸਹਿਮਤ ਨਹੀਂ। ਇਕ ਤਾਂ ਸਾਧੂ ਰਾਮਦਾਸ ਜੀ ਦੀ ਮੁਲਾਕਾਤ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰੇਰਣਾ ਨਾਲ। ਸਾਨੂੰ ਨਹੀਂ ਪਤਾ ਕਿ ਮੂਲ ਲੇਖਕ ਨੇ ਏਹ ਘਟਨਾ ਕਿਥੋਂ ਤੇ ਕਿਸ ਅਧਾਰ ਤੇ ਲਈ, ਪਰ ਬਚਾਉ ਲਈ ਉਸਨੇ ਵੀ ਇਸਨੂੰ "It may be revelation" ਹੀ ਆਖਿਆ ਹੈ ਜਿਸਦਾ ਮਤਲਬ ਇਲਹਾਮ ਹੋਣਾ, ਅਕਾਸ਼ ਬਾਣੀ ਉਤਰਨੀ ਆਦਿ ਹੀ ਹਨ। ਅਤੇ ਦੂਜੀ ਹੈ ਸਤਿਗੁਰੂ ਰਾਮ ਸਿੰਘ ਜੀ ਦਾ ਬਰਮਾ ਵਿਚ ਸੁਰਗਵਾਸ ਹੋਣਾ। ਨਾਮਧਾਰੀ ਅਕੀਦਾ ਇਸਨੂੰ ਪਰਵਾਨ ਨਹੀਂ ਕਰਦਾ ਅਤੇ ਨਾ ਹੀ ਹੁਣ ਤਕ ਕਿਸੇ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨਾਲ ਸਬੰਧਤ ਚੀਜ਼ਾਂ ਵਸਤਾਂ ਸਮੇ ਦੇ ਸਤਿਗੁਰੂ ਜੀ ਨੂੰ ਦੇਕੇ ਏਹ ਗੱਲ ਨਿਸਚੇ ਕਰਵਾਈ ਹੈ।

ਬਾਕੀ ਦੀ ਸਾਰੀ ਲਿਖਤ ਪ੍ਰਾਪਤ ਮਸਾਲੇ ਤੋਂ ਜਿਸ ਭਾਵਨਾਂ ਨਾਲ ਲੇਖਕ ਨੇ ਪਾਠਕਾਂ ਮੋਹਰੇ ਪੇਸ਼ ਕੀਤੀ ਹੈ ਉਸਤੋਂ ਤੱਤ ਰੂਪ ਵਿਚ ਇਹ ਗੱਲ ਸਪਸ਼ਟ ਤੌਰ ਤੇ ਉਭਰਦੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸਮਾਜ ਨੇ ਦੇਸ਼ ਭਗਤੀ ਦੀ ਰੰਗਣ ਵਿਚ ਆਕੇ ਜੋ ਕੁਝ ਕੀਤਾ ਸੋ ਉਸ ਵੇਲੇ ਵਾਸਤੇ

ਅਤੀ ਗੰਭੀਰ ਸੀ। ਇਸਤੋਂ ਉਹਨਾਂ ਲੋਕਾਂ ਨੂੰ ਵੀ ਬਾ-ਦਲੀਲ ਉੱਤਰ ਮਿਲਦਾ ਹੈ ਜਿਹੜੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਨੂੰ ਆਪਣੀਆਂ ਕਮਜ਼ੋਰੀਆਂ ਹੇਠ ਲੁਕਾਕੇ, ਦੂਜੇ ਲੋਕਾਂ ਸਾਹਵੇਂ ਇਹਨਾਂ ਦੀ ਕੀਮਤ ਘਟਾਣ ਦੀ ਕੋਸ਼ਸ਼ ਕਰਦੇ ਰਹਿੰਦੇ ਹਨ।

ਸਤਿਜੁਗ ਦੇ ਪਾਠਕਾਂ ਸਾਹਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਨ ਤੇ ਇਸ ਲੋੜੀਂਦੇ ਲੇਖ ਨੂੰ ਪੇਸ਼ ਕਰਨ ਦਾ ਮੈਂ ਆਪਣਾ ਲਾਲਚ ਲੁਕਾ ਨਹੀਂ ਸਕਿਆ, ਅਤੇ ਪੁਸਤਕ ਵਿਚੋਂ ਇਸ ਕਾਂਡ ਦਾ ਅਨੁਵਾਦ ਕਰਕੇ ,ਮੈਂ ਸਮਝਦਾ ਹਾਂ, ਕਿ ਮਰਹਟੇ ਲੇਖਕ ਨੂੰ ਆਪਣੇ ਪਾਠਕਾਂ ਨਾਲ ਵਾਕਫ਼ ਕਰਾਣਾ ਮੇਰਾ ਫ਼ਰਜ਼ ਹੀ ਸੀ।

ਅੰਗਰੇਜ਼ੀ ਪੁਸਤਕ ਤੋਂ ਅਨੁਵਾਦ ਕਰਦਿਆਂ ਮੈਂ ਕੋਸ਼ਸ਼ ਰਖੀ ਹੈ ਕਿ ਅਖਰ ਅਖਰ ਤਰਜਮੇ ਦੇ ਨਾਲ ਨਾਲ ਭਾਵ ਅਤੇ ਸੁਆਦ ਵਿਚ ਫਰਕ ਨਾ ਪੈਣ ਦਿਤਾ ਜਾਵੇ, ਪਰ ਵਿਰਲਾ ਕਿਤੇ ਆਮ ਪਾਠਕ ਦੀ ਸਹੂਲਤ ਲਈ ਅਖਰੀ ਅਨੁਵਾਦ ਦਾ ਬੰਧਨ ਤਿਆਗਿਆ ਵੀ ਗਿਆ ਹੈ। [ਸੰਪਾਦਕ

ਆਓ, ਹੁਣ ਆਪਾਂ ਸੁਤੰਤਰਤਾ ਸੰਗਰਾਮ ਦੇ ਅਗਲੇ ਰਣਖੇਤਰ ਵੱਲ ਚਲੀਏ। ਭਾਰਤੀ ਇਨ-ਕਲਾਬ ਦਾ ਝੰਡਾ ਵਸੁਦੇਉ ਬਲਵੰਤ ਦੇ ਹਥਾਂ ਚੋਂ ਡਿਗ ਪਿਆ ਉਹ ਕੌਮੀ ਆਜ਼ਾਦੀ ਵਾਸਤੇ ਆਪਣੀ ਦਲੇਰ ਘਾਲਣਾ ਦੀ ਅਭੁਲ ਯਾਦ ਔਣ ਵਾਲੀ ਉਲਾਦ ਨੂੰ ਵਿਰਸੇ ਵਿਚ ਦੇ ਕੇ ਆਪ ਅੰਤ ਰਹਿਤ ਸੁੰਨ ਦੇ ਸਮੁੰਦਰ ਵਿਚ ਗੁੰਮ ਹੋਗਿਆ। ਹੁਣ ਇਹ (ਝੰਡਾ) ਪੰਜਾਬ ਦੇ ਇਕ ਪੁਰਸ਼ ਵਲੋਂ ਉਠਾ ਲਿਆ ਗਿਆ। ਇਹ ਜਰਨੈਲ ਸੀ ਸਤਿ-ਗੁਰੂ ਰਾਮ ਸਿੰਘ ਕੂਕਾ, ਜਿਸਦਾ ਨਾਮ ਅਜੇ ਤੀਕ ਵੀ ਮੌਜੂਦਾ ਨਸਲ ਦੇ ਕੰਨਾਂ ਤਕ ਨਹੀਂ ਅਪੜਿਆ। ਵਸੁਦੇਉ ਬਲਵੰਤ ਦੀ ਭਾਰਤੀ ਸੁਤੰ-ਤਰਤਾ ਦੀ ਜਦੋਜਿਹਦ ਮਹਾ ਰਾਸ਼ਟਰ ਦੇ ਮੈਦਾਨ ਜੰਗ ਵਿਚ ਲੜੀ ਗਈ; ਹੁਣ ਸੰਗਰਾਮ ਖੇਤਰ ਮਹਾ ਰਾਸ਼ਟਰ ਤੋਂ ਪੰਜਾਬ ਵਿਚ ਤਬਦੀਲ ਹੋ ਗਿਆ। ਉਸ ਧਰਤੀ ਵਿਚ, ਜਿਥੇ ਗੁਰੂ ਗੋਬਿੰਦਸਿੰਘ ਅਤੇ ਬੰਦਾ ਬਹਾਦਰ ਨੇ ਉਸ ਵੇਲੇ ਦੀਆਂ ਵਿਦੇਸ਼ੀ ਤਾਕਤਾਂ ਦੇ ਖਿਲਾਫ, ਬਲੀਦਾਨ ਕੁੰਡ ਦੀ ਅਗਨੀ ਪ੍ਰਚੰਡ ਕੀਤੀ ਸੀ। ਇਹ ਥਾਂ ਸੀ, ਜਿਥੇ ਭਗਵਾਨ ਰਾਮ ਚੰਦਰ ਜੀ ਦੇ ਦੂਸਰੇ ਸਪੁਤ੍ਰ 'ਲਵ' ਨੇ, ਤਾਰੀਖ ਤੋਂ ਪਹਿਲੇ ਸਮਿਆਂ ਵਿੱਚ, ਅਪਣੀ ਸਲਤਨਤ ਉਸਾਰੀ ਸੀ; ਪੰਜਾਂ ਪਾਣੀਆਂ ਦੀ ਧਰਤੀ, ਜਿਥੇ ਪੁਰਾਤਨ ਆਰੀਆ ਰਿਸ਼ੀਆਂ ਨੇ ਗਿਆਨ ਦਾ ਚਾਨਣ ਪ੍ਰਾਪਤ ਕੀਤਾ ਅਤੇ ਹਿੰਦੂ ਜੀਵਨ ਫਲਸਫ਼ੇ ਨੇ ਵਿਕਾਸ਼ ਕੀਤਾ ਸੀ। ਇਹ ਹੁਣ ਉਸੇ ਧਰਤੀ ਵਿੱਚ ਸੀ, ਜਿਥੇ "ਸ੍ਵੈ ਧਰਮ ਅਤੇ ਸ੍ਵੈ ਰਾਜ' ਦੀ ਲੜਾਈ ਹੋਣੀ ਸੀ।

ਰਾਮ ਸਿੰਘ ਕੂਕਾ ਭੈਣੀ ਨਾਮੀ ਜਗਹ, ਜ਼ਿਲਾ ਲੁਦਿਹਾਣਾ ਵਿੱਚ ਹੋਇਆ। ਇਹ ਲੰਮਾ ਤਕੜਾ ਤੇ ਫੁਲਾਦੀ ਢਾਂਚੇ ਵਾਲਾ ਆਦਮੀ ਇਕ ਦਮ ਪ੍ਰਭਾਵ ਸ਼ਾਲੀ ਅਤੇ ਜਲਾਲ ਭਰਪੂਰ ਸੀ। ਸਰੀਰਕ ਸ਼ਕਤੀ ਅਤੇ ਦਿਮਾਗੀ ਯੋਗਤਾ ਦੇ ਸਾਰੇ ਗੁਣ ਰਖਦਿਆਂ, ਵਧੀਆ ਖਿਡਾਲ ਅਤੇ ਦਲੇਰ ਜਵਾਨ ਹੋਣ ਕਰਕੇ, ਖੇਡਾਂ ਅਤੇ ਲੜਾਈ ਦਾ ਪਿਆਰਾ ਹੋਣ ਕਾਰਨ ਉਹ ਆਪਣੀ ਮੁਢਲੀ ਜਵਾਨੀ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਿਆ। ਰਾਮ ਸਿੰਘ ਜੀ ਦਾ ਮਨ ਤਲਵਾਰ ਦੇ ਤਿਖੇ ਫਾਲੇ ਵਰਗਾ ਸੀ। ਜੇ ਇਸਦਾ ਇਕ ਪਾਸਾ ਤਿੱਖਾ ਅਤੇ ਦੁਸ਼ਮਣ ਨੂੰ ਕਟਣ ਵਾਲਾ ਸੀ ਤਾਂ ਦੂਜਾ ਬੰਨਾ ਏਨੀ ਹੀ ਫੁਰਤੀ ਨਾਲ ਤਿਆਗ ਦਿਆਂ ਵਿਚਾਰਾਂ ਵਾਲਾ ਸੀ। ਫੌਜ ਦੀ ਕੁਛ ਚਿਰ ਦੀ ਨੌਕਰੀ ਪਿਛੋਂ, ਉਹਨਾਂ ਸਦਾ ਲਈ ਗੁਲਾਮੀ ਦੇ ਜਾਲ ਵਿਚ ਫਸੇ ਰਹਿਣ ਨੂੰ ਬੜਾ ਦੁਸ਼ਵਾਰ ਜਾਣਿਆ। ਖਾਸ ਕਰ, ਜਦੋਂ ਉਹਨਾਂ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਕਿਵੇਂ ਬਰਤਾਨਵੀ ਹੱਕ–ਮਾਰੂਆਂ ਨੇ ਮਹਾਰਾਜਾ ਰਣਜੀਤ

ਸਿੰਘ ਦੇ ਸ਼ਾਹੀ ਘਰਾਣੇ ਦੇ ਸਤਿਕਾਰ ਨੂੰ ਹੀਣਤਾ ਦੀ ਹੱਦ ਤਕ ਘਟਾ ਦਿਤਾ ਹੈ। ਉਹਨਾਂ ਨਵੀਂ ਸਰਕਾਰ ਦੀ ਖਿਦਮਤ ਕਰਨੀ ਅਸੰਭਵ ਅਤੇ ਇਕ ਪਾਪ ਮਹਿਸੂਸ ਕੀਤੀ। ਇਕ ਸਿਪਾਹੀ ਹਮੇਸ਼ਾ ਆਪਣੇ ਦੇਸ਼ ਦੀ ਸੇਵਾ ਕਰਨ ਦੀ ਇਛਾ ਰਖਦਾ ਹੈ; ਪਰ ਇਹ ਸੇਵਾ ਜ਼ਰੂਰੀ ਤੌਰ ਤੇ ਉਸ ਸਰਕਾਰ ਦੀ ਹੋਣੀ ਚਾਹੀਦੀ ਹੈ ਜੋ ਕੌਮੀ ਹੋਵੇ। ਉਹ ਉਸ ਸ਼ਕਤੀ ਅਗੇ ਹਾਰ ਮੰਨਣ ਤੋਂ ਨਫਰਤ ਕਰਦਾ ਹੈ, ਜਿਹੜੀ ਉਸਨੂੰ ਗੁਲਾਮੀ ਦੀ ਹੀਣਤਾ ਤਕ ਲਜਾਂਦੀ ਹੋਵੇ। ਜਿਹੜਾ ਅਜੇਹੀ ਗੌਰਮਿੰਟ ਦਾ ਭਾੜੇ ਦਾ ਟੱਟੂ ਹੋਣਾ ਪਰਵਾਨ ਕਰਦਾ ਹੈ ਜਿਹੜੀ ਕਿ ਉਸ ਦੀ ਦੇਸ਼ ਭੂੰਮੀ ਨੂੰ ਪਰਾਧੀਨਤਾ ਦੀਆਂ ਡੂੰਘਾਈਆਂ ਵਿੱਚ ਸੁਟਦੀ ਹੈ, ਉਹ ਸਿਪਾਹੀ ਨਹੀਂ। ਘਰੋਗੀ ਸਰਕਾਰ ਦੇ ਖਾਤਮੇ ਪਿਛੋਂ, ਤੇ ਗੋਰੀ ਨਸਲ ਦੀ ਵਿਦੇਸ਼ੀ ਸ਼ਕਤੀ ਦੇ ਕਾਇਮ ਹੋਣ ਬਾਦ ਰਾਮ ਸਿੰਘ ਜੀ ਦੇ ਚਰਿਤ੍ਰਕ ਗੁਣ-ਇਕਾਂਤ ਅਤੇ ਤਿਆਗ--ਉਹਨਾਂ ਦੇ ਖਿਆਲਾਂ ਅਤੇ ਅਮਲਾਂ ਵਿਚ ਭਾਰੂ ਹੋ ਗਏ। ਉਹਨਾਂ ਨੌਕਰੀ ਨੂੰ ਲੱਤ ਮਾਰ ਦਿਤੀ ਅਤੇ ਆਪਣੇ ਪਿੰਡ ਭੈਣੀ ਨੂੰ ਪਰਤ ਆਏ। ਉਹਨਾਂ ਦੇ ਮਨ ਵਿਚ ਜੀਵਨ ਦੇ ਧਾਰਮਿਕ ਅਤੇ ਪਦਾਰਥਕ ਅੰਤਾਂ (ਸਿਰਿਆਂ) ਦਾ ਸੰਗਰਾਮ ਜਾਰੀ ਹੋ ਗਿਆ।

ਰਾਮ ਸਿੰਘ ਜੀ ਨੇ ਆਪਣੀ ਜ਼ਿੰਦਗੀ ਦਾ ਹਰ ਪਲ ਅਦ੍ਰਿਸ਼ਟ ਸਰਬ ਸ਼ਕਤੀ ਮਾਨ ਦੀ ਅਰਾਧਨਾ ਤੇ ਪੂਜਾ ਵਿਚ ਲਾਇਆ। ਉਹ ਅਮੀਰ ਆਦਮੀ ਨਹੀਂ ਸਨ, ਪਰ ਉਹ ਪਰਮੇਸਰ ਤੇ ਭਰੋਸੇ ਵਿਚ ਯਕੀਨ ਰਖਦੇ ਸਨ, ਕਿ ਜੇਹੜੇ ਵੀ ਉਸਦੀ ਪੂਜਾ ਕਰਦੇ ਹਨ ਉਸਦੀ ਹਿਫਾਜ਼ਤ ਵਿਚ ਹਨ। ਰਾਮ ਸਿੰਘ ਜੀ ਨੇ ਸਰੀਰਕ ਤੇ ਮਾਨਸਿਕ ਸੁਖ ਦੀ ਪ੍ਰਾਪਤੀ ਕਰ ਲਈ ਸੀ ਜਿਹੜਾ ਉਹਨਾਂ ਨੂੰ ਖਾਣ ਲਈ ਰੋਟੀ ਤੇ ਰਹਿਣ ਲਈ ਛੱਤ ਨਾਲ ਪ੍ਰਸੰਨ ਰਖ ਸਕਦਾ ਸੀ। ਗਰੀਬੀ ਨੇ ਉਹਨਾਂ ਨੂੰ ਦੁਖਾਇਆ ਨਹੀਂ ਕਿਉਂਕਿ ਉਹਨਾਂ ਦੀਆਂ ਲੋੜਾਂ ਲਗ ਭਗ 'ਨਫੀ' ਵਿਚ ਸਨ। ਸਾਰੀਆਂ ਚੀਜ਼ਾਂ ਦੀ ਬਿਲਕੁਲ ਅਣਹੋਂਦ, ਜਿਹੜੀਆਂ ਕਿ ਜ਼ਿੰਦਗੀ ਨੂੰ ਵਿਨਾਸ਼ਕ-ਆਰਾਮ ਤਲਬੀਆਂ ਦਿੰਦੀਆਂ ਹਨ; ਇਹ ਰੱਬ ਦਾ ਬੰਦਾ ਨਿਹਾਲਤਾ ਦੇ ਮਹੌਲ ਵਿੱਚ, ਮੁਸਕਾਨ ਨਾਲ ਹੀ ਆਪਣੇ ਦੁਆਲੇ ਖਿਲਾਰ ਸਕਿਆ। ਰਾਮ ਸਿੰਘ ਜੀ ਦੀ ਅੰਤਾਂ ਦੀ ਤਪੱਸਿਆ, ਉਹਨਾਂ ਦੀ ਡੂੰਘੀ ਸ਼ਰਧਾ, ਉਹਨਾਂ ਦੇ ਕੁਦਰਤ-ਬਖਸ਼ੇ ਗੁਣ-ਸਿਆਣਪ ਤੇ ਸ੍ਵੈ ਕਾਬੂ, ਇਹਨਾਂ ਸਾਰੀਆਂ ਖਾਸ ਖੂਬੀਆਂ ਨੇ ਉਹਨਾਂ ਦੇ ਨਾਂ ਨੂੰ ਅਲੋਕਾਰ ਅਤੇ ਕਬੀਲੇ ਦੀ ਗਲ ਬਾਤ ਦਾ ਵਿਸ਼ਾ ਬਣਾ ਦਿਤਾ। ਇਸ ਅਜਬ ਖੁਦਾ ਦੇ ਬੰਦੇ ਦੇ ਦਰਸ਼ਨਾਂ ਲਈ ਭੈਣੀ ਨੂੰ ਲੋਕਾਂ ਦੀਆਂ ਭੀੜਾਂ ਹੜ੍ਹ ਤੁਰੀਆਂ। ਇਹ ਨਿਕੜਾ ਜਿਹਾ ਪਿੰਡ ਲਗ ਭਗ ਇਕ ਯਾਤਰਾ ਸਥਾਨ ਵਿੱਚ ਬਦਲ ਗਿਆ। ਜਿਹੜੇ ਲੋਕ ਰਾਮ ਸਿੰਘ ਜੀ ਦੇ ਦੁਆਲੇ ਜੁੜ ਗਏ ਉਹਨਾਂ ਦਾ ਉਹ ਨਾ ਸਿਰਫ ਉਪਦੇਸ਼ਕ ਹੀ ਸੀ ਸਗੋਂ ਗੁਰੂ ਵੀ ਸੀ। ਉਹਨਾਂ ਦੇ ਪੈਰੋਕਾਰਾਂ ਨੂੰ ਆਸ ਅਤੇ ਯਕੀਨ ਸੀ ਕਿ ਉਸੇ ਦੇ ਰਾਹੀਂ ਉਹ ਆਤਮਕ ਅਨੰਦ ਦੇ ਰਸਤੇ ਦੀ ਸੇਧ ਪ੍ਰਾਪਤ ਕਰ ਸਕਦੇ ਹਨ। ਉਹ ਉਹਨਾਂ ਲਈ ਇਕ ਸੰਪੂਰਨ ਗਿਆਨ, ਸਿਆਣਪ ਅਤੇ ਸ਼ੁਭ ਇਛਾ ਦਾ ਚਸ਼ਮਾ ਸੀ।

ਪੰਜਾਂ ਪਾਣੀਆਂ ਦੀ ਇਹ ਧਰਤੀ ਚਰਿਤਰ ਵਲੋਂ ਬੜੀ ਜਜ਼ਬਾਤੀ ਹੈ। ਸੁਭਾਵਕ ਹੀ, ਇਸ ਹਿੱਸੇ ਦੇ ਆਮ ਲੋਕ ਰਾਮ ਸਿੰਘ ਜੀ ਦੀ ਆਪਣੇ ਵਿਚ ਹੋਂਦ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਏ। ਇਸ ਵਿਚ ਕੋਈ ਹੈਰਾਨਗੀ ਨਹੀਂ ਸੀ ਕਿ ਸਾਰੇ ਹੀ ਰਾਹਾਂ ਨੇ, ਹਜ਼ਾਰਾਂ ਹੀ ਆਰਾਧਕ, ਰਾਮ ਸਿੰਘ ਜੀ ਦੇ ਚਰਨਾਂ ਵਿੱਚ ਲੈ ਆਂਦੇ। ਉਨ੍ਹਾਂਦੇ ਸ਼ਬਦ ਇਹਨਾਂ ਲਈ ਫਰਮਾਨ ਹੋ ਗਏ; ਉਨ੍ਹਾਂ ਦੀਆਂ ਖਾਹਸ਼ਾਂ ਅਤੇ ਸੇਧਾਂ ਹੁਕਮ ਦੇ ਤੌਰ ਤੇ ਮੰਨੀਆਂ ਜਾਂਦੀਆਂ। ਥੋੜੇ ਹੀ ਸਮੇ ਵਿਚ ਇਕ ਮਹਾਨ ਜਥੇਬੰਦੀ ਦੀ ਉਸਾਰੀ ਲਈ ਸਾਰਾ ਵਾਤਾਵਰਣ ਪਕ ਗਿਆ।

ਰਾਮ ਸਿੰਘ ਜੀ ਨੇ ਹੁਣ ਇਕ ਨਿਰਾਲੇ ਫਿਰਕੇ

ਦੀ ਨੀਂਹ ਧਰਨੀ ਸ਼ੁਰੂ ਕੀਤੀ। ਸਮਾਜ ਦੇ ਢਾਂਚੇ ਵਿਚ ਸੁਧਾਰ ਕਰਨ ਦੇ ਮੰਤਵ ਨਾਲ ਉਹਨਾਂ ਨੇ ਉਹਨਾਂ ਥੱਜਾਂ ਨੂੰ ਹਟਾਣਾਂ ਸ਼ੁਰੂ ਕੀਤਾ ਜਿਨ੍ਹਾਂ ਨੇ ਸੋਸ਼ਲ ਜੀਵਨ ਵਿਚ ਕਸੂਤੀਆਂ ਰਸਮਾਂ ਲੈ ਆਂਦੀਆਂ ਸਨ। ਉਹਨਾਂ ਨੇ ਸਾਰਿਆਂ ਹੀ ਵਹਿਮਾਂ ਭਰਮਾਂ ਉਤੇ ਵਾਰ ਕੀਤਾ ਜਿਨ੍ਹਾਂ ਨੇ ਲੋਕਾਂ ਨੂੰ ਰੀਤਾਂ ਰਸਮਾਂ ਦਾ ਗੁਲਾਮ ਬਣਾਣ ਦਾ ਪ੍ਰਭਾਵ ਪੈਦਾ ਕੀਤਾ ਸੀ। ਸਿੱਟਾ ਇਹ ਨਿਕਲਿਆ ਕਿ ਉਹਨਾਂ (ਸਤਿਗੁਰੂ ਰਾਮ ਸਿੰਘ ਜੀ) ਦੇ ਦੁਆਲੇ ਇਕ ਅਜੇਹਾ ਭਾਈਚਾਰਾ ਇਕੱਠਾ ਹੋ ਗਿਆ ਜਿਹੜਾ ਸਿਧਾਂਤਾਂ ਤੇ ਅਮਲਾਂ ਦੇ ਨਿਯਮਾਂ ਦਾ ਬੜਾ ਪ੍ਰਖਤਾ ਤੇ ਜੁਗਤੀਲਾ ਧਾਰਨੀ ਸੀ।

ਰਾਮ ਸਿੰਘ ਜੀ ਰਾਹੀਂ ਬੁਨਿਆਦੇ ਗਏ ਇਸ ਫਿਰਕੇ ਨੂੰ ਛੇਤੀ ਹੀ 'ਨਾਮਧਾਰੀ ਸੰਪ੍ਰਦਾਇ' ਜਾਂ 'ਕੂਕਾ ਸੰਪ੍ਰਦਾਇ' ਦੇ ਨਾਮ ਨਾਲ ਪੁਕਾਰਿਆ ਜਾਣ ਲਗਾ। ਸ਼ੁਰੂ ਵਿਚ ਇਹ ਸੰਪ੍ਰਦਾਇ ਸ਼ੁਧ ਧਾਰਮਿਕ ਫਿਰਕਾ ਨਜ਼ਰ ਪੈਂਦੀ ਸੀ, ਪਰ ਫਿਰ ਥੋੜੇ ਹੀ ਸਮੇ ਬਾਦ ਇਸਨੇ ਰਾਜਨੀਤਕ ਇਨਕਲਾਬੀ ਜਥੇ-ਬੰਦੀ ਦੀ ਸ਼ਕਲ ਅਖਤਿਆਰ ਕਰ ਲਈ। ਸਤਿ-ਗੁਰੂ ਰਾਮ ਸਿੰਘ ਜੀ ਇਸ ਫਿਰਕੇ ਦੇ ਸ਼ਿਰੋਮਣੀ ਮੰਨੇ ਗਏ। ਕੁਝ ਲੋਕ ਇਸਤ੍ਰਾਂ ਇਲਹਾਮੇ ਗਏ ਹਨ ਕਿ ਜਿਸ ਮਨੁਖ ਨੇ ਇਸ ਜਥੇਬੰਦੀ ਨੂੰ ਧਾਰ-ਮਿਕ ਤੋਂ ਰਾਜਨੀਤਕ ਸ਼ਕਲ ਅਤੇ ਅਮਲ ਵਿਚ ਬਦਲਿਆ ਉਹ ਇਕ ਮਰਹਟਾ ਸੀ, ਜਿਸਦਾ ਨਾਮ ਸਾਧੂ ਰਾਮਦਾਸ ਸੀ। ਸਾਧੂ ਰਾਮਦਾਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਮਨਾ ਲਿਆ ਕਿ ਭਾਰਤ ਦੇ ਸਭਿਆਚਾਰਕ, ਧਾਰਮਿਕ ਅਤੇ ਸਮਾਜਿਕ ਜੀਵਨ ਦੀਆਂ ਜੜ੍ਹਾਂ ਦਾ ਗਿਰਨਾ ਅਤੇ ਗਲਨਾ ਇਸਦੀ ਰਾਜਨੀਤਕ ਗੁਲਾਮੀ ਦੀ ਸੜ੍ਹਾਂਦ ਵਿਚ ਹੈ। ਉਸਨੇ ਉਹਨਾਂ ਤੇ ਜ਼ੋਰ ਦਿਤਾ ਕਿ ਇਸਦੀ ਜਰ-ਜਰਤਾ ਦੀ ਰੋਕ ਦੀ ਅਸਲੀ ਦਵਾ ਸਮਾਜਕ ਅਤੇ ਧਾਰਮਿਕ ਹਾਲਤਾਂ ਉਤੇ ਵਾਰ ਵਿਚ ਏਨੀ ਨਹੀਂ ਜਿੰਨੀ ਸਾਡੇ ਸਾਰੇ ਦੁਖਾਂ ਦੇ ਸਬੱਬ ਇਸ ਰਾਜਨੀਤਕ ਪਰਤੰਤਰਤਾ ਨੂੰ ਵਗਾਹ ਮਾਰਨ ਅਤੇ ਦਬਾ ਦੇਣ ਵਿਚ ਹੈ। ਉਸਨੇ ਉਹਨਾਂ ਨੂੰ ਸਪਸ਼ਟ ਕੀਤਾ ਕਿ ਭਾਵੇਂ ਲੋਕ ਆਪਣੀ ਪਰਤੰਤਰਤਾ ਦੇ ਸਮੇ ਵਿਚ ਪਦਾਰਥਕ ਗਿਰਾਉ ਵਿਚ ਪਹੁੰਚ ਗਏ ਹਨ ਪਰ ਜਿੰਨਾਂ ਚਿਰ ਲੋਕਾਂ ਦੇ ਦਿਲਾਂ ਵਿੱਚ ਕੋਮੀ-ਅਤ ਦਾ ਗੁਣ ਤੇਜ਼ੀ ਨਾਲ ਪ੍ਰਜਵਲਤ ਹੈ ਤਦ ਤਕ ਕੌਮੀ ਕਾਇਆਂ ਕਲਪ ਦੀ ਯਕੀਨੀ ਆਸ ਹੈ। ਇਸ ਵਾਸਤੇ ਜਰੂਰੀ ਹੋ ਜਾਂਦਾ ਹੈ, ਸਾਧੂ ਰਾਮਦਾਸ ਨੇ ਜ਼ੋਰ ਦਿਤਾ ਕਿ ਕੌਮੀ ਭਾਵਨਾਂ ਦੀ ਇਹ ਸੂਝ ਜਿੰਨੀ ਵੀ ਹੋ ਸਕੇ ਸਾਫ਼ ਅਤੇ ਤਿਖੇਰਿਆਂ ਰਖੀ ਜਾਇ। ਇਸੇ ਵਿਚ ਹੀ ਕੌਮ ਦੀ ਲੀਡਰਸ਼ਿਪ ਪਰਖੀ ਅਤੇ ਸਤਿਕਾਰੀ ਗਈ ਹੈ। ਭਾਵੇਂ ਸਮਾਜਕ ਜੀਵਨ ਅਤੇ ਅਮੀਰੀ ਵਾਸਤੇ ਸਮਾਜਿਕ ਸੁਧਾਰ ਅਤੇ ਧਾਰਮਿਕ ਪੁਨਰ-ਜੀਵਨ ਬਹੁਤ ਜਰੂਰੀ ਹਨ ਪਰ ਇਸ ਫਲ ਦੀ ਪ੍ਰਾਪਤੀ ਆਜ਼ਾਦੀ ਵਲੋਂ ਕੇਵਲ ਓਦੋਂ ਹੀ ਦਿਤੀ ਜਾਂਦੀ ਹੈ ਜਦੋਂ ਕਿ ਇਹ ਸਾਵਧਾਨੀ ਨਾਲ ਰੁਚਾਈ ਅਤੇ ਪਾਲੀ ਜਾਇ। ਨਹੀਂ ਤਾਂ ਜਿਹੜਾ ਸਮਾਜ ਹੀਣੀ ਪਰਾਧੀਨਤਾ ਦੇ ਸਬੱਬ ਨਿਰਾਸ ਅਤੇ ਕਰੀਬੁਲ ਮਰਗ ਹੋਵੇ, ਉਹ ਗੁਲਾਮੀ ਦੇ ਰਸ ਚੂਸੂ ਉਠਾ ਦੇ ਹਮਲਿਆਂ ਦਾ ਸਾਹਮਣਾ ਕਰਨ ਦੇ ਯੋਗ ਨਹੀਂ ਹੋਵੇਗਾ। ਸਮਾਜਿਕ ਸੁਧਾਰ ਅਤੇ ਧਾਰਮਿਕ ਮੁੜ ਜਾਗਰਤੀ, ਕੌਮੀ ਭਾਵਨਾਂ ਦੀ ਜਾਗਰਤ ਅਤੇ ਜੀਉਣ ਦੀ ਅਮੋੜ ਇਛਾ ਬਿਨਾ ਨਕਾਰੀਆਂ ਕੋਸ਼ਸ਼ਾਂ ਹਨ। ਅਜੇਹੇ ਹਮਲੇ ਕੌਮ ਨੂੰ ਪੂਰੀਤਰਾਂ ਤਬਾਹੀ ਵਲ ਠੇਲ੍ਹ ਦੇਣ ਲਈ ਸੰਭਵ ਹੋ ਸਕਦੇ ਹਨ।

ਸਾਧੂ ਰਾਮਦਾਸ ਦੇ ਅਜੇਹੇ ਉਪਦੇਸ਼ਾਂ ਨੇ ਸਤਿ-ਗੁਰੂ ਰਾਮ ਸਿੰਘ ਜੀ ਦੇ ਫਿਰਕੇ ਦੀ ਚਾਹਨਾ ਅਤੇ ਕੇਂਦਰੀ ਭਾਵ, ਅੰਦਰੋਂ ਤੇ ਬਾਹਰੋਂ, ਸ਼ਕਲੋਂ ਅਤੇ ਬਣਤਰੋਂ ਬਦਲ ਦਿਤੇ। ਇਹੋ ਹਾਲਾਤ ਦੀ ਅਨੁ-ਕੂਲਤਾ ਸੀ ਅਤੇ ਏਹੋ ਸਮੇ ਦੀ ਜ਼ਰੂਰਤ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਰਵਯੇ ਅਤੇ ਪੜਛੇ ਲਾਹੂ ਹਮਲਿਆਂਦੀ ਸੇਧਦੀਇਸ ਤਬਦੀਲੀ ਨਾਲ ਆਪਣੀ ਤਲਵਾਰ-ਤਿਖੀ ਜ਼ਬਾਨ ਦਾ ਰੁਖ

ਵਿਦੇਸ਼ੀ ਤਾਕਤ ਵਲ ਮੋੜ ਦਿਤਾ, ਜਿਹੜੀ ਤਾਕਤ ਭਾਰਤ ਮਾਂ ਦੇ ਸਾਰੇ ਦੁਖਾਂ ਅਤੇ ਮੁਸੀਬਤਾਂ ਦੀ ਅਸਲੀ ਜੜ੍ਹ ਸੀ। ਉਹਨਾਂ ਦੀ ਆਕਰਸ਼ਕ ਬੋਲੀ ਨੇ ਜੋ ਕਿ ਆਪਣੇ ਦੇਸ਼ ਵਾਸੀਆਂ ਦੀ ਜ਼ਿੰਦਗੀ ਵਿਚ ਗਲਤੀਆਂ ਅਤੇ ਖਜ਼ਬਾਤੀ ਭੁਲਾਵਿਆਂ ਦੇ ਕਰਬਲ ਕੁਰਬਲ ਕਰਦੇ ਸਿਧਾਂਤਾਂ ਤੇ ਅਮਲਾਂ ਦਾ ਬੇ ਕਿਰਕ ਨਿਰਣਾ ਕਰਨ ਵਿਚ ਨਿਪੁੰਨ ਸੀ, ਬਰਤਾਨਵੀ ਹਕੂਮਤ ਉਤੇ ਝੁਲਸਾਊ ਨੁਕਤਾਚੀਨੀ ਦੇ ਗਰਮ ਲਾਵੇ ਨਾਲ ਵਾਰ ਕਰ ਦਿਤਾ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਂ ਦਰਿਆਵਾਂ ਦੇ ਇਸ ਪ੍ਰਾਂਤ ਵਿਚ ਬੇ ਗਿਣਤ ਰੂਹਾਂ ਨੂੰ ਲਟਲਟਾ ਦਿਤਾ। ਇਕ ਸਮਾ ਸੀ ਜਦੋਂ ਕਿ ਕੋਈ ਵੀ ਜਵਾਨ ਐਸਾ ਨਹੀਂ ਸੀ ਜੋ ਇਸ ਲੀਡਰ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੋਂ ਆਕਰਸ਼ਕ ਨਾ ਹੋਇਆ ਹੋਵੇ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਕੀਲ ਥਲੇ ਆਏ ਲੋਕਾਂ ਦੀ ਭੀੜ ਵਿਚੋਂ ਕੁਝ ਸ਼ਰਧਾਲੂ ਪੈਰੋਕਾਰ ਚੁਣ ਲਏ ਜਿਹੜੇ ਇਕ ਨਵੀਂ ਮਜ਼ਬੂਤ ਰਾਜਨੀਤਕ ਜਥੇਬੰਦੀ ਉਸਾਰਨ ਦੇ ਯੋਗ ਹੋਣ। ਇਹ ਮੰਨੀ ਹੋਈ ਸਚਾਈ ਹੈ ਕਿ ਕਿਸੇ ਜਥੇਬੰਦੀ ਦੀ ਸ਼ਕਤੀ ਉਸਦੇ ਪੈਰੋਕਾਰਾਂ ਦੇ ਵਿਸ਼ਵਾਸ ਅਤੇ ਸ਼ਰਧਾ ਉਤੇ ਹੁੰਦੀ ਹੈ। ਇਹ ਵੀ ਸਾਬਤ ਹੋ ਚੁਕੀ ਹਕੀਕਤ ਹੈ—ਭਾਵੇਂ ਇਹ ਉਲਟ ਭਾਸ਼ ਦੇ ਤੌਰ ਤੇ ਹੀ ਸਾਹਮਣੇ ਆਵੇ, ਕਿ ਸੰਪੂਰਨ ਤਿਆਗ ਜਾਂ ਜੀਵਨ ਦੀ ਅਧੀਨਗੀ, ਆਮ ਤੌਰ ਤੇ ਐਲਾਨ ਨਾਮਿਆਂ ਅਤੇ ਨਾਅਰਿਆਂ ਨਾਲ ਹੀ ਪ੍ਰਾਪਤ ਨਹੀਂ ਕੀਤੇ ਜਾ ਸਕਦੇ, ਸਗੋਂ ਏਹ ਕੇਵਲ ਕੋਈ ਉਚਤਮ ਸ਼ਖਸੀਅਤ-ਮਹਾਤਮਾ— ਦੀ ਛੁਹ ਸਦਕਾ ਹੀ ਹੋ ਸਕਦੇ ਹਨ। ਏਹ ਕੇਵਲ ਉਸੇ ਵਿਅਕਤੀ ਦੇ ਸਬੰਧ ਵਿਚ ਸੰਭਵ ਹੁੰਦਾ ਹੈ ਜੋ "ਰੂਹਾਨੀ ਸਚਾਈ" ਨੂੰ ਪਰਗਟ ਕਰਦੀ ਹੈ। ਅਜੇਹੀ ਵਿਅਕਤੀ ਆਪਣੇ ਪੈਰੋਕਾਰਾਂ ਵਿਚ ਧਾਰਮਿਕ ਅਤੇ ਰੂਹਾਨੀ ਵਿਚਾਰਾਂ ਦੇ ਨਾਲ ਨਾਲ ਦਰੁਸਤ ਅਮਲ ਅਤੇ ਉਦਮ ਨੂੰ ਵੀ ਪੈਦਾ ਕਰ ਦਿੰਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸਿਧਾਂਤਾਂ ਅਤੇ ਅਮਲਾਂ ਉਤੇ ਬੜੀ ਚੰਗੀਤਰਾਂ ਸੋਚਕੇ ਜਥੇਬੰਦੀ ਦੇ ਢੰਗ ਅਤੇ ਥੀਊਰੀਆਂ ਵੀ ਨਾਲ ਨਾਲ ਹੀ ਪੈਦਾ ਕੀਤੇ। ਉਹਨਾਂ ਨੇ ਦਲੀਲਬਾਜ਼ੀ ਅਤੇ ਅਖਲਾਕੀ ਵਿਚਾਰਾਂ ਨੂੰ ਠੀਕਤਰਾਂ ਉਪਦੇਸ਼ਿਆ। ਉਹਨਾਂ ਨੇ ਅਮਲ ਦੇ ਰਾਹ ਉਤੇ ਜੀਵਨ ਦੇ ਨਿਯਮਾਂ ਤੇ ਸਮਾਜਕ ਵਤੀਰੇ ਦੇ ਅਸੂਲਾਂ ਨੂੰ ਆਮ ਸਿਧਾਂਤਾਂ ਦੇ ਨਾਲ ਰਲਕੇ ਵੇਰਵਿਆ। ਇਹ ਵਿਚਾਰਾਂ ਤੇ ਅਮਲਾਂ ਦੀ ਪੂਰਣਤਾ ਤੇ ਇਕਸਾਰਤਾ ਹੀ ਸੀ ਜਿਸਨੇ ਇਸ ਜਥੇਬੰਦੀ ਨੂੰ 'ਤੰਗ ਨਜ਼ਰੀ ਸ਼ਕਲ' ਦੇ ਦਿਤੀ। ਜਿਹੜਾ ਵੀ ਕੋਈ ਰਾਮ ਸਿੰਘ ਜੀ ਦੇ ਇਨਕਲਾਬੀ ਸੰਗਠਨ ਵਿਚ ਰਲਣ ਦੀ ਇਛਾ ਦਸਦਾ ਉਸ ਵਾਸਤੇ ਇਕ ਪ੍ਰਣ ਕਰਨਾ ਜ਼ਰੂਰੀ ਹੁੰਦਾ ਤੇ ਇਕ ਸਨਾਤਨੀ 'ਦੀਖਿਆ' ਵਿਚ ਦੀਖਿਅਤ ਹੋਣਾ ਪੈਂਦਾ। ਇਸ ਚੀਜ਼ ਨੇ ਜਥੇਬੰਦੀ ਨੂੰ ਬਿਲਾ ਸ਼ਕ ਉਨਤ ਕਰਨ ਵਿਚ ਮਦਦ ਕੀਤੀ। ਲੰਮੇ ਸਮੇ ਦੇ ਮਕਸਦਾਂ ਦੀ ਪ੍ਰਾਪਤੀ ਲਈ, ਸਾਧਨਾਂ ਨੂੰ ਸ਼ਕਲ ਦੇਣ ਵਾਸਤੇ, ਨਿਜੀ ਆਜ਼ਾਦੀ ਦੀ ਸਾਇੰਟਿਫਿਕ ਬੰਦਸ਼ ਮਦਦਗਾਰ ਹੋਈ। ਪਹਿਲਾਂ ਤਾਂ ਸਤਿਗੁਰੂ ਰਾਮ ਸਿੰਘ ਜੀ ਸੁਭਾਵਕ ਹੀ ਇਸ ਮਹਾਨ ਫਿਰਕੇ ਦੇ ਸਿਧਾਂਤਾਂ ਤੇ ਅਮਲਾਂ ਦਾ ਮੁਢਲਾ ਚਸ਼ਮਾ ਬਣੇ ਅਤੇ ਫਿਰ ਇਸ ਤੋਂ ਸਾਰੀ ਹੀ ਜਥੇਬੰਦੀ ਕੇਂਦਰਤ ਅਤੇ ਇਕ-ਪੁਸ਼ਾਕੀ ਬਣੀ। ਦੂਜੇ, ਉਹ ਪੈਰੋਕਾਰ ਜੋ ਇਸ ਵਿਸ਼ਵਾਸ ਦੇ ਧਾਰਨੀ ਬਣੇ, ਧਰਮ ਨੂੰ ਵਿਸ਼ਵਾਸ ਦੀ ਬੁਨਿਆਦ ਬਣਾਂਦਿਆਂ, ਆਪਣੇ ਧਰਮ ਦੀ ਕਿਸੇ ਵੀ ਕਰੜੀ ਪ੍ਰੀਖਿਆ ਅਤੇ ਆਪਣੇ ਗੁਰੂ ਦੇ ਹੁਕਮਾਂ ਨੂੰ ਨੇਪਰੇ ਚਾਹੜਨ ਲਈ ਸਦਾ ਹੀ ਤਿਆਰ ਬਰ ਤਿਆਰ ਰਹੇ। ਹਰ ਜਥੇਬੰਦੀ ਵਿੱਚ, ਇਸ ਗੱਲ ਦੀ ਅਤਿਅੰਤ ਲੋੜ ਜਾਣੀ ਗਈ ਹੈ ਕਿ ਸ਼ਰਧਾਲੂ ਦਾ ਬੇਓੜਕਾ ਭਰੋਸਾ ਅਤੇ ਸ਼ਕਤੀਆਂ ਨੂੰ ਇਕ ਥਾਂ ਜਮਾਂ ਕਰਨ ਲਈ, ਇਕ ਕੇਂਦਰੀ-ਨੁਕਤਾ ਹੋਵੇ। ਇਹ ਵਿਸ਼ਵਾਸ-ਕੇਂਦਰ, ਕੋਈ ਰਹਸ ਵਾਦੀ, ਨਾ ਸਮਝਣ ਯੋਗ ਜਾਂ ਸਦਾ ਬਦਲਣ ਵਾਲਾ ਨਹੀਂ ਹੋਣਾ ਚਾਹੀਦਾ, ਸਗੋਂ ਸਦਾ ਚਮਕੀਲਾ, ਪੁਖ਼ਤਾ ਅਤੇ ਪਰਕਾਸ਼ ਮਾਨ ਸ਼ੈ ਵਰਗਾ ਅਭੁਲ ਹੋਣਾ

ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੰਗਰਾਮ ਦਾ ਕੇਂਦਰ 'ਗਊ' ਨੂੰ ਬਣਾਇਆ । 'ਗਊ' ਪੂਰਣ ਵਿਸ਼ਵਾਸ ਦਾ ਕੇਂਦਰੀ ਨੁਕਤਾ ਬਣ ਗਿਆ। ਵਿਸ਼ਵਾਸ ਦੀ ਏਸ ਮੁਢਲੀ ਚੀਜ਼ ਤੋਂ ਨਿਕਲਣ ਵਾਲੇ ਜ਼ਿਮਨੀ ਸਿਟੇ ਬਿਨਾ ਕਿਸੇ ਰੋਕ ਤੋਂ ਪਰਵਾਣੇ ਗਏ। ਹੁਣ (ਗਊ ਨੂੰ) ਅਤਿਅੰਤ ਸਤਿਕਾਰਯੋਗ ਪੂਜਾ ਦੀ ਵਸਤੂ ਸਮਝਕੇ ਕਦਰ ਕਰਦਿਆਂ ਕੋਈ ਵੀ ਚੀਜ਼ ਜੋ ਉਸਨੂੰ ਦੁਖਾਂਦੀ ਅਤੇ ਉਸਦੇ ਅਰਾਧਕਾਂ ਦੇ ਜਜ਼ਬਾਤ ਜਗਾਂਦੀ ਕੁਦਰਤੀ ਹੀ ਬਦਲੇ ਦਾ ਨਿਸ਼ਾਨਾਂ ਬਣ ਜਾਂਦੀ। 'ਗਊ' ਦਾ ਹਤਿਆਰਾ ਨਾਮਧਾਰੀਆਂ ਦਾ ਦੁਸ਼ਮਨ ਬਣ ਜਾਂਦਾ। ਇਹ ਖਿਆਲ ਹੋਣ ਲਗ ਪਿਆ ਕਿ ਗਊ ਦੋਖੀ ਦਾ ਨਾਸ ਕਰਨਾ ਨਾਮਧਾਰੀ ਦਾ ਫ਼ਰਜ਼ ਹੈ। ਇਸ ਫਿਰਕੇ ਨੂੰ 'ਨਾਮਧਾਰੀ ਸੰਪ੍ਰਦਾਇ' ਦਾ ਨਾਮ ਦਿਤਾ ਗਿਆ ਪਰ ਇਸ ਦੇ ਮਹਾਨ ਮੋਢੀ ਦੇ ਨਾਮ ਕਰਕੇ 'ਕੂਕਾ ਸੰਪਰਦਾਇ' ਆਖਣਾ ਹਰਮਨ ਪਿਆਰਾ ਹੋ ਗਿਆ।

ਨਾਮਧਾਰੀਆਂ ਦੀ ਸ਼ਕਤੀ ਦਿਨ ਦੂਣੀ ਤੇ ਰਾਤ ਚੌਗਣੀ ਵਧਣ ਲਗੀ। ਇਸ ਫਿਰਕੇ ਦੇ ਪਰਚਾਰ ਨੇ ਕੂਕਿਆਂ ਦੇ ਮਨਾਂ ਵਿੱਚ ਬਰਤਾਨੀਆਂ ਦੇ ਖਿਲਾਫ਼ ਅਜੇਹੀ ਗੰਭੀਰ ਨਫ਼ਰਤ ਉਸਾਰ ਦਿਤੀ ਕਿ ਲੀਡਰ ਵਾਸਤੇ ਜ਼ਰੂਰੀ ਹੋ ਗਿਆ ਕਿ ਪਹਿਲੋਂ ਤੋਂ ਹੀ ਪਲੈਨ ਕੀਤੀਆਂ ਕੁਝ ਵਿਉਂਤਾਂ ਨੂੰ ਬਚਾਣ ਲਈ ਨਿਕਾਸ ਦੇ ਕੁਝ ਝਰੋਖੇ ਖੋਲ੍ਹੇ। ਜੇ ਇੰਵ ਨਾ ਕੀਤਾ ਜਾਂਦਾ ਤਾਂ ਸੰਪ੍ਰਦਾਇ ਦੇ ਝਗੜਿਆਂ ਅਤੇ ਟੁਕੜਿਆਂ ਵਿੱਚ ਟੁਟਣ ਦਾ ਖਤਰਾ ਹੋਣਾ ਸੀ । ਇਸ ਵਾਸਤੇ ਰਾਮ ਸਿੰਘ ਜੀ ਨੇ ਆਪਣੇ ਅਨੁਯਾਈਆਂ ਨੂੰ ਹੁਣ ਨਾਮਿਲਵਰਤਨ ਅਤੇ ਬਾਈਕਾਟ ਦਾ ਪ੍ਰਣ ਲੈਣ ਲਈ ਆਖਿਆ। ਐਜੀਟੇਸ਼ਨ ਦੇ ਏਹ ਦੋਵੇਂ ਨੁਕਤੇ, ਜਿਹੜੇ ਪਿਛੇ ਜੇਹੇ ਜਾਕੇ, ੧੯੨੦ ਤੋਂ ਬਾਦ, ਸਾਡੀ ਜਾਣ ਪਛਾਣ ਵਿਚ ਆਏ, ਹਕੀਕਤਨ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਬੁਧੀ ਦੀ ਪੈਦਾਵਾਰ ਸਨ। ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਏਹ ਵੀ ਹੁਕਮ ਦਿਤਾ ਕਿ ਉਹ ਨਾ ਸਿਰਫ ਸਕੂਲਾਂ, ਕਾਲਿਜਾਂ ਅਤੇ ਕਚਹਿਰੀਆਂ ਦਾ ਬਾਈਕਾਟ ਹੀ ਕਰਨ ਜੋ ਕਿ ਔਨਿਆਂ ਨੂੰ ਛੁਟੀ ਦਿੰਦੀਆਂ ਹਨ, ਸਗੋਂ ਰੇਲ ਗਡੀਆਂ, ਡਾਕਖਾਨੇ, ਅਤੇ ਤਾਰ ਘਰਾਂ ਨੂੰ ਵੀ ਤਿਆਗਣ ਜਿਨ੍ਹਾਂ ਦੇ ਬਿਨਾ ਰੋਜ਼ਾਨਾ ਜ਼ਿੰਦਗੀ ਲਗ ਭਗ ਅਸੰਭਵ ਹੋ ਜਾਂਦੀ ਹੈ। ਇਸ ਖੁਲ੍ਹੇ ਚੌੜੇ ਬਾਈਕਾਟ ਦੇ ਕੁਦਰਤੀ ਸਿਟਿਆਂ ਦੇ ਤੌਰ ਤੇ ਸੰਗਠਤ ਸੰਪ੍ਰਦਾਇ ਦੇ ਹਜ਼ਾਰਾਂ ਪੈਰੋਕਾਰਾਂ ਲਈ ਆਵਾਜਾਈ ਦੇ ਕੁਝ ਹੋਰ ਢੰਗ ਬਣਾਣੇ ਸਨ। ਸੋ ਇਹ ਬਣਾਏ ਗਏ। ਇਸ ਤੋਂ ਪ੍ਰਤੀਤ ਹੋਇਆ ਜਿਵੇਂ ਮੁਕਾਬਲੇ ਦਾ ਰਾਜ-ਪ੍ਰਬੰਧ ਦਾਖਲ ਹੋ ਰਿਹਾ ਹੈ।

ਸੂਬੇ ਦੇ ਇਸ ਅਣੋਖੇ ਉਭਾਰ ਨੇ ਪੰਜਾਬ ਸਰਕਾਰ ਨੂੰ ਝੰਝੋੜ ਦਿਤਾ । ਇਹਨਾਂ 'ਮਨਹੂਸ' ਹਰਕਤਾਂ ਨੂੰ ਦਬਾਣ ਵਾਸਤੇ ਸਰਕਾਰ ਨੇ ਇਸ ਜਥੇਬੰਦੀ ਤੇ ਬਹੁਤ ਸਾਰੀਆਂ ਰੋਕਾਂ ਲਾ ਦਿਤੀਆਂ। ਰਾਮ ਸਿੰਘ ਜੀ ਹੁਣ ਖੁਲ੍ਹੇ ਕੰਮ ਕਰਨ ਨੂੰ ਅਸੰਭਵ ਜਾਣਕੇ ਬਾਈਕਾਟ ਅਤੇ ਨਾਮਿਲਵਰਤਨ ਦੀਆਂ ਹੱਦਾਂ ਵੱਲ ਸਾਵਧਾਨ ਹੋਏ ਅਤੇ ਸੰਗਠਨ ਦੀਆਂ ਸਾਰੀਆਂ ਖੁਲ੍ਹੀਆਂ ਹਲਚਲਾਂ ਦਾ ਖਾਤਮਾ ਕਰ ਦਿਤਾ। ਉਹਨਾਂ ਨੂੰ ਜ਼ਬਰਦਸਤ 'ਗੁਪਤ ਕੰਮ ਕਰਨ' ਦਾ ਆਸਰਾ ਲੈਣਾ ਪਿਆ ।

ਰਾਮ ਸਿੰਘ ਜੀ ਨੇ ਸਾਰੇ ਪੰਜਾਬ ਨੂੰ ਬਾਈ ਹਿਸਿਆਂ ਵਿੱਚ ਬਰਾਬਰ ਦੇ ਵਿਭਾਗੀ ਅਫਸਰਾਂ ਅਧੀਨ ਵੰਡ ਦਿਤਾ । ਇਹਨਾਂ (ਗੁਰੂ ਜੀ) ਨੇ ਬਰਤਾਨੀਆਂ ਦੇ ਖਿਲਾਫ ਲੋਕਾਂ ਦੇ ਮਨਾਂ ਵਿੱਚ ਨਫਰਤ ਚਮਕਾਣ, ਆਮ ਸ਼ਹਿਰੀਆਂ ਅਤੇ ਫੌਜ ਵਿਚਲੇ ਸੈਨਿਕਾਂ ਅਤੇ ਅਹੁਦੇਦਾਰਾਂ, ਦੋਹਾਂ ਦੇ ਦਿਲ ਜਿਤਣ, ਹਥਿਆਰ ਤੇ ਦਾਰੂ ਸਿਕਾ ਜਮਾ ਕਰਨ ਲਈ ਆਪਣੇ ਵਿਭਾਗੀ ਅਫਸਰਾਂ (ਸੂਬਿਆਂ) ਰਾਹੀਂ ਕੰਮ ਨੂੰ ਤਜਵੀਜ਼ ਕੀਤਾ । ਉਹਨਾਂ ਦੇ ਪਲੈਨ ਮੁਤਾਬਿਕ ਇਕ ਮੁਕਰਰ ਦਿਨ, ਇਕ ਮਿਥੇ ਹੋਏ ਘੰਟੇ, ਆਮ ਸ਼ਹਿਰੀਆਂ ਅਤੇ ਸੈਨਕਾਂ ਨੇ ਉਠ ਖਲੋਣਾ ਸੀ।

ਰਾਮ ਸਿੰਘ ਜੀ ਨੇ, ਜਥੇਬੰਦੀ ਉਤੇ ਗੌਰਮਿੰਟ ਦੀ ਪਾਬੰਦੀ ਲਗ ਜਾਣ ਦੀ ਮਜਬੂਰੀ ਪਿਛੋਂ ਪੂਰੇ ਪੰਜ ਸਾਲ, ਗੁਪਤ ਕੰਮਾਂ ਨੂੰ ਜਾਰੀ ਰਖਿਆ। ਉਹ ਆਪਣੇ ਪੈਰੋਕਾਰਾਂ ਦੇ ਮਨਾਂ ਵਿੱਚ ਅਜੇਹੀ ਧਮਾਕੇ ਭਰੀ ਅਸ਼ਾਂਤੀ ਠੂਸ ਰਹੇ ਸਨ ਕਿ ਉਹਨਾਂ ਨੂੰ ਉਮੀਦ ਸੀ, ਜਦੋਂ ਵੀ, ਅਵਾਜ਼ ਦਿਤੀ ਗਈ, ਜੋ ਵੀ ਸਾਹਮਣੇ ਆਇਆ ਇਸ ਭਾਂਬੜ ਵਿਚ ਮੱਚ ਉਠੇਗਾ। ਏਥੇ ਅਸੀਂ ਫੇਰ, ਗੁਰੂ ਰਾਮਸਿੰਘਜੀ ਦੇ ਪਲੈਨ ਅਤੇ ਇਸ ਦੀ ਪੂਰਤੀ ਦੇ ਕਮਾਲ ਹੁਨਰ ਦੀ ਅਤੇ ਖੁਫੀਆਪਨ ਦੀ ਗਵਾਹੀ ਦੇਣਾ ਚਾਂਹਦੇ ਹਾਂ ਕਿ ੧੮੬੯ ਦੇ ਸਾਲ ਵਿੱਚ, ਗੌਰਮਿੰਟ ਇਸ ਸੰਗਠਨ ਤੇ ਕੁੱਲ ਸ਼ੱਕ ਸ਼ੁਬ੍ਹਿਆਂ ਤੋਂ ਇਸਤਰਾਂ ਬੇ-ਹਥਿਆਰੀ ਹੋ ਗਈ ਕਿ ਉਸ ਨੇ ਨਾਮਧਾਰੀਆਂ ਤੋਂ ਪਾਬੰਦੀ ਨੂੰ ਪੂਰਣ ਰੂਪ ਵਿਚ ਉਠਾ ਲਿਆ। ਗੌਰ-ਮਿੰਟ ਇਸ ਖਿਆਲ ਦੇ ਅਸਰ ਹੇਠ ਸੀ ਕਿ ਏਸ ਸੰਗਠਨ ਨੇ ਆਪਣੀ ਸਾਰੀ ਤਾਕਤ ਅਤੇ ਜਲਣ ਗੁਆ ਲਈ ਹੈ ਅਤੇ ਡੰਗੋਂ ਬਗੈਰ ਹੋ ਗਿਆ ਹੈ।

ਏਸਤਰਾਂ ੧੮੬੯ ਵਿਚ ਮੁੜ ਇਹ ਜਥੇਬੰਦੀ ਖੁਲੇ ਤੌਰ ਤੇ, ਜਿਵੇਂ ਇਹਦਾ ਜੀ ਕਰੇ, ਕੰਮ ਕਰਨ ਲਈ ਆਜ਼ਾਦ ਹੋ ਗਈ। ਇਸ ਫਿਰਕੇ ਦੇ ਪੈਰੋ-ਕਾਰਾਂ ਨੇ ਮਹਿਸੂਸ ਕੀਤਾ ਕਿ ਗੌਰਮਿੰਟ ਇਹਨਾਂ ਦੀ ਤਾਕਤ ਤੋਂ ਘਬਰਾ ਗਈ ਹੈ ਅਤੇ ਏਸੇ ਕਰਕੇ ਇਹਨਾਂ ਨੂੰ ਆਜ਼ਾਦ ਕਰਨ ਲਈ ਮਜਬੂਰ ਹੋਈ ਹੈ। ਇਹ ਆਜ਼ਾਦੀ ਬਹੁਤੇ ਸ਼ਰਧਾਲੂਆਂ ਦੀ ਰਾਇ ਵਿਚ ਇਹਨਾਂ ਦੇ ਗੁਰੂ ਦੀ ਕਰਾਮਾਤ ਸੀ। ਇਸ ਖਿਆਲ ਨੇ ਹੁਣ ਉਹਨਾਂ ਦੇ ਦਿਲਾਂ ਵਿਚ ਰੂਹਾਨੀ ਸ਼ਕਤੀ ਦੇ ਭਰੋਸੇ ਦਾ ਬੇਓੜਕਾ ਵਾਧਾ ਕਰ ਦਿਤਾ। ਇਸ ਸ੍ਵੈ-ਧੋਖੇ ਦਾ ਅਸਰ ਇਹ ਹੋਇਆ ਕਿ ਰਾਮ ਸਿੰਘ ਜੀ ਜਿਹੜੀ ਸ਼ਕਤੀ ਨੂੰ ਬਚਾਈ ਰਖਣਾ ਅਤੇ ਲਾਮ ਬੰਦ ਕਰਨਾ ਚਾਂਹਦੇ ਸਨ, ਆਪਣੇ ਪੈਰੋਕਾਰਾਂ ਦੇ ਹਠ ਅਤੇ ਅਭਿਮਾਨ ਕਰਕੇ ਉਸ ਸ਼ਕਤੀ ਨੇ ਆਤਮਘਾਤੀ ਨਿਕਾਸ ਦਾ ਰਾਹ ਲਭ ਲਿਆ।

੧੮੬੯ ਦੇ ਸਾਲ ਵਿਚ ਕੁਝ ਕੂਕੇ ਅੰਮ੍ਰਤ-ਸਰ ਨੂੰ ਜਾ ਰਹੇ ਸਨ। ਰਾਹ ਵਿਚ ਉਹਨਾਂ ਨੂੰ ਕੁਝ ਬੁਚੜ ਮਿਲੇ। ਫਿਰਕੇ ਦੇ ਇਹਨਾਂ ਮਾਣੀ ਪੈਰੋਕਾਰਾਂ ਨੇ ਬੁਚੜਾਂ ਨੂੰ ਵੇਖਿਆ ਅਤੇ ਮਹਿਸੂਸ ਕੀਤਾ ਕਿ ਗਊਆਂ ਦੇ ਇਹਨਾਂ ਦੁਸ਼ਮਣਾਂ ਨੂੰ ਜ਼ਰੂਰ ਬੰਨੇ ਲਾਣਾ ਚਾਹੀਦਾ ਹੈ। ਕੂਕਿਆਂ ਨੇ ਉਹ ਬੁਚੜ ਮਾਰ ਦਿਤੇ। ਜੋਸ਼ ਦੇ ਠੰਢਿਆਂ ਹੋਣ ਪਿਛੋਂ ਉਹਨਾਂ ਆਪਣੇ ਕਰਮ ਦੀ ਗੰਭੀਰਤਾ ਠੀਕਤਰਾਂ ਚਿਤਵੀ। ਨਤੀਜਿਆਂ ਤੋਂ ਕਿਵੇਂ ਬਚ ਨਿਕਲਣ, ਉਹਨਾਂ ਦਾ ਫਿਕਰ ਹੋ ਗਿਆ। ਉਹ ਰਾਮ ਸਿੰਘ ਜੀ ਪਾਸ ਆਏ ਅਤੇ ਸਾਰੇ ਮਾਮਲੇ ਦੀ ਵਿਥਿਆ ਦਸੀ। ਰਾਮ ਸਿੰਘ ਜੀ ਨੇ ਉਹਨਾਂ ਨੂੰ ਖ਼ਬਰਦਾਰ ਕੀਤਾ ਕਿ ਉਹਨਾਂ ਏਹ ਬੜਾ ਨਾਦਾਨੀ ਭਰਿਆ ਕਾਰਾ ਕੀਤਾ ਹੈ, ਜਿਹੜਾ ਉਹਨਾਂ ਦੇ ਛੋਹੇ ਹੋਏ ਮਹਾਨ ਮਨੋਰਥ ਲਈ ਨੁਕਸਾਨ ਦਿਹ ਹੋਵੇਗਾ। ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਸਾਫ਼ ਆਖਿਆ ਕਿ ਉਹਨਾਂ ਦਾ ਵਤੀਰਾ ਜਥੇਬੰਦੀ ਨੂੰ ਤਬਾਹ ਕਰ ਦੇਵੇਗਾ ਅਤੇ ਉਹਨਾਂ ਨੂੰ ਉਪਦੇਸ਼ਿਆ ਕਿ ਉਹ ਸਾਰੀਆਂ ਸਜ਼ਾਵਾਂ ਭੁਗਤਣ ਲਈ ਤਿਆਰ ਰਹਿਣ ਜਾਂ ਆਪਣੇ ਕੀਤੇ ਕਾਹਲੇ ਅਮਲ ਦੀ ਮੁਸੀਬਤ ਨੂੰ ਸਹਿਣ ਦੀ ਕੁਰਬਾਨੀ ਕਰਨ।

ਕੁਛ ਦਿਨਾਂ ਤਕ ਏਹ ਕੂਕੇ ਪੂਰੀਤਰਾਂ ਖਾਮੋਸ਼ ਰਹੇ। ਪਰ ਕਤਲ ਕਦੇ ਲੁਕਦਾ ਨਹੀਂ, ਏਹ ਬੋਲ ਪੈਂਦਾ ਹੈ। ਬੁਚੜਾਂ ਦਾ ਇਹ ਭਿਆਨਕ ਕਤਲਾਮ ਆਮ ਬਹਿਸ ਦਾ ਵਿਸ਼ਾ ਹੋ ਗਿਆ। ਸਰਕਾਰ ਨੂੰ ਵਾਕਿਆ ਤੋਂ ਜਾਣੂੰ ਕਰਵਾਇਆ ਗਿਆ। ਜੁਰਮ ਦੀ ਪੜਤਾਲ ਹੋਣ ਲਗੀ। ਮਾਣਯੋਗ ਸ਼ਹਿਰੀ ਜਿਚ ਕਰਨ ਲਈ ਨਿਸ਼ਾਨੇ ਗਏ। ਘਰਾਂ ਦੀ ਤਲਾਸ਼ੀ ਹੋਈ। ਕੁਝ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ। ਗੱਲ ਕੀ, ਗੌਰਮਿੰਟ ਦੇ ਜ਼ੁਲਮਾਂ ਕਾਰਨ ਜ਼ਿੰਦਗੀ ਸੁਰਖਿਆ ਰਹਿਤ ਅਤੇ ਨਾ-ਜਰਨ ਯੋਗ ਹੋ ਗਈ।

ਰਾਮ ਸਿੰਘ ਜੀ ਨੂੰ ਆਮ ਲੋਕਾਂ ਦੀਆਂ ਤਕ-ਲੀਫਾਂ ਦਾਆਂ ਕਹਾਣੀਆਂ ਸੁਣੀਣ ਲਗੀਆਂ ਤੇ ਉਹ ਬਹੁਤ ਹੀ ਫ਼ਿਕਰ ਮੰਦ ਹੋ ਗਏ। ਉਹਨਾਂ ਨੇ

ਕਸੂਰਵਾਰ ਪੈਰੋਕਾਰਾਂ ਨੂੰ ਬੁਲਾਇਆ ਅਤੇ ਇਹ ਇਛਾ ਜ਼ਾਹਰ ਕੀਤੀ ਕਿ ਆਮ ਨਿਰਦੋਸ਼ ਲੋਕਾਂ ਦੀ ਸਹਾਇਤਾ ਲਈ ਉਹ ਆਪਣੇ ਆਪ ਨੂੰ ਗੌਰਮਿੰਟ ਦੇ ਹਵਾਲੇ ਕਰ ਦੇਣ। ਇਹ ਪਵਿਤਰ ਰੂਹਾਂ ਆਪਣੇ ਫਿਰਕੇ ਦੇ ਸਤਿਕਾਰ ਤੇ ਵਕਾਰ ਲਈ ਆਪਣੇ ਸਰੀਰ ਅਤੇ ਜ਼ਿੰਦਗੀਆਂ ਕੁਰਬਾਨ ਕਰਨ ਲਈ ਅਠੇ ਪਹਿਰ ਤਿਆਰ ਸਨ। ਉਹਨਾਂ ਗੁਰੂ ਰਾਮ ਸਿੰਘ ਜੀ ਦੀ ਆਗਿਆ ਦਾ ਪਾਲਣ ਕੀਤਾ ਅਤੇ ਆਪਣੇ ਆਪਨੂੰ ਸਰਕਾਰ ਦੇ ਹਵਾਲੇ ਕਰ ਦਿਤਾਂ।

ਸਤਿਗੁਰੂ ਰਾਮ ਸਿੰਘ ਜੀ ਵਲੋਂ ਕਰਵਾਏ ਗਏ ਇਸ ਸੰਪੂਰਨ ਸ੍ਵੈ ਸਮਰਪਣ ਅਤੇ ਜ਼ਿੰਦਗੀਆਂ ਦੇ ਸੰਪੂਰਣ ਬਲੀਦਾਨ ਨੇ ਇਹਨਾਂ ਦੇ ਚਰਿਤਰ ਦੀ ਉਚਤਾ ਅਤੇ ਸ਼ਰਧਾ ਦੀ ਗਹਿਰਾਈ ਦਾ ਪ੍ਰਗਟਾਵਾ ਕੀਤਾ ਅਤੇ ਉਸ ਵੇਲੇ ਦੇ ਫੌਜੀ ਜੁਆਨਾਂ ਤੇ ਅਫ-ਸਰਾਂ ਅਤੇ ਬਰਤਾਨਵੀ ਸਰਕਾਰ ਦੇ ਸਾਰੇ ਸਿਵਲ ਵਿਭਾਗਾਂ ਉਤੇ ਬਹੁਤ ਵਡਾ ਅਸਰ ਪਾਇਆ। ਨਾਮਧਾਰੀ ਸੰਪ੍ਰਦਾਇ ਦੇ ਜਥੇਬੰਦਕ ਸੁਚੇਤ ਅਤੇ ਖਬਰਦਾਰ ਸਨ ਅਤੇ ਉਹ ਆਪਣੀ ਜਥੇਬੰਦੀ ਨੂੰ ਵਧਾਣ ਲਈ, ਲੋਕਾਂ ਦੇ ਮਨਾਂ ਵਿਚ ਆਈ ਸਹਾ-ਇਕ ਤਬਦੀਲੀ ਨੂੰ ਵਰਤਦੇ ਸਨ, ਪ੍ਰਾਪੇਗੰਡੇ ਦੇ ਢੰਗ ਦੀ ਭਨਰ ਭਰੀ ਤੇ ਭੇਤ ਭਰੀ ਵਰਤੋਂ ਨਾਲ, ਜਥੇਬੰਦਕਾਂ ਨੇ ਲੋਕਾਂ ਦਾ ਇਸਤਰਾਂ ਪਿਛਾ ਕੀਤਾ ਕਿ ਇਹ ਸੰਪਰਦਾਇ ਛੇਤੀ ਹੀ ਵਧ ਫੂਲ ਗਈ। ਇਸਤਰਾਂ ਬਹੁਤ ਥੋੜੇ ਸਮੇ ਵਿਚ ਹੀ, ਆਮ ਆਦਮੀ, ਸ਼ਹਿਰੀ ਤੇ ਸਿਪਾਹੀ ਓਸੇ ਨਾਮਧਾਰੀ ਪਲੈਨ ਫ਼ਾਰਮ ਤੇ ਮੋਢੇ ਨਾਲ ਮੋਢਾ ਜੋੜਕੇ ਆ ਖਲੋਤੇ। ਉਸਨੇ ਉਸ ਗੁੰਦੇ ਹੋਏ ਪਲੈਨ ਜਿਸ ਵਿਚ ਇਕ ਮੁਕਰਰ ਵਕਤ ਉਤੇ (ਬਰਤਾਨਵੀ ਸਰਕਾਰ ਦੇ ਖਿਲਾਫ) ਉਠ ਖਲੋਣਾਂ ਸੀ, ਨੂੰ ਨੇਪਰੇ ਚਾੜਿਆ ਪਰ ਉਹ ਕਹਾਵਤ "ਤੇਲੀ ਜੋੜੇ ਪਲੀ ਪਲੀ ਤੇ ਰੱਬ ਰੁੜ੍ਹਾਵੇ ਕੁਪਾ"

ਕਦੇ ਵੀ ਝੂਠੀਨਹੀਂਪੈਂਦੀ। ਇਸ ਸਚਾਈ ਦਾ ਕੌੜਾ ਤਜਰਬਾ ਇਕ ਵਾਰ ਫੇਰ ਹੋਇਆ। ਇਹ ਇਕ ਪਕੇਰੀ ਬਦਕਿਸਮਤੀ ਹੈ ਕਿ ਜਦੋ ਜਿਹਦ ਦੀ ਡਾਢੀ ਸੰਘਣਤ ਅਤੇ ਤੂਫਾਨੀ ਦਸ਼ਾ ਸਮੇ ਅਜੇਹੇ ਵਾਕਿਆ ਬਾਰ ਬਾਰ ਹੋ ਜਾਂਦੇ ਹਨ. ਜੋ ਤਾਰੀਖ ਦਾ ਸਾਰਾ ਰਾਹ ਹੀ ਤਬਦੀਲ ਕਰ ਧਰਦੇ ਹਨ।

ਅਸੀਂ ਪਹਿਲਾਂ ਹੀ ਕਹਿ ਚੁਕੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਜ਼ਰਾ ਜੁਸ਼ੀਲੇ ਤੇ ਵਾਧੂ ਸ੍ਵੈ ਵਿਸ਼ਵਾਸੀ ਹੋ ਗਏ ਸਨ। ਜੇ ਇਹਨਾਂ ਦਾ ਬੇਹਦਾ ਉਤਸ਼ਾਹ ਅਤੇ ਸ੍ਵੈ ਅਭਿਮਾਨ ਸਬੱਬਾਂ ਦੇ ਬੰਨ੍ਹ ਨਾ ਤੋੜ ਦਿੰਦਾ, ਤਦ ਐਨ ਸੰਭਵ ਸੀ ਕਿ ਨਾ ਸਿਰਫ ਪੰਜਾਂ ਪਾਣੀਆਂ ਦੀ ਧਰਤੀ ਦੀ, ਸਗੋਂ ਸਾਰੇ ਹੀ ਭਾਰਤ ਦੀ ਤਾਰੀਖ ਇਕ ਵਖਰੇ ਢੰਗ ਨਾਲ ਲਿਖੀ ਜਾਂਦੀ। ਪਰ ਭਾਰਤ ਦੇ ਨਕਸ਼ੇ ਦੀ ਕਿਸਮਤ ਉਤੇ ਡਟੀ ਖਲੋਤੀ ਹੋਣੀ ਇਕ ਵਾਰ ਫਿਰ ਬਰਤਾਨੀਆਂ ਦੇ ਹੱਕ ਵਿਚ ਹੋ ਗਈ, ਇਹ ਇਸਤਰਾਂ ਹੋਇਆ। ੧੮੭੨ ਦੀ ੧੩ ਜਨਵਰੀ ਨੂੰ ਕੁਝ ਨਾਮਧਾਰੀ ਸਜਣ ਆਪਣੇ ਯਾਤ੍ਰਾ ਯੋਗ ਪਵਿਤਰ ਤੀਰਥ ਭੈਣੀ ਸਾਹਿਬ ਨੂੰ ਆ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਜਨਮ-ਨਗਰ ਵਿਚ ਮਾਘੀ ਦਾ ਮੇਲਾ ਸੀ। ਭੈਣੀ ਨੂੰ ਰਸਤਾ ਮਲੇਰ ਕੋਟਲੇ ਦੀ ਰਿਆਸਤ ਥਾਣੀ ਗੁਜ਼ਰਦਾ ਸੀ। ਸਾਰੇ ਹੀ ਨਾਮਧਾਰੀ ਜਥੇ ਰਿਆਸਤ ਵਿਚ ਦੀ ਆ ਰਹੇ ਸਨ। ਇਕ ਯਾਤਰੂ ਜਿਹੜਾ ਕਿਸੇਤਰਾਂ ਰਾਹ ਭੁਲ ਗਿਆ, ਪਿਛੇ ਰਹਿ ਗਿਆ। ਇਹ ਇਕੱਲਾ ਨਾਮਧਾਰੀ ਆਪਣੇ ਰਾਹੇ ਜਾ ਰਿਹਾ ਸੀ ਜਦੋਂ ਕਿ ਇਕ ਮੁਸਲਮਾਨ ਕੋਲੋਂ ਦੀ ਲੰਘਿਆ, ਦੋਹਾਂ ਵਿਚ ਝਗੜਾ ਹੋ ਪਿਆ। ਜਿਵੇਂ ਕਿ ਹੁੰਦਾ ਹੀ ਹੈ, ਆਪਣੇ ਧਰਮ ਭਰਾਵਾਂ ਤੇ ਹਮਲੇ ਵੇਲੇ ਜਿਵੇਂ ਮੁਸਲਿਮ ਭਾਈਚਾਰਾ ਕਦੇ ਪਿਛੇ ਨਹੀਂ ਰਿਹਾ, ਉਹ ਮੁਸਲ-ਮਾਨ ਦੀ ਪਿਠ ਤੇ ਹੋ ਖਲੋਤਾ। ਠੀਕ ਇਸਦੇ ਉਲਟ ਹਿੰਦੂ ਭਾਈਚਾਰੇ ਦੀ ਸਪਿਰਟ ਹੈ, ਜਿਹੜੇ ਹਿੰਦੂ ਇਸ ਆਪਣੇ ਭਰਾ ਨੂੰ ਮੁਸੀਬਤ ਵਿਚ ਪਿਆਂ ਵੇਖ ਰਹੇ ਸਨ ਉਹਨਾਂ ਉਸਦੀ ਮਦਦ ਲਈ ਬਾਹਾਂ ਨਾ ਫੈਲਾਈਆਂ। ਇਸ ਕਲੇ ਕਾਰੇ ਨਾਮਧਾਰੀ ਤੇ ਕਈ ਮੁਸਲਮਾਨਾਂ ਹਮਲਾ ਕਰ ਦਿਤਾ ਤੇ ਬੜੀ ਸਖਤ ਮਾਰ ਕੁਟ ਕੀਤੀ। ਇਸ ਹਮਲੇ ਵਿਚ

ਆਪਣੇ ਆਪਨੂੰ ਆਸਮਰਥ ਪਾਕੇ ਹਿੰਦੂ ਤਿਰੜ ਫਿਸ ਹੋ ਗਏ ਤਾਂ ਵੀ ਉਜੱਡ ਮੁਸਲਮਾਨ ਇਸਨੂੰ ਮਾਰਨ ਤੇ ਹੀ ਬਸ ਨਾ ਹੋਏ। ਉਹਨਾਂ ਇਕ ਗਾਂ ਫੜੀ ਜਿਹੜੀ ਕਿ ਨਾਮਧਾਰੀ ਲਈ ਪੂਜਯ ਸੀ। ਉਸਦੀ ਬੇਯਾਰ ਮਦਦਗਾਰ ਦੀ ਹਾਲਤ ਵਿਚ ਉਸਦੀਆਂ ਅਖਾਂ ਸਾਹਵੇਂ ਗਊ ਦੇ ਦੁਸ਼ਮਨਾਂ ਨੇ ਜਾਨਵਰ ਨੂੰ ਠੁਡੇ ਮਾਰੇ ਅਤੇ ਕਤਲ ਕਰ ਦਿਤਾ। ਗਊ ਦੀ ਮੌਤ ਏਨੀ ਕਸ਼ਟਕਾਰੀ ਸੀ ਕਿ ਉਸ ਦ੍ਰਿਸ਼ ਨੇ ਨਾਮਧਾਰੀ ਨੂੰ ਪਾਗਲ ਕਰ ਦਿਤਾ। ਮੁਸਲਮਾਨਾਂ ਨੇ ਉਸ ਮਾਰੇ ਕੁਟੇ ਨਾਮਧਾਰੀ ਤੇ ਪਵਿਤਰ ਗਊ ਦਾ ਲਹੂ ਛਿਣਕਿਆ। ਜਿਸਤਰਾਂ ਬਦਮਾਸ਼ ਮੁਸਲਮਾਨਾਂ ਨੇ ਉਸ ਨਾਮਧਾਰੀ ਨੂੰ ਖਜਲ ਖੁਆਰ ਕੀਤਾ ਉਸਨੂੰ ਲਫਜ਼ ਪੂਰੀਤਰਾਂ ਬਿਆਨ ਨਹੀਂ ਕਰ ਸਕਦੇ। ਉਹ ਇਸ ਨਿਰਾਦਰ ਦਾ ਨਿਸ਼ਾਨਾਂ ਬਣਨ ਤੋਂ ਪਹਿਲਾਂ ਮਰ ਜਾਣ ਨੂੰ ਖੁਸ਼ੀ ਖੁਸ਼ੀ ਕਬੂਲਦਾ ਕਿਉਂਕਿ ਉਹ ਅਜੇ ਜਿਉਂਦਾ ਸੀ ਤੇ ਗੁਸੇ ਨਾਲ ਪਾਗਲ ਸੀ, ਸੋ ਭੈਣੀ ਨੂੰ ਉਠ ਨਠਿਆ। ਆਪਣੇ ਹਜ਼ਾਰਾਂ ਸੰਪ੍ਰਦਾਈ ਭਰਾਵਾਂ ਦੇ ਸਾਹਮਣੇ, ਸਤਿਗੁਰੂ ਰਾਮ ਸਿੰਘ ਜੀ ਦੇ ਸੁਣਦਿਆਂ, ਰੋਂਦਿਆਂ ਕੁਰਲਾਂਦਿਆਂ ਉਸਨੇ ਉਸ ਉਕਸਾਊ ਤਜਰਬੇ ਦੀ ਕਹਾਣੀ ਕਹਿ ਸੁਣਾਈ। ਉਸਦਾ ਸਰੀਰ ਗੁਸੇ ਨਾਲ ਕੰਬ ਰਿਹਾ ਸੀ। ਉਸ-ਦੀਆਂ ਅਖਾਂ ਖੂਨ ਦੇ ਹੰਝੂ ਰੋ ਰਹੀਆਂ ਸਨ। 'ਗਊ ਮਾਤਾ' ਦੇ ਕਤਲ ਦੀ ਖਬਰ ਨੇ ਲਗ ਭਗ ਸਭ ਨਾਮਧਾਰੀਆਂ ਦੇ ਦਿਲਾਂ ਨੂੰ ਅਗ ਲਾ ਦਿਤੀ। ਗੁਰੂ ਰਾਮ ਸਿੰਘ ਜੀ ਦੇ ਦੇਖਦਿਆਂ ਤੇ ਸਭਨਾਂ ਦੇ ਸਾਹਮਣੇ ਇਕ ਨੌਜਵਾਨ ਦਾ ਖੂਨ ਖੌਲਾਂਦਾ ਕੂਕਿਆ:-"ਗੁਰੂ ਜੀ, ਤੁਸੀਂ ਸਾਨੂੰ ਸਦਾ ਹੀ ਦਸਦੇ ਰਹਿੰਦੇ ਹੋ ਕਿ ਕੇਵਲ ਸਾਡਾ ਧਰਮ-ਰਾਜ ਹੀ ਇਸ ਦੇਸਵਿਚ ਦੇਵਤਿਆਂ ਅਤੇ ਸਾਡੇ ਭਰਾਵਾਂ ਦੇਨਿਰਾਦਰ ਅਤੇ ਦੁਰਦਸ਼ਾ ਨੂੰ ਰੋਕ ਸਕਦਾ ਹੈ। ਕੀ ਤੁਸੀਂ ਸੋਚਦੇ ਹੋ ਕਿ ਆਪਣਾ ਧਰਮ ਦਾ ਰਾਜ ਕਾਇਮ ਕਰਨ ਵਾਲਾ ਸਮਾ ਅਜੇ ਨਹੀਂ ਪਕਿਆ ? ਅਸੀਂ ਬੇਨਤੀ ਕਰਦੇ ਹਾਂ ਕਿ ਅਜ ਸਾਨੂੰ (ਗਊ ਦੋਖੀਆਂ ਦੇ ਖਿਲਾਫ) ਅਵਾਜ਼ ਉਠਾਣ ਦੀ ਆਗਿਆ ਦਿਓ।"

ਇਸ ਜੁਆਨ ਦੇ ਸ਼ਬਦਾਂ ਨੇ ਜੰਗੀ ਰੌਲੇ ਦੀ ਘਨਘੋਰ ਪੈਦਾ ਕਰ ਦਿਤੀ। ਬੇ ਸਬਰੀ ਅਤੇ ਭੜਕਾਹਟ ਨੇ ਵਾਤਾ ਵਰਣ ਗਰਮਾ ਦਿਤਾ। ਧਰਮ ਵਾਸਤੇ ਜੁਗ ਗਰਦੀ ਦੇ ਨਾਅਰਿਆਂ ਨਾਲ ਅਸ-ਮਾਨ ਲੰਗਾਰਦੇ ਜਾਪੇ। ਸਤਿਗੁਰੂ ਰਾਮ ਸਿੰਘ ਜੀ ਪੂਰੀ ਤਰਾਂ ਸੁਚੇਤ ਸਨ ਕਿ ਵਕਤ ਪਕਣ ਤੋਂ ਪਹਿਲੋਂ ਉਠਿਆ ਇਨਕਲਾਬ ਕਿਡੇ ਉਪੱਦ੍ਰਵੀ ਸਿਟੇ ਕਢਦਾ ਹੈ। ਠੰਢੇ ਅਤੇ ਜੁੜਵੇਂ ਤਰੀਕਿਆਂ ਨਾਲ ਉਹਨਾਂ ਆਪਣੇ ਪੈਰੋਕਾਰਾਂ ਨੂੰ ਮੁੜ ਡੌਲ ਤੇ ਸ਼ਾਂਤੀ ਕਾਇਮ ਰਖਣ ਦੀ ਸਲਾਹ ਦਿਤੀ। ਆਪ ਨੇ ਉਹਨਾਂ ਨੂੰ ਸਪੱਸ਼ਟ ਕੀਤਾ ਕਿ ਏਹ ਜ਼ਰੂਰੀ ਹੈ ਕਿ ਬਲਵੇ ਲਈ ਅਜੇ ਉਹ ਹੋਰ ਉਡੀਕ ਅਤੇ ਪੂਰੀ ਤਿਆਰੀ ਕਰਨ।

ਗੁਰੂ ਜੀ ਦੇ ਸ਼ਬਦਾਂ ਨੇ ਪੈਰੋਕਾਰਾਂ ਦੇ ਸਮਝਦਾਰ ਹਿਸੇ ਤੇ ਬੜਾ ਗੰਭੀਰ ਅਸਰ ਪਾਇਆ। ਪਰ ਬੇ ਸਬਰੇ ਦਿਲਾਂ, ਪਤਲੀਆਂ ਤੇਹਾਂ ਤੇ ਜ਼ਿਦੀ ਸਭਾਉ ਵਾਲਿਆਂ ਨੂੰ ਜਿਹੜੇ ਬਦਲੇ ਦੀ ਅੱਗ ਨਾਲ ਝੁਲਸੇ ਪਏ ਸਨ ਇਹ ਸਿਆਣਪ ਅਤੇ ਤੱਦਬਰ ਦੇ ਸ਼ਬਦ ਠੰਢ ਨ ਪਾ ਸਕੇ। ਭੜਕੇ ਜੁਆਨ, ਜਿਨ੍ਹਾਂ ਨੂੰ ਅਜੇਹੀਆਂ ਖਬਰਾਂ ਦੀ ਚਿਨਗਾਰੀ ਨੇ ਪਹਿਲਾਂ ਹੀ ਗੁਸੇ ਦੀ ਅਗ ਨਾਲ ਮਘਾ ਛਡਿਆਸੀ, ਉਹਨਾਂ ਪਾਸ ਆਪਣੇ ਗੁਰੂ ਜੀ ਨੂੰ ਸੁਣਨ ਦੀ ਵੀ ਕਦੋਂ ਵਿਹਲ ਸੀ। ਕ੍ਰੋਧ ਨਾਲ ਅਸ਼ਾਂਤ, ਹਥਿ-ਆਰ ਲੈਣ ਦੀ ਗਰਜ਼ ਨਾਲ ਉਹ ਮਲੌਦ ਦੇ ਕਿਲੇ ਵਲ ਚੜ੍ਹ ਪਏ, ਇਹ ਭੈਣੀ ਤੋਂ ਨਜ਼ਦੀਕ ਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਦਿਕਦਾਰੀ ਦਾ ਖਿਆਲ ਕਰੋ। ਕਿਹੜੀ ਔਖਿਆਈ ਉਹਨਾਂ ਦੇ ਪੈਰੋਕਾਰ ਪੈਦਾ ਕਰ ਰਹੇ ਸਨ। ਜੇ ਉਹ ਚੁਪ ਕਰ ਰਹਿਣ ਤਾਂ ਸਰਕਾਰ ਉਹਨਾਂ ਨੂੰ ਫੜ ਲੈਂਦੀ ਹੈ ਤੇ ਉਹਨਾਂ ਦੀ ਸੰਸਥਾ ਬਗਾਵਤ ਲਈ ਜ਼ਿਮੇਵਾਰ ਠਹਿਰਾਈ ਜਾਂਦੀ ਹੈ। ਤੇ ਜੇ ਉਹ ਇਸ ਉਭਾਰ ਵਿਚ ਸ਼ਾਮਲ ਹੁੰਦੇ ਹਨ ਤਾਂ ਇਸ ਮਹਾਨ ਫਿਰਕੇ

ਤੇ ਉਹਨਾਂ ਦਾ ਮਿਸ਼ਨ ਤਬਾਹ ਹੋ ਜਾਂਦਾ ਹੈ। ਸਮਸਿਆ ਬੜੀ ਗੰਭੀਰ ਸੀ, ਕਿਉਂਕਿ ਜਥੇਬੰਦੀ ਅਜੇ ਪੂਰਣ ਰੂਪ ਵਿਚ ਤਿਆਰ ਨਹੀਂ ਸੀ ਭਾਵੇਂ ਇਹ ਮਾਨਸਕ ਤੌਰ ਤੇ ਭੜਕਾਹਟ ਵਿਚ ਹੀ ਸੀ। ਰਾਮ ਸਿੰਘ ਜੀ ਕੀ ਕਰਦੇ? ਕੀ ਉਹ ਸਿਧਾਂਤਾਂ ਨੂੰ ਤਿਲਾਂਜਲੀ ਅਤੇ ਜਥੇਬੰਦੀ ਦੀ ਕੁਰਬਾਨੀ ਦੇ ਦਿੰਦੇ? ਜਾਂ ਉਹ ਜਥੇਬੰਦੀ ਨੂੰ ਬਚਾਂਦੇ, ਮਜ਼ਹਬ ਅਤੇ ਸਦੇਸ਼ੀ ਰਾਜ ਦੀ ਆਸ ਨੂੰ ਜੀਉਂਦਿਆਂ ਰਖਦੇ? ਰਾਮ ਸਿੰਘ ਜੀ ਨੇ ਆਪਣੇ ਸਾਹਵੇਂ ਇਕੋ ਰਾਹ ਖੁਲ੍ਹਾ ਵੇਖਿਆ। ਇਹ ਸੀ, ਸਪਸ਼ਟ ਰੂਪ ਵਿਚ ਆਪਣੀ ਜਥੇਬੰਦੀ ਦੇ ਤੇ ਆਪਣੇ ਹਥਿਆਰ ਬੰਦ ਬਾਗੀਆਂ ਨਾਲੋਂ ਸਬੰਧ ਤੋੜ ਲੈਣਾ। ਇਸਤ੍ਰਾਂ ਕਰਨਾ ਜ਼ਰੂਰੀ ਸੀ, ਨਹੀਂ ਤਾਂ ਨਿਰੀ ਚੁਪ ਸ੍ਵੈ ਘਾਤਕ ਸੀ। ਰਾਮ ਸਿੰਘ ਜੀ ਨੇ ਸਾਰੀ ਸਮਸਿਆ ਅਤੇ ਉਸਦੇ ਉਪਾਵਾਂ ਬਾਰੇ ਭਰਪੂਰ ਵਿਚਾਰ ਕੀਤੀ ਤੇ ਬਾਦ ਵਿਚ ਪੰਜਾਬ ਸਰਕਾਰ ਨੂੰ ਲਿਖਿਆ—

"ਇਹਨਾਂ ਬਾਗੀਆਂ ਦਾ ਮੇਰੇ ਜਾਂ ਮੇਰੀ ਸੰਪ੍ਰਦਾਇ ਨਾਲ ਕੋਈ ਸਬੰਧ ਨਹੀਂ। ਮੈਂ ਤੇ ਮੇਰੀ ਸੰਪ੍ਰਦਾ ਉਹਨਾਂ ਦੀਆਂ ਕਰਨੀਆਂ ਤੋਂ ਵਖਰੇ ਹਾਂ। ਇਸ ਵਾਸਤੇ ਉਹਨਾਂ ਦੀਆਂ ਕਰਨੀਆਂ ਦੀ ਮੇਰੇ ਤੇ ਮੇਰੀ ਜਥੇਬੰਦੀ ਤੇ ਕੋਈ ਜ਼ਿਮੇਂਵਾਰੀ ਨਹੀਂ।"

ਆਪਣੇ ਬਾਗੀ ਪੈਰੋਕਾਰਾਂ ਨਾਲੋਂ ਸਬੰਧ ਤੋੜਕੇ ਜੋ ਕੁਝ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ, ਇਹ ਇਖਲਾਕੀ ਤੌਰ ਤੇ ਠੀਕ ਸੀ ਜਾਂ ਗਲਤ, ਇਹ ਬੜਾ ਟੇਢਾ ਸਵਾਲ ਹੈ। ਇਸਦਾ ਦੋ ਟੁਕ ਜਵਾਬ ਦੇਣਾ ਮੁਸ਼ਕਲ ਹੈ। ਜੇ ਉਹਨਾਂ ਦੀ ਕਸਵਟੀ ਦੀ ਦਰੁਸਤੀ ਨੂੰ ਕੂਤਿਆ ਜਾਵੇ, ਉਹਨਾਂ ਦੇ ਵਸੀਲੇ ਅਤੇ ਕਦਰਾਂ ਨੂੰ ਵੀ ਧਿਆਨ ਵਿਚ ਰਖਿਆ ਜਾਵੇ, ਤਾਂ ਨਿਰਸੰਦੇਹ, ਇਹ ਖਿਆਲ ਵਿਚ ਰਖਣਾ ਪਵੇਗਾ ਕਿ ਗੁਰੂ ਰਾਮ ਸਿੰਘ ਜੀ ਨੇ ਜਦ ਇਹ ਕਦਮ ਪੁਟਿਆ ਤਾਂ ਉਹਨਾਂ ਸਾਹਮਣੇ ਆਪਣੇ ਬਚਾਉ ਤੇ ਕੇਵਲ ਜਥੇਬੰਦੀ ਦੀ ਰਖਿਆ ਦਾ ਸੁਆਲ ਹੀ ਨਹੀਂ ਸੀ। ਉਹਨਾਂ ਦਾ ਨਿਰਵਿਰੋਧ ਤੇ ਇਕੋ ਇਕ ਨਿਸ਼ਾਨਾ —ਬਾਗੀਆਂ ਨਾਲੋਂ ਆਪਣੇ ਸਬੰਧ ਤੋੜ ਲੈਣਾ— ਕੇਵਲ ਜਥੇਬੰਦੀ ਨੂੰ ਕਚੀ ਉਮਰੇਂ ਮਰਨੋਂ ਬਚਾਣ ਤੇ ਇਨਕਲਾਬ ਦੇ ਸੁਪਨੇ ਨੂੰ ਰੂਪਮਾਨ ਕਰਨ ਖਾਤਰ ਹੀ ਸੀ। ਇਹੋ ਚੀਜ਼ ਸੀ ਜਿਸ ਵਾਸਤੇ ਇਸ ਜਥੇਬੰਦੀ ਨੂੰ ਹੋਂਦ ਵਿਚ ਲਿਆਂਦਾ ਗਿਆ। ਇਹ ਮੰਨਦਿਆਂ ਹੋਇਆਂ ਕਿ ਸੰਪ੍ਰਦਾਇ ਦੇ ਕਾਹਲੇ ਅਤੇ ਬੇ-ਸਬਰੇ ਪੈਰੋਕਾਰਾਂ ਨੇ ਇਕ ਅਭੁਕ ਭਾਵਨਾ ਦਾ ਪ੍ਰਗਟਾਵਾ ਕੀਤਾ, ਇਹ ਵੀ ਮੰਨਣਾ ਪਵੇਗਾ ਕਿ ਉਹਨਾਂ ਦੀ ਬੇਮੌਕਾ ਬਹਾਦਰੀ ਨੇ ਜਥੇਬੰਦੀ ਦੇ ਕਾਜ਼ (ਮਨੋਰਥ) ਨੂੰ ਬੜੀ ਤਕੜੀ ਸੱਟ ਮਾਰੀ। ਪ੍ਰੰਤੂ ਨਾਲ ਹੀ ਏਹ ਵੀ ਹੈ ਕਿ ਜੇ ਅਜੇਹੇ ਪੈਰੋਕਾਰ, ਜੇਹੜੇ ਕਿ ਆਪਣੇ ਲੀਡਰ ਦੇ ਹੁਕਮਾਂ ਦੀ ਉਲੰਘਣਾ ਕਰਕੇ, ਜਾਂ ਜਥੇਬੰਦੀ ਦੇ ਨਿਯਮਾਂ ਨੂੰ ਤੋੜਕੇ ਹੱਕੀ ਤੇ ਠੀਕ ਬਦਲਾ ਲੈਣ ਦੀ ਭਾਵਨਾ ਰਖਣ ਵਾਲੇ ਛਤ੍ਰਪਤੀ ਸ਼ਿਵਾ ਜੀ, ਹਿਟਲਰ, ਫੌਲਾਦੀ ਢਾਂਚੇ ਵਾਲੇ ਫਾਸ਼ਿਸ਼ਟ ਨਾਜ਼ੀਆਂ ਜਾਂ ਕਮਿਊਨਿਸਟ ਮਸ਼ੀਨਰੀ ਦੀ ਫੌਲਾਦੀ ਕਮਾਨ ਹੇਠ ਹੁੰਦੇ, ਤਾਂ ਇਸ ਵਿਚ ਕੋਈ ਸ਼ਕ ਨਹੀਂ ਕਿ ਉਹਨਾਂ ਦੀਆਂ ਭਾਵਨਾਵਾਂ ਦੀ ਪੂਰੀ ਕਦਰ ਅਤੇ ਵਡਿਆਈ ਕੀਤੀ ਜਾਂਦੀ। ਇਹ ਮੰਨਦਿਆਂ ਕਿ ਪੈਰੋਕਾਰਾਂ ਨੂੰ ਇਸਦਾ ਮਾਣ ਅਤੇ ਸ੍ਵੈ ਸਤਿਕਾਰ ਹੋਣਾ ਚਾਹੀਦਾ ਅਤੇ ਉਹਨਾਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ, ਪਰ ਇਹ ਕਿਸਤਰਾਂ ਹੋਣ ਦਿਤਾ ਜਾਵੇ ਕਿ ਹਰ ਉਤਰਾ ਤੇ ਚੜ੍ਹਾ ਵਿਚ ਬੇਸਮਝ ਜਜ਼ਬਿਆਂ ਪੈਰੋਕਾਰਾਂ ਦੇ ਕਾਹਲੇ ਅਤੇ ਨੁਕਸਾਨ ਦਿਹ ਕਰਮਾਂ ਕਰਕੇ ਸਾਰੀ ਜਥੇਬੰਦੀ ਨੂੰ ਮੁਕੰਮਲ ਤਬਾਹੀ ਦੇ ਖਤਰੇ ਵਿਚ ਸੁਟਿਆ ਜਾਵੇ। ਅਜੇਹੇ ਜਥੇਬੰਦਕ ਲਾਭਾਂ ਦੀ ਜ਼ਮੀਨ ਸਦਕਾ ਹੀ ਗੁਰੂ ਰਾਮ ਸਿੰਘ ਜੀ ਬਚਾਉ ਲਈ ਯੋਗ ਸਨ, ਭਾਵੇਂ ਇਸਦੀ ਇਖਲਾਕੀ ਦਰੁਸਤੀ ਅੰਕਣੀ ਔਖੀ ਹੀ ਹੋਵੇ। ਇਹ ਵੇਖਿਆ ਜਾਵੇਗਾ ਕਿ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਪਣੇ ਪੈਰੋਕਾਰਾਂ ਬਾਬਤ ਪਬਲਿਕ ਤੌਰ ਤੇ 'ਨਾਂਹ' ਤੋਂ ਪਿਛੋਂ ਵੀ ਉਹਨਾਂ (ਪੈਰੋਕਾਰਾਂ ਨੇ) ਰਤਾ ਜਿੰਨਾ ਵੀ ਆਪਣੇ ਸਤਿਗੁਰੂ ਵਿਚੋਂ ਵਿਸ਼ਵਾਸ ਨ ਗਵਾਇਆ।

ਕ੍ਰੋਧ ਦੀ ਅਗ ਨਾਲ ਸੜਦੇ ਬਲਦੇ ਨਾਮਧਾਰੀ ਭੈਣੀ ਸਾਹਿਬ ਨੂੰ ਛਡਕੇ ਮਲੌਦ ਦੇ ਕਿਲੇ ਵਲ ਵਧੇ। ਓਥੇ ਪਹੁੰਚਕੇ ਉਹ ਕਿਲੇ ਵਿਚ ਧੁਸ ਗਏ। ਇਹ ਪਹਿਲਾਂ ਤੋਂ ਇਹਨਾਂ ਦੀ ਉਡੀਕ ਵਿਚ ਸੀ ਕਿਉਂਕਿ ਇਸਦੇ ਸਿਪਾਹੀ ਅਤੇ ਬਹੁਤ ਸਾਰੇ ਅਫ-ਸਰ ਇਸ ਫਿਰਕੇ ਦੇ ਪੈਰੋਕਾਰ ਬਣ ਚੁਕੇ ਸਨ। ਅਸਲ ਵਿਚ ਇਹਨਾਂ ਰਾਮ ਸਿੰਘ ਜੀ ਦੇ ਸਾਹਮਣੇ ਇਹ ਪ੍ਰਣ ਲੈ ਰਖਿਆ ਸੀ ਕਿ ਉਹਨਾਂ ਦਾ ਇਸ਼ਾਰਾ ਮਿਲਣ ਤੇ ਉਹ ਸਾਰੇ ਹਥਿਆਰਾਂ ਤੇ ਅਸਲੇ ਨਾਲ ਕਿਲੇ ਨੂੰ ਹਵਾਲੇ ਕਰ ਦੇਣਗੇ ਅਤੇ ਬਗਾਵਤ ਵਿਚ ਸ਼ਾਮਲ ਹੋ ਜਾਣਗੇ। ਦੀਵਾਨੇ ਅਤੇ ਕਾਹਲੇ ਨਾਮ-ਧਾਰੀਆਂ ਆਪਣੇ ਪਹਿਲੇ ਹੀ ਬਗਾਵਤੀ ਅਮਲ ਨਾਲ ਇਸ ਗੱਲ ਨੂੰ ਆਸਾਨ ਜਾਣਿਆ ਕਿ ਉਹ ਇਕ ਵਧੀਆ ਤੋਪ, ਬਹੁਤ ਸਾਰੀਆਂ ਤਲਵਾਰਾਂ ਤੇ ਹੋਰ ਹਥਿਆਰ, ਤਕੜਾ ਸਾਰਾ ਜੰਗੀ ਸਾਮਾਨ ਅਤੇ ਘੋੜੇ ਹਥਿਆਣ। ਰਾਮ ਸਿੰਘ ਜੀ ਦੇ, ਕਿਲੇ ਵਿਚਲੇ ਪੈਰੋਕਾਰਾਂ ਨੂੰ ਮਲੌਦ ਤੇ ਇਸ ਹਮਲੇ ਨੇ ਹੈਰਾਨ ਕਰ ਦਿਤਾ। ਭਾਵੇਂ ਉਹਨਾਂ ਇਸ ਹਮਲੇ ਦੀ ਰੋਕ ਨਾ ਕੀਤੀ ਪਰ ਉਹਨਾਂ ਸਰਗਰਮੀ ਨਾਲ ਹਿਸਾ ਵੀ ਨਾ ਲਿਆ। ਤੇ ਨਾ ਹੀ ਫੇਰ ਇਹਨਾਂ ਨੂੰ ਮਿਲੇ। ਬਾਗੀਆਂ ਪਾਸ ਉਹਨਾਂ ਦੇ ਸਤਿਗੁਰੂ ਦੀ ਮਨਜ਼ੂਰੀ ਨਾ ਵੇਖਕੇ ਉਹਨਾਂ ਮਦਦ ਤੋਂ ਇਨਕਾਰ ਕਰ ਦਿਤਾ।

ਕਿਲੇ ਦੀ ਹਰੇਕ ਚੀਜ਼ ਕਬਜ਼ੇ ਵਿਚ ਕਰਕੇ ਅਤੇ ਇਸ ਦੇ ਪ੍ਰਬੰਧਕ ਅਫਸਰਾਂ ਨੂੰ.................... ਹੁਣ ਬਾਗੀਆਂ ਨੇ ਮਲੇਰਕੋਟਲੇ ਦਾ ਰਾਹ ਫੜਿਆ। ਇਹ ਇਸੇ ਰਿਆਸਤ ਦੀਆਂ ਹੱਦਾਂ ਸਨ ਜਿਨਾਂ ਅੰਦਰ ਪਹਿਲੀ ਵਾਰ ਨਾਮਧਾਰੀਆਂ ਦੇ ਵਿਸ਼ਵਾਸ ਦਾ ਨਿਰਾਦਰ ਹੋਇਆ ਸੀ। ਇਹ ਉਹੋ ਰਿਆਸਤ ਸੀ ਜਿਸ ਵਿਚ 'ਗਊ ਮਾਤਾ' ਨੂੰ ਕਤਲ ਕੀਤਾ ਗਿਆ ਤੇ ਨਾਮਧਾਰੀ ਵੀਰ ਉਤੇ ਉਸਦਾ ਲਹੂ ਛੋੜ੍ਹਿਆ ਗਿਆ ਸੀ। ਇਹ ਬਾਗੀ ਏਸੇ ਕਰਕੇ ਇਸ ਰਿਆਸਤ ਅਤੇ ਇਸ ਦੀ ਪ੍ਰਬੰਧ ਮਸ਼ੀਨਰੀ ਨੂੰ ਜ਼ਬਰਦਸਤ ਨਫਰਤ ਕਰਦੇ ਸੀ। ਉਹ ਜਿਵੇਂ ਇਸ ਧਰਤੀ ਦੇ ਇੰਚ ਇੰਚ ਨੂੰ ਸਾੜ ਸੁਟਣ ਲਈ ਖੋਲਦੇ ਪਏ ਸਨ। ਅਸਲ ਵਿਚ ਬਾਗੀਆਂ ਨੇ ਪਹਿਲਾਂ ਹਮਲਾ ਮਲੌਦ ਦੀ ਥਾਂ ਮਲੇਰ ਕੋਟਲੇ ਤੇ ਹੀ ਕਰਨਾ ਤੇ ਉਹ ਥਾਂ ਸਿਰ ਪਹੁੰਚ ਹੀ ਜਾਂਦੇ; ਪਰ ਜਿਵੇਂ ਹੁੰਦਾ ਹੀ ਹੈ ਜਦੋਂ ਜਜ਼ਬਾਤ ਬਹੁਤ ਜ਼ਿਆਦਾ ਭੜਕ ਪੈਣ, ਅਤੇ ਪੱਕੇ ਮਕਸਦ ਲਈ ਅਮਲ ਦੀ ਤਜਵੀਜ਼ ਕੋਈ ਨ ਹੋਵੇ, ਫਸਾਦ ਮਨ ਚਾਹੇ ਰਾਹ ਤੇ ਪੈ ਜਾਂਦੇ ਹਨ ! ਇਹਨਾਂ ਬਾਗੀਆਂ ਤੋਂ ਬਹੁਤ ਪਹਿਲਾਂ ਮਲੌਦ ਦੇ ਮੁਹਾਸਰੇ ਦੀਆਂ ਖਬਰਾਂ ਮਲੇਰ ਕੋਟਲੇ ਪਹੁੰਚ ਗਈਆਂ। ਰਿਆ-ਸਤੀ ਅਧਿਕਾਰੀ ਬਾਗੀਆਂ ਨਾਲ ਨਿਪਟਣ ਲਈ ਕਾਫ਼ੀ ਸਾਵਧਾਨ ਅਤੇ ਤਿਆਰ ਹੋ ਗਏ। ਪਰ ਨਾਮਧਾਰੀਆਂ ਦੇ ਭੜਕੇ ਹੋਏ ਇਸ ਹਜੂਮ ਦਾ ਪਹਿਲਾ ਹਮਲਾ ਏਨਾ ਅਚੁਕ ਸੀ ਕਿ ਰਿਆਸਤੀ ਪ੍ਰਬੰਧਕ ਅਤੇ ਫੌਜ ਹੱਲੇ ਦੇ ਵਕਤ ਕੁਛ ਵੀ ਨ ਕਰ ਸਕੇ। ਬਾਗੀਆਂ ਸ਼ਹਿਰ ਦੇ ਦਰਵਾਜੇ ਬਿਨਾ ਕਿਸੇ ਮੁਖਾਲਫਤ ਦੇ ਕਾਬੂ ਕਰ ਲਏ। ਸੜਕਾਂ ਤੇ ਤੂਫਾਨ ਮਚਾਂਦੇ, ਜੋ ਵੀ ਸਾਹਮਣੇ ਆਇਆ ਕਤਲ ਕਰਦੇ ਬਾਗੀਆਂ ਨੇ ਸ਼ਾਹੀ ਮਹੱਲ ਨੂੰ ਲੁਟਿਆ। ਤੇ ਉਸ ਵਿੱਚ ਦਾਖਲ ਹੋ ਗਏ। ਵਿਚ ਵੜਕੇ ਉਹਨਾਂ ਨੇ ਖਜ਼ਾਨੇ ਤੇ ਕਬਜ਼ਾ ਕਰ ਲਿਆ। ਝਟ ਕੁ ਪਿਛੋਂ ਹੀ ਸ਼ਾਹੀ ਫੌਜ ਨੂੰ ਉਹਨਾਂ ਦੀ ਗਿਣਤੀ ਦਾ ਪਤਾ ਲਗ ਗਿਆ। ਉਸ ਨੇ ਆਪਣੇ ਆਪਨੂੰ ਸੰਭਲ ਲਿਆ ਤੇ ਬਾਗੀਆਂ ਦੇ ਆਹਮੋ ਸਾਹਮਣੇ ਆ ਖਲੋਤੇ। ਫੌਜੀ ਹਮਲਾ ਏਨਾ ਸ਼ਕਤੀਸ਼ਾਲੀ ਸੀ ਕਿ ਬਾਗੀਆਂ ਸਾਹਮਣੇ ਹਰ ਲੁਟੀ ਚੀਜ਼ ਨੂੰ ਛੱਡਕੇ ਜਾਣ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਜਿਉਂ ਹੀ ਉਹ ਮੁੜਕੇ ਭੱਜ ਤੁਰੇ ਸਾਰੀਆਂ ਆਫਤਾਂ ਤੇ ਖੁਆਰੀ ਉਹਨਾਂ ਦੌੜ-ਦਿਆਂ ਦੇ ਪਿਛੇ ਪੈ ਗਈ। ਰਿਆਸਤੀ ਫੌਜਾਂ ਨੇ ਭਜਦੇ ਬਾਗੀ ਸਰਦਾਰਾਂ ਦੇ ਸਿਰਾਂ ਨੂੰ ਨਿਸ਼ਾਨੇ ਦੇ ਤੌਰ ਤੇ ਵਢ ਲਿਆ ਓੜਕ ਜਦ ਹਾਰੇ ਹੋਏ ਬਾਗੀਆਂ ਨੇ ਵੇਖਿਆ ਕਿ ਉਹਨਾਂ ਦੀ ਭਜਦਿਆਂ ਵੀ ਜਾਨ ਨਹੀਂ ਛੁਟਣੀ ਤੇ ਮੁਕੰਮਲ ਤਬਾਹੀ ਤੋਂ

ਬਚ ਨਹੀਂ ਸਕਣੇ, ਉਹਨਾਂ ਮੁੜਕੇ ਟਾਕਰਾ ਕਰਨ ਅਤੇ ਲੜਕੇ ਮਰਨ ਦਾ ਮਨ ਬਣਾ ਲਿਆ ਤਾਂਕਿ ਉਹ ਦੁਸ਼ਮਨ ਦਾ ਵੀ ਜਿੰਨਾ ਹੋ ਸਕੇ ਨੁਕਸਾਨ ਕਰ ਸਕਣ। ਜਿਹੜੀ ਲੜਾਈ ਸ਼ਾਹੀ ਫੌਜ ਨੂੰ ਹੁਣ ਤਕ ਜਿਤੀ ਗਈ ਜਾਪਦੀ ਸੀ, ਉਹ ਜਵਾਬੀ ਦਾ ਪੇਚਾਂ ਵਿਚ ਬਦਲ ਗਈ। ਕਈ ਦਿਨ ਦੋਹਾਂ ਬੰਨਿਆਂ ਦੀਆਂ ਤਾਕਤਾਂ ਹਮਲੇ ਤੇ ਜਵਾਬੀ ਹਮਲੇ ਕਰਦੀਆਂ ਰਹੀਆਂ। ਦੋਹਾਂ ਪਾਸਿਆਂ ਦੇ ਚੋਖੀ ਗਿਣਤੀ ਵਿਚ ਆਦਮੀ ਮਾਰੇ ਗਏ। ਇਸ ਨਾਜ਼ਕ ਸਮੇ ਬਰਤਾਨਵੀ ਸਰਕਾਰ ਨੇ ਮਿ: ਕਾਵਨ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਇਕ ਤਾਜ਼ਾ ਦਮ ਰਜਮਟ ਰਿਆਸਤ ਦੀ ਮਦਦ ਲਈ ਭੇਜੀ। ਇਸ ਨੇ ਲੜ ਰਹੀ ਰਿਆਸਤੀ ਫੌਜ ਨੂੰ ਨਵੀਂ ਤਾਕਤ ਦਿਤੀ ਅਤੇ ਬਾਗੀਆਂ ਦੀਆਂ ਸਾਰੀਆਂ ਆਸਾਂ ਤੇ ਪੂਰੀਤਰਾਂ ਪਾਣੀ ਫੇਰ ਦਿਤਾ। ਅੰਤ ਉਤੇ ਅਠਾਠ ਨਾਮਧਾਰੀਆਂ ਨੂੰ ਪਟਿਆਲਾ ਰਿਆਸਤ ਦੀ ਹੱਦ ਉਤੇ ਰੜ ਨਾਮੀ ਪਿੰਡ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਦਾ ਦੁਖਦਾਈ ਅੰਤ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਸਾਰੇ ਅੱਠ ਅਤੇ ਸੱਠ ਗੋਲੀ ਦਾ ਨਿਸ਼ਾਨਾ ਬਣਨ ਜੋਗੇ, ਜਿਨਾਂ ਨੇ ਆਪਣੇ ਵਿਸ਼ਵਾਸ ਨੂੰ ਪਰਵਾਨ ਚੜਾਨ ਲਈ ਆਪਣੀਆਂ ਜਾਨਾਂ ਦੀ ਅਹੂਤੀ ਦਿਤੀ, ਮੁਰਦਾ ਪਸ਼ੂਆਂ ਵਾਂਗ ਧਰੀਕ ਕੇ ਮਲੇਰ ਕੋਟਲੇ ਲਿਆਂਦੇ ਗਏ।

ਅਗਲੇ ਦਿਨ ਲੁਦਿਹਾਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ਉਹਨਾਂ ਨੂੰ ਫੌਜੀ ਅਦਾਲਤ ਦੇ ਸਾਹਮਣੇ ਪੇਸ਼ ਕੀਤਾ ਪਰ ਕਿਸੇਨੂੰ ਧਰਮ ਰਾਜ ਵਰਗੇ ਨਿਆਂ ਦੇ ਅਸੂਲਾਂ ਤੇ ਵਿਸ਼ਵਾਸ ਜਾਂ ਸਤਿਕਾਰ ਸੀ ? ਉਹ ਤਾਂ ਬਰਤਾਨਵੀ ਨੌਕਰ ਸ਼ਾਹੀ ਦੇ ਜਰਖਰੀਦ ਗੋਲੇ ਸਨ। ਪੰਜਾਂ ਪਾਣੀਆਂ ਦੇ ਏਹ ਬਹਾਦਰ ਸਪੁਤ੍ਰ, ਜਿਨਾਂ ਨੂੰ ਅਜ਼ਾਦ ਭਾਰਤ ਵਿਚ ਨਾਇਕ (ਹੀਰੋ) ਕਰਕੇ ਸਤਿਕਾਰਿਆ ਜਾਣਾ ਸੀ, ਉਹਨਾਂ ਨੂੰ ਫੌਜੀ ਅਦਾਲਤ ਵਲੋਂ ਲੁਟੇਰੇ ਅਤੇ ਖੂਨੀ ਕਰਾਰ ਦਿਤਾ ਗਿਆ। ਅਤੇ ਉਹਨਾਂ ਨੂੰ ਤੋਪਾਂ ਦੇ ਮੂੰਹਾਂ ਨਾਲ ਬੰਨ੍ਹਕੇ ਉਡਾ ਦਿਤੇ ਜਾਣ ਦੀ ਸਜ਼ਾ ਸੁਣਾਈ ਗਈ।

ਦਰ ਅਸਲ ਮਿ: ਕਾਵਨ ਦਾ ਧਨਵਾਦ ਕਰਨਾ ਚਾਹੀਦਾ ਹੈ ਜਿਨ ਉਹਨਾਂ ਨੂੰ ਮੂੰਹ ਤੇ ਕਾਲੇ ਕਪੜੇ ਬੰਨ੍ਹਕੇ ਫਾਹੇ ਨਹੀਂ ਚਾੜ੍ਹਿਆ। ਨਾਇਕ (ਹੀਰੋ) ਸਰਦਾਰਾਂ ਨੇ ਆਪਣੇ ਆਪਨੂੰ ਤੋਪਾਂ ਦੇ ਗੋਲਿਆਂ ਨਾਲ ਉਡਾਏ ਜਾਣ ਉਤੇ ਕਾਵਨ ਨੂੰ ਵਧਾਈਆਂ ਦਿਤੀਆਂ।

ਅਗਲੇ ਦਿਨ, ਸ਼ਹਿਰ ਦੇ ਵੱਡੇ ਚੌਕ ਵਿੱਚ (ਚੌਕ ਵਿੱਚ ਨਹੀਂ ਮੈਦਾਨ ਵਿੱਚ-ਅਨੁਵਾਦਕ) ਪੂਰੀਤਰ੍ਹਾਂ ਲੈਸ ਇਕ ਤੋਪ (ਇਕ ਨਹੀਂ, ਸੱਤ ਤੋਪਾਂ-ਅਨੁਵਾਦਕ) ਗੱਡ ਦਿਤੀਆਂਗਈਆਂ। ਹਜ਼ਾਰਾਂ ਆਦਮੀਆਂ ਨੂੰ ਨਾਮਧਾਰੀਆਂ ਦੀ ਬਗਾਵਤ ਦੇ ਹਸ਼ਰ ਇਸ ਆਖਰੀ ਝਾਕੀ ਨੂੰ ਵੇਖਣ ਲਈ ਬੁਲਾਇਆ ਗਿਆ ਸੀ। ਸਜ਼ਾ ਯਾਫਤਾ ਨਾਮਧਾਰੀਆਂ ਨੂੰ ੧੦ ਤੇ ੧੫ ਦੇ ਗਰੁਪਾਂ ਵਿਚ ਇੱਕਠਿਆਂ ਨੂੜਕੇ ਬੰਨ੍ਹਕੇ ਲਿਆਂਦਿਆ ਗਿਆ। ਜੀਉਂਦੀਆਂ ਜਾਨਾਂ ਦੇ ਇਸ ਗੱਠੇ ਨੂੰ ਤੋਪਾਂ ਦੇ ਮੂੰਹਾਂ ਨਾਲ ਬੰਨ੍ਹ ਦਿਤਾ ਗਿਆ (ਨਹੀਂ, ਨਾਮਧਾਰੀ ਹੱਸ ਹੱਸ ਤੋਪ ਮੂਹਰੇ ਆਉਂਦੇ ਗਏ-ਸੰਪਾਦਕ) ਘਟਨਾਂ ਤੋਂ ਪਿਛੋਂ ਦੇ ਸੀਨ ਨੂੰ ਬਿਆਨ ਕਰ ਦੇਣਾ ਬੜਾ ਸੌਖਾਏ ਪਰ ਜਿਹੜੇ ਅਗਲੇ ਪਲ ਤੋਪਾਂ ਦੇ ਮੂੰਹਾਂ ਨਾਲ ਉਡੇ ਉਹ ਉਹਨਾਂ ਤੋਂ ਅਧੇ ਵੀ ਚਿੰਤਾਤੁਰ ਨਹੀਂ ਸਨ ਜਿਹੜੇ ਉਹਨਾਂ ਨੂੰ ਵੇਖ ਰਹੇ ਸਨ। ਉਹਨਾਂ ਦੇ ਚਿਹਰਿਆਂ ਤੋਂ, ਉਹਨਾਂ ਵਲ ਪਲੋ ਪਲ ਵਧਦੀ ਮੌਤ ਦਾ ਰਤੀ ਭਰ ਡਰ ਵੀ ਪੜ੍ਹਿਆ ਨਹੀਂ ਜਾ ਸਕਦਾ ਸੀ, ਸਗੋਂ ਇਸਦੇ ਉਲਟ ਉਹਨਾਂ ਦਸਾਂ ਮੂੰਹਾਂ ਚੋਂ ਖੁਸ਼ੀਆ ਨਾਲ ਗੁਰੂ ਰਾਮ ਸਿੰਘ ਜੀ ਦੀ ਜੈ ਜੈਕਾਰ ਦੇ ਨਾਅਰੇ ਗੂੰਜ ਰਹੇ ਸਨ। ਅਗਲੇ ਹੀ ਪਲ ਤੋਪ ਦਾਗ਼ੀ ਜਾਣ ਵਾਲੀ ਹੈ। ਗੋਲੀਆਂ ਦੀ ਠਾਹ ਠਾਹ ਵਾਤਾਵਰਣ ਨੂੰ ਕੰਬਾ ਦੇਵੇਗੀ। ਤੇ ਅਸਮਾਨ ਨੂੰ ਲੀਰੋ ਲੀਰ ਕਰ ਦੇਵੇਗੀ। ਇਕ ਧੂੰ ਦੀ ਲਕੀਰ ਉਹਨਾਂ ਮਨੁਖੀ ਜਾਨਾਂ ਨੂੰ ਅਲੋਪ ਕਰ

ਦੇਵੇਗੀ ਜੋ ਕਿ ਤੋਪਾਂ ਨੇ ਉਡਾ ਘਤਣੇ ਹਨ। ਪਲਕ ਪਿਛੋਂ ਜਦ ਪਰਦਾ ਉਠੇਗਾ ਲੋਕ ਇਕ ਭਿਆਨਕ ਦ੍ਰਿਸ਼ ਤਕਣ ਗੇ- ਕੁਝ ਟੁਟੀਆਂ ਬਾਹਵਾਂ ਏਥੇ ਕੁਝ ਉਥੇ, ਕੁਝ ਟੁਟੀਆਂ ਲਤਾਂ ਕਝ ਟੁਕੜੇ ਮਾਸ ਤੇ ਹੱਡੀਆਂ ਦੇ ਚਾਰ ਚੁਫੇਰੇ ਖਿਲਰੇ ਅਤੇ ਹਰ ਥਾਂ ਤੇ ਲਹੂ ਦੀਆਂ ਛਪੜੀਆਂ ਲਗੀਆਂ ਹੋਈਆਂ।

ਮਿ: ਕਾਵਨ ਨੇ ਇਹ ਸੋਚਿਆ ਸੀ ਕਿ ਅੰਗ-ਰੇਜ਼ੀ ਸਾਮਰਾਜ ਦੀ ਸ਼ਕਤੀ ਦੇ ਇਸ ਭਿਆਨਕ ਵਖਾਵੇ ਤੋਂ ਭੈ ਭੀਤ ਹੋਕੇ ਹਿੰਦੀ ਵਸੋਂ ਦੇ ਦਿਲ ਟੁੱਟ ਜਾਣ ਗੇ। ਮਿ: ਕਾਵਨ ਚਾਂਹਦਾ ਸੀ ਕਿ ਇਹ ਦਸਿਆ ਜਾਵੇ ਕਿ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਬਗਾਵਤ ਦੇ ਇਸ ਹਸ਼ਰ ਨੂੰ ਵੇਖਕੇ ਹਿੰਦੁ-ਸਤਾਨੀ ਰਿਆਇਆ ਦੇ ਮਨਾਂ ਵਿਚੋਂ ਅਜ਼ਾਦੀ ਦੀ ਤੜਪ ਨੂੰ ਸਦਾ ਲਈ ਸੁਆ ਦਿਤਾ ਜਾਵੇ। ਪਰ ਹੋਇਆ ਕੀ?

ਗੁਰੂ ਰਾਮ ਸਿੰਘ ਜੀ ਦੇ ਅਜਿਤ ਦਲੇਰੀ ਤੇ ਉਚੇ ਸੁਚੇ ਚਰਿਤਰ ਵਾਲੇ ਇਹਨਾਂ ਬਹਾਦਰ ਪੈਰੋਕਾਰਾਂ ਨੇ ਖਿੜੇ ਮਥੇ ਮੌਤ ਨੂੰ ਜਫੀਆਂ ਪਾਕੇ, ਜਦੋਂ ਕਿ ਤੋਪਾਂ ਦੇ ਗੋਲੇ ਉਹਨਾਂ ਨੂੰ ਹਵਾ ਵਿੱਚ ਉਡਾ ਰਹੇ ਸਨ, ਆਪਣੇ ਗੁਰੂ ਵਿੱਚ ਅਗਾਧ ਵਿਸ਼-ਵਾਸ ਅਤੇ ਕਾਜ਼ ਲਈ ਅਟਟ ਸ਼ਰਧਾ ਦਾ ਪ੍ਰਗ-ਟਾਵਾ ਨਾਮਧਾਰੀਆਂ ਦੀ ਦ੍ਰਿੜ੍ਹਤਾ ਭਰੀ ਬਹਾਦਰੀ ਕਾਰਨ ਸ਼ੈਤਾਨ ਅੰਗਰੇਜ਼ ਦਾ ਮਨੋਰਥ ਖੇਹ ਵਿਚ ਰਲ ਗਿਆ। ਉਹਨਾਂ ਪੰਜਾਹਾਂ ਵਿਚੋਂ ਜਿਨ੍ਹਾਂ ਨੂੰ ਇਹ ਸ਼ਹੀਦਾਂ ਵਾਲੀ ਮੌਤ ਦੀ ਸਜ਼ਾ ਦਿਤੀ ਗਈ ਸੀ ਉਣੰਜਾ ਨੂੰ ਤੋਪਾਂ ਦੇ ਗੋਲਿਆਂ ਨਾਲ ਤੂੰਬਾ ਤੂੰਬਾ ਕਰਕੇ ਉਡਾਇਆ ਗਿਆ। ਜਦ ਪੰਜਾਹਵੇਂ ਦੀ ਵਾਰੀ ਆਈ ਤਾਂ ਉਹ ਤੇਰਾਂ ਸਾਲਾਂ ਦਾ ਇਕ ਸੁਮਧਰ ਬੱਚਾ ਨਿਕਲਿਆ। ਇਹ ਸ਼ੈਤਾਨੀ ਨਾਚ ਤੇ ਮੌਤ ਦੀ ਭਿਅੰਕਰਤਾ ਦਿਲ ਰਹਿਤ ਅੰਗਰੇਜ਼ੀ ਹਾਕਮਾਂ ਲਈ ਇਕ ਚੁਹਲ ਤੇ ਖੇਡ ਸੀ, ਪਰ ਉਹਨਾਂ ਦੀਆਂ ਸੁਆਣੀਆਂ ਲਈ ਇਹ ਮਹਾਨ ਅਲੌਕਾਰੀ ਘਟਨਾ ਸੀ। ਅੰਗਰੇਜ਼ ਔਰਤਾਂ ਇਸ ਅਨ-ਮਨੁਖੀ ਸਜ਼ਾ, ਤੇ ਮਰਨ ਵਾਲਿਆਂ ਦੀ ਪੀੜ ਵੇਖ ਵੇਖ ਬੜਾ ਸੁਆਦ ਮਾਣਦੀਆਂ ਚਾਮ੍ਹਲ ਰਹੀਆਂ ਸਨ। ਉਹ ਮਨੁਖ ਹਥੋਂ ਮਨੁਖਾਂ ਉਤੇ ਇਸ ਵਹਿਸ਼ੀਆਨਾ ਸਲੂਕ ਨੂੰ ਇਕ ਸੁਖਾਂਤ ਨਾਟਕ ਵਾਂਗ ਵੇਖ ਰਹੀਆਂ ਸਨ। ਇਸ ਸਾਰੇ ਅਨ-ਮਨੁਖੀ ਭੈਦਾਇਕ ਸੀਨ ਵੇਲੇ ਕਾਵਨ ਦੀ ਪਤਨੀ ਸਾਰਾ ਸਮਾ ਆਪਣੇ ਪਤੀ ਦੇ ਨਾਲ ਰਹੀ। ਉਸ ਇਸਤ੍ਰੀ ਦਾ ਦਿਲ ਪਥਰ ਜਾਂ ਫੌਲਾਦ ਦਾ ਹੋਵੇਗਾ ਜਿਨ ਉਣੰਜਾ ਮਨੁਖੀ ਜਾਨਾਂ ਨੂੰ ਤੋਪ ਦੇ ਗੋਲਿਆਂ ਨਾਲ ਤੂੰਬਾ ਤੂੰਬਾ ਉਡਦਿਆਂ ਵੇਖਿਆ। ਨਿਰਸੰਦੇਹ ਉਹ ਮਨੁਖਤਾ ਦੇ ਨਮੂਨਿਆਂ ਲਈ ਇਕ ਅਪਮਾਨ ਜਨਕ ਗੱਲ ਸੀ, ਪਰ ਓੜਕ ਉਹ ਇਕ ਇਸਤ੍ਰੀ ਵੀ ਸੀ, ਤੇ ਸ਼ਾਇਦ ਮਾਂ ਵੀ। ਜਦ ਉਸ ਤੇਰਾਂ ਸਾਲਾਂ ਦੇ ਸੁੰਦਰ ਬੀਬੇ ਬਚੇ ਨੂੰ ਤੋਪ ਮੂਹਰੇ ਲਿਆਂਦਾ ਗਿਆ ਤਾਂ ਏਹ ਸੋਚਕੇ ਕਿ ਇਸ ਸੂਖਮ ਪੁਸ਼ਪ ਸਮਾਨ ਬਚੜੇ ਦੇ ਮਾਸ ਤੇ ਹਡੀਆਂ ਦੇ ਟੁਕੜੇ ਹੁਣੇ ਉਡ ਜਾਣਗੇ, ਇਸ ਚਿਤਰ ਨੇ ਉਸ ਦੀਆਂ ਅੱਖਾਂ ਵਿਚ ਪਾਣੀ ਲੈ ਆਂਦਾ। ਵਹਿੰਦੇ ਹੰਝੂਆਂ ਅਤੇ ਜਜ਼ਬਾਤ ਨਾਲ ਭਰੜਾਈ ਅਵਾਜ਼ ਉਸ ਆਪਣੇ ਪਤੀ ਤੋਂ ਬਚੇ ਦੀ ਜਾਨ ਬਖਸ਼ੀ ਮੰਗੀ। ਮਿ: ਕਾਵਨ ਆਪਣੀ ਪਤਨੀ ਨੂੰ ਨਾਰਾਜ਼ ਨਹੀਂ ਸੀ ਕਰ ਸਕਦਾ ਤੇ ਉਨ ਉਸਦੀ ਇਹ ਬੇਨਤੀ ਪਰਵਾਨ ਕਰ ਲਈ। ਬਚੇ ਨੂੰ ਉਸ ਸਫੇਦ ਜੋੜੇ ਦੇ ਸਾਹਮਣੇ ਲਿਆਂਦਾ ਗਿਆ। ਮਿ: ਕਾਵਨ ਨੇ ਬਚੇ ਨੂੰ ਏਹ ਦਸਦਿਆਂ ਕਿ ਤੈਨੂੰ ਮੈਂ ਆਪਣੀ ਪਤਨੀ ਦੇ ਆਖੇ ਮਾਫ਼ ਕਰ ਦਿਤਾ ਏ, ਬੜੇ ਗੰਦੇ ਲਫਜ਼ਾਂ ਵਿਚ ਨਾਮਧਾਰੀ ਸੰਪ੍ਰਦਾ ਤੇ ਗੁਰੂ ਰਾਮ ਸਿੰਘ ਜੀ ਨੂੰ ਮੰਦਾ ਚੰਗਾ ਆਖਿਆ। ਉਸ ਬਚੇ ਤੋਂ ਮੰਗ ਕੀਤੀ, 'ਮੈਂ ਤੈਨੂੰ ਮਾਫ਼ ਕਰਕੇ ਰਿਹਾ ਕਰ ਦਿੰਦਾ ਹਾਂ ਜੇ ਤੂੰ ਉਸ ਬਦਮਾਸ਼ ਸਤਿ-ਗੁਰੂ ਰਾਮ ਸਿੰਘ ਦਾ ਖਹਿੜਾ ਛਡ ਦਏਂ।"

ਮਿ: ਕਾਵਨ ਦੇ ਚਿਤ ਵਿਚ ਸੀ ਕਿ ਸਾਹਮਣੇ ਦਿਸਦੀ ਮੌਤ ਅਤੇ ਜੋ ਕੁਝ ਹੋਗਿਆ ਦੇ ਇਸਦੇ ਸਹਿਮ ਭਰੇ ਸਾਏ ਥਲੇ ਹਿਮਾਲੀਆ ਦੇ ਕਈ

ਪੁਤਰ ਦਲੇਰਾਂ ਤੋਂ ਗੀਦੀ ਬਣ ਜਾਂਦੇ ਹਨ। ਉਸਦਾ ਅਨੁਮਾਨ ਸੀ ਕਿ ਇਹ ਲਵਾ ਮੁੰਡਾ ਮੌਤ ਨਾਚ ਦੇ ਇਸ ਪੀੜਾਂ ਭਰੇ ਦ੍ਰਿਸ਼ ਨਾਲ ਹਡੀਆਂ ਤਕ ਕੰਬ ਗਿਆ ਹੋਵੇਗਾ ਤੇ ਮੇਰੀ ਇਹ ਸ਼ਰਤ ਸਹਿਜੇ ਹੀ ਮੰਨ ਜਾਵੇਗਾ ਪਰ ਉਸਨੂੰ ਇਹ ਬਿਲਕੁਲ ਭੁਲੇਖਾ ਲਗਾ ਸੀ। ਮਿ: ਕਾਵਨ ਨੂੰ ਪੰਜਾਂ ਪਾਣੀਆਂ ਦੇ ਸੂਰਮਿਆਂ ਦੇ ਫੌਲਾਦੀ ਮਨਾਂ ਦਾ ਅਗੇ ਕੋਈ ਤਜਰਬਾ ਨਹੀਂ ਸੀ। ਜੇ ਉਸ ਇਸ ਲੜਾਕਾ ਪੰਜਾਬ ਦੇ ਕੇਵਲ ਸੌ ਸਾਲਾ ਇਤਿਹਾਸ ਤੇ ਹੀ ਝਾਤੀ ਮਾਰੀ ਹੋਈ ਹੁੰਦੀ ਤਾਂ ਯਕੀਨਨ ਉਸਨੂੰ ਇਹ ਪਤਾ ਹੁੰਦਾ ਕਿ ਕੋਈ ਮੁੰਡਾ ਐਸੀ ਤਜਵੀਜ਼ ਦਾ ਕੀ ਉਤਰ ਦੇਵੇਗਾ। ਉਸਨੂੰ ਭੁਲ ਗਿਆ ਸੀ ਕਿ ਕਿਵੇਂ ਮੁਸਲਿਮ ਰਾਜ ਸਮੇ ਗਭਰੂ ਬਚੇ ਤੇ ਜੁਆਨ ਮੇਲਾ ਵੇਖਣ ਵਾਂਗ ਅਨ-ਮਨੁਖੀ ਤਸੀਹਿਆਂ ਨਾਲ ਮੌਤ ਦੇ ਘਾਟ ਉਤਾਰ ਦਿਤੇ ਜਾਂਦੇ ਸਨ। ਮੁਸਲਮਾਨ ਹਾਕਮਾਂ ਵਲੋਂ ਇਸ ਧਰਤੀ ਦੀਆਂ ਮਨੁਖਾ-ਪੁਸ਼ਪ ਕਲੀਆਂ ਤੇ ਢਾਹੀਆਂ ਉਹਨਾਂ ਭਿਆਨਕ ਆਫਤਾਂ ਦੀਆਂ ਲੜੀਆਂ ਦਾ ਧਿਆਨ ਧਰੋ! ਕੁਝ ਇਕਨਾਂ ਨੂੰ ਇਟਾਂ ਵਾਂਗ ਨੀਂਹਾਂ ਵਿਚ ਚਿਣਕੇ ਮਾਰ ਦਿਤਾ ਗਿਆ। ਕੁਝ ਹੋਰਨਾਂ ਦੀ ਜੀਉਂਦੇ ਜੀ ਖੱਲ ਲਾਹੀ ਗਈ। ਕੁਝਨਾਂ ਨੂੰ ਆਰੇ ਨਾਲ ਚੀਰਿਆ ਗਿਆ। ਤੇ ਹੋਰਨਾਂ ਨੂੰ ਪੋਟਾ ਪੋਟਾ ਕਟਿਆ ਗਿਆ। ਨਿਰ-ਸੰਦੇਹ ਤਾਰੀਖ ਮੁਸਲਮਾਨ ਤੇ ਅੰਗਰੇਜ਼ ਹਾਕਮਾਂ ਥਲੇ, ਐਸੇ ਹਜ਼ਾਰਾਂ ਵਾਕਿਆਤ ਨਾਲ ਭਰੀ ਪਈ ਹੈ ਜਦ ਮਨੁਖ ਨੂੰ ਅਸਹਿ ਤੇ ਅਕਹਿ ਜ਼ੁਲਮਾਂ ਦਾ ਸ਼ਿਕਾਰ ਬਣਾਇਆ ਗਿਆ। ਇਸ ਸ਼ੈਤਾਨ ਨੂੰ ਇਹ ਭੁਲਣਾ ਨਹੀਂ ਸੀ ਚਾਹੀਦਾ ਕਿ ਜਦ ਤਕ ਗੁਰੂ ਗੋਬਿੰਦ ਸਿੰਘ ਦੇ ਲਾਡਲੇ ਸਪੂਤਾਂ ਦੀ ਯਾਦ ਭਾਰਤ ਦੀ ਇਸ ਧਰਤੀ ਤੇ ਕਾਇਮ ਹੈ ਉਹ ਰੇਡੀ-ਅਮ ਜ਼ੱਰਰਿਆਂ ਵਾਂਗ ਚਾਨਣ ਤੇ ਜੀਵਨ ਲਾਟ ਦੀ ਆਸ ਧੜਕਾਂਦੀ ਰਹੇਗੀ ਅਤੇ ਇਸ ਧਰਤੀ ਦੇ ਬਚੇ ਆਪਣੇ ਧਰਮ ਤੇ ਜਨਮ ਭੂਮੀ ਲਈ ਕੋਈ ਦੁਖ ਸਿਰ ਲੈਣੋ ਤੇ ਕੁਰਬਾਨੀ ਕਰਨੋਂ ਨਾ ਲੰਘਣਗੇ। ਨ ਪੈਰ ਪਿਛੇ ਪਾਣਗੇ। ਤੇਰਾਂ ਸਾਲ ਦੀ ਉਸ ਅਧਖਿੜੀ ਕਲੀ ਦੇ ਮਨ ਵਿਚ ਗੁਰੂ ਰਾਮ ਸਿੰਘ ਜੀ ਲਈ ਅਟੁਟ ਵਿਸ਼ਵਾਸ ਸੀ। ਉਹ ਗੁਰੂ ਨੂੰ ਆਪਣੀ ਜਾਨ ਤੋਂ ਵਧ ਪਿਆਰ ਕਰਦਾ ਸੀ। ਜੀਵਨ ਤੇ ਨਾਮਧਾਰੀ ਆਪਣੇ ਸਤਿ-ਗੁਰੂ ਦੇ ਚਰਨਾਂ ਉਤੇ ਚੜ੍ਹਾਵਾ ਚੜ੍ਹਾ ਦਿੰਦੇ ਹਨ। ਕੀ ਫਰੰਗੀ ਇਸ ਜੀਵਨ ਅਰਪ ਚੁਕੇ ਪੁਸ਼ਪ ਨੂੰ ਜੀਵਨ ਚੋਗੇ ਨਾਲ ਭਰਮਾ ਸਕਦਾ ਹੈ? ਕੇਵਲ ਪਾਜੀ ਹੀ ਜੀਵਨ ਦਾਨ ਮੰਗਦੇ ਹਨ, ਸੂਰਮੇ ਮੌਤ ਨੂੰ ਮਿਤਰਾਂ ਵਾਂਗ ਜਫੀਆਂ ਪਾਂਦੇ ਹਨ। ਜਦ ਬਚੇ ਨੇ ਆਪਣੇ ਗੁਰੂ ਦੀ ਸ਼ਾਨ ਵਿਰੁਧ ਗਾਲ੍ਹਾਂ ਸੁਣੀਆਂ ਤਾਂ ਉਸਦੇ ਜਜ਼ਬੇ ਤਣਾਵਾਂ ਤੋੜ ਖਲੋਤੇ ਉਹ ਰੋਹ ਨਾਲ ਪਾਗਲ ਹੋ ਉਠਿਆ। ਇਕੋ ਝਟਕੇ ਨਾਲ ਉਸਨੇ ਆਪਣੇ ਆਪਨੂੰ ਸਿਪਾਹੀ ਦੀ ਜਕੜ ਵਿਚੋਂ ਛੁਡਾ ਲਿਆ, ਜਿਹੜਾ ਉਸਨੂੰ ਹਥਾਂ ਤੋਂ ਫੜੀ ਬੈਠਾ ਸੀ। ਉਹ ਚਿਟੇ ਸ਼ੈਤਾਨ ਉਤੇ ਝਪਟਿਆ ਅਤੇ ਉਸਨੇਉਸਦੀ ਅੰਗਰੇਜ਼ ਧਰਤੀ ਦੀ ਠੰਢੀ ਤੇ ਅਮੀਰ ਆਬੋਹਵਾ ਵਿਚ ਪਲੀ ਠਾਠ ਬਾਠ ਵਾਲੀ ਦਾਹੜੀ ਨੂੰ ਫੜ ਲਿਆ। ਉਸ ਵੇਲੇ ਗਭਰੂ ਐਸੀ ਸ਼ਕਤੀ ਤੇ ਰੋਹ ਵਿਚ ਭਰਿਆ ਹੋਇਆ ਸੀ ਕਿ ਉਸਦੇ ਹਥਾਂ ਦੇ ਝਟਕੇ ਨੇ ਮਿ: ਕਾਵਨ ਨੂੰ ਧਰਤੀ ਉਤੇ ਸੁਟ ਲਿਆ। ਉਸਦੀ ਠੋਡੀ ਲਗਭਗ ਉਖੜਖਲੋਤੀ ਪਰ ਮੁੰਡੇਨੇ ਆਪਣੀ ਪਕੜ ਢਿਲੀ ਨਾ ਕੀਤੀ। ਪਕੜ ਢਿਲੀ ਓਦੋਂ ਹੀ ਹੋਈ ਜਦੋਂ ਮਿ: ਕਾਵਨ ਦੇ ਪਿਛੇ ਖਲੋਤੇ ਕਿਸੇ ਨੇ ਤਲਵਾਰ ਦੇ ਵਾਰ ਨਾਲ ਲੜਕੇ ਦੇ ਦੋਵੇਂ ਗੁਟ ਵਢ ਸੁਟੇ ਅਤੇ ਅਗਲੇ ਪਲ ਉਸਨੂੰ ਟੋਟੇ ਟੋਟੇ ਕਰ ਦਿਤਾ ਗਿਆ।

ਇਸਤਰ੍ਹਾਂ ਪੰਜਾਹ ਦੇ ਪੰਜਾਹ ਬਾਗੀਆਂ ਨੂੰ ਮੌਤ ਦੇ ਘਾਟਉਤਾਰਿਆ ਗਿਆ ਤੇ ਬਾਕੀਆਂ ਨੂੰ ਮਲੌਦ ਦੇ ਕਿਲੇ ਵਿੱਚ ਫਾਹੇ ਟੰਗਣ ਲਈ ਭੇਜ ਦਿਤਾ ਗਿਆ (ਇਹ ਵੀ ਮਲੇਰ ਕੋਟਲੇ ਵਿਖੇ ਹੀ ਅਗਲੇ ਦਿਨ ਮੁੜ ਤੋਪਾਂ ਅਗੇ ਉਡਾਏ ਗਏ-ਅਨੁਵਾਦਕ) ਅਗਲੇ ਦਿਨ ਫਾਹੇ ਟੰਗੇ ਗਏ ਸ਼ਹੀਦਾਂ ਨਾਲ ਵੀ ਓਸੇ ਸਪਿਰਟ ਅਤੇ ਸ਼ਕਤੀ ਦਾ ਮੁਜ਼ਾਹਰਾ ਕੀਤਾ ਗਿਆ ਜਿਵੇਂ ਤੋਪ ਮੂੰਹਾਂ ਨਾਲ ਬੰਨਕੇ

ਉਡਾਏ ਗਏ ਸਾਥੀਆਂ ਨਾਲ ਕੀਤਾ ਸੀ। ਨਿਰ-ਸੰਦੇਹ ਉਹ ਧਰਤੀ ਜੋ ਕੁਰਬਾਨੀ, ਸਹਿਨ ਸ਼ੀਲਤਾ ਅਤੇ ਸ਼ਹੀਦੀ ਰੰਗਣ ਵਿੱਚ ਰੰਗੇ ਐਸੇ ਰੋਮਾਂਟਿਕ ਤੇ ਦਿਲ ਹਿਲਾਊ ਸੂਰਮੇ ਪੈਦਾ ਕਰਦੀ ਹੈ, ਕੂਕਿਆਂ ਦੀ ਇਸ ਸੋਗਮਈ ਕਰਨੀ ਦੇ ਗੀਤ ਗਾਣ ਲਈ ਪ੍ਰੇਰਦੀ ਹੈ। ਇਸ ਤੋਂ ਅਗਲੇ ਸਮੇ ਵਿੱਚ ਇਸ ਸਾਕੇ ਸਬੰਧੀ ਪੰਜਾਬ ਦੇ ਮਨੁਖਾਂ ਤੇ ਇਸਤ੍ਰੀਆਂ ਨੇ ਇਸ ਸਬੰਧੀ ਬੇਓੜਕ ਲੋਕ ਗੀਤ ਰਚੇ!

ਇਸਤ੍ਰਾਂ ਪੰਜਾਬ ਗੌਰਮਿੰਟ ਨੇ ਨਾਮਧਾਰੀਆਂ ਦੀ ਪਹਿਲੀ ਬਗਾਵਤ ਨੂੰ ਦਬਾ ਦਿਤਾ ਪਰ ਉਹ ਸੰਪ੍ਰਦਾਇ ਦੇ ਉਸਦੇ ਆਪਣੇ ਵਿਚਾਰਾਂ ਵਿਚ ਵਿਸ਼-ਵਾਸ ਨੂੰ ਖਤਮ ਨ ਕਰ ਸਕੀ। ਤਾਂ ਵੀ ਇਹ ਦਬਾਵ ਤੇ ਮੁਖਾਲਫਤ ਉਹਨਾਂ ਨੂੰ ਬਰਾਬਰ ਉਕਸਾਂਦੀ ਰਹੀ। ਅਧਿਕਾਰੀਆਂ ਨੂੰ ਹੁਣ ਸਮਝ ਆਈ ਕਿ ਨਾਮਧਾਰੀ ਫਿਰਕੇ ਦੀਆਂ ਸਾਰੀਆਂ ਪ੍ਰੇਰਨਾਵਾਂ ਦਾ ਸੋਮਾਂ ਅਦੁਤੀ ਸ਼ਖਸੀਅਤ ਸਤਿ-ਗੁਰੂ ਰਾਮ ਸਿੰਘ ਹੀ ਹੈ। ਇਸੇ ਲਈ ਉਹਨਾਂ ਨੇ ਫੈਸਲਾ ਕੀਤਾ ਕਿ ਜਿੰਨਾ ਚਿਰ ਇਹਮਹਾਨ ਚਾਨਣ ਮੁਨਾਰਾ ਲੋਕਾਂ ਦੇ ਵਿਚ ਹੈ ਕਿਸੇ ਤਾਕਤ ਦੀ ਵਰਤੋਂ ਜਾਂ ਦਬਾਵ ਗੌਰਮਿੰਟ ਨੂੰ ਚੈਲਿੰਜ ਦੇ ਖਤਰੇ ਤੋਂ ਨਹੀਂ ਘਟਾ ਸਕਦਾ। ਅਧਿਕਾਰੀਆਂ ਨੇ ਇਹ ਫੈਸਲਾ ਕੀਤਾ ਕਿ ਰਾਮ ਸਿੰਘ ਜੀ ਨੂੰ ਲੋਕਾਂ ਵਿਚੋਂ ਲਾਹਮੇ ਕਰ ਦਿਤਾ ਜਾਵੇ। ਉਹ ਕਿਸੇ ਮੌਕੇ ਦੀ ਤਾੜ ਵਿਚ ਰਹਿਣ ਲਗੇ ਪਰ ਰਾਮ ਸਿੰਘ ਜੀ ਜਾਂ ਤਾਂ ਏਨੇ ਚਤਰ ਸਨ ਤੇ ਜਾਂ ਏਨੇ ਭੋਲੇ ਭਾਲੇ ਕਿ ਉਹ ਇਹਨਾਂ ਦੀਆਂ ਸ਼ੈਤਾਨੀ ਚਾਲਾਂ ਦੇ ਗੇੜ ਵਿਚ ਨਾ ਫਸੇ। ਅੰਤ ਨੂੰ ਉਸ ਕਾਲੇ ਰੈਗੋਲੇਸ਼ਨ ਐਕਟ ਨੰ: ੩, ਸੰ: ੧੯੧੯ ਦੇ ਅਧਾਰ ਉਤੇ ਅੰਗਰੇਜ਼ ਸਰਕਾਰ ਨੇ ਗੁਰੂ ਰਾਮ ਸਿੰਘ ਨੂੰ ਫੜ ਲਿਆ ਤੇ ਬਰਮਾ ਦੇਸ਼ ਵਿੱਚ ਜਲਾਵਤਨ ਕਰ ਦਿਤਾ। ਆਪਣੀ ਪਿਆਰੀ ਜਨਮ ਭੂਮੀ ਤੇ ਸ਼ਰਧਾਲੂਆਂ ਤੋਂ ਦੁਰੇਡਾ, ਆਜ਼ਾਦੀ ਦੀ ਲਹਿਰ ਦਾ ਇਹ ਮਹਾਨ ਜਰਨੈਲ, ਆਜ਼ਾਦੀ ਦੀ ਤੀਜੀ ਜੰਗ ਹਾਰ ਕੇ ਨਿਰਾਸ ਤੇ ਟੁੱਟੇ ਦਿਲ ਨਾਲ ਪੂਰਾ ਹੋ ਗਿਆ। (ਨਾਮਧਾਰੀਆਂ ਦਾ ਇਹ ਵਿਸ਼ਵਾਸ ਨਹੀਂ ਜੋ ਲੇਖਕ ਨੇ ਪਰਗਟ ਕੀਤਾ ਹੈ-ਅਨੁਵਾ-ਦਕ) ਸਰਕਾਰ ਨੇ ਦਬਾਉ ਦੇ ਸਟੀਮ ਰੋਲਰ ਨਾਲ ਕੂਕਿਆਂ ਦੀਆਂ ਸਰਗਰਮੀਆਂ ਨੂੰ ਕੁਚਲ ਦਿਤਾ। ਧਰਮ ਅਤੇ ਸੁਦੇਸ਼ੀ ਰਾਜ ਦੀ ਲੜਾਈ ਲੜਨ ਵਾਲੇ ਘੁਲਾਟੀਆਂ ਲਈ ਨਾਮਧਾਰੀ ਸੰਪ੍ਰਦਾਇ ਦੀ ਇਹ ਮਹਾਨ ਲਹਿਰ ਜੋ ਸਬਕ ਰਖਦੀ ਹੈ ਉਹ ਇਹ ਹੈ ਕਿ ਤੁਸੀਂ ਆਪਣੇ ਇਸ ਸ਼ਲਾਘਾ ਯੋਗ ਮਨੋਰਥ ਲਈ ਮਹਾਨ ਜਥੇਬੰਦੀ ਉਸਾਰੋ, ਜੋ ਬੜੀ ਸ਼ਕਤੀ ਸ਼ਾਲੀ ਹੋਵੇ। ਤੁਸੀਂ ਕੁਝ ਇਕ ਪੈਰੋਕਾਰਾਂ ਨੂੰ ਕਿਸੇ ਵੀ ਕੁਰਬਾਨੀ ਤੇ ਜਰਾਂਦ ਦੇ ਸਿਧਾਂਤ ਲਈ ਤਿਆਰ ਕਰੋ ਪਰ ਜੇ ਉਸ ਵਿੱਚ ਮਰਯਾਦਾ ਦੀ ਉਹ ਸਪਿਰਟ ਤੇ ਲੀਡਰਾਂ ਬਾਬਤ ਵਿਸ਼ਵਾਸ ਤੇ ਆਗਿਆ ਕਾਰੀ ਦੀ ਉਹ ਭਾਵਨਾ ਨਹੀਂ ਪੈਦਾ ਹੁੰਦੀ ਤਾਂ ਯਕੀਨਨ ਉਹ ਲਹਿਰ ਮਿਟੀ ਦੇ ਘਰੋਂਦੇ ਵਾਂਗ ਦੱਬ ਜਾਵੇਗੀ।

ਵਸਦੇਉ ਬਲਵੰਤ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਅਸਫਲ ਜਤਨਾਂ ਦਾ ਖਿਆਲ ਕਰੋ! ਸਾਰੀਆਂ ਘਟਨਾਵਾਂ, ਉਹਨਾਂ ਦਿਆਂ ਵਸੀਲਿਆਂ ਅਤੇ ਢੰਗਾਂ ਨੂੰ ਧਿਆਨ ਵਿਚ ਰਖਦਿਆਂ ਤੁਹਾਨੂੰ ਮੰਨਣਾ ਪਵੇਗਾ ਕਿ ਉਹਨਾਂ ਦੀ ਪ੍ਰਥਮ ਤੇ ਪ੍ਰਬਲ ਖਾਹਿਸ਼ ਵਿਦੇਸ਼ੀ ਰਾਜ ਨੂੰ ਖਤਮ ਕਰ ਦੇਣ ਅਤੇ ਕੌਮੀ ਸੁਦੇਸ਼ੀ ਰਾਜ ਕਾਇਮ ਕਰਨਾ ਸੀ। ਇਸ ਸਬੰਧ ਵਿਚ ਕਿਸੇ ਨੂੰ ਕੋਈ ਸ਼ਕ ਨਹੀਂ ਹੋਣਾ ਚਾਹੀਦਾ। ਇਹਨਾਂ ਉਤਾਰਾਂ ਦੇ ਆਸ਼ਿਆਂ ਦੀ ਕਸਵਟੀ, ਪ੍ਰਾਪਤ ਹੋਈ ਨਾਕਾਮੀ ਨਹੀਂ, ਤਾਂ ਵੀ ਇਹ ਦੁਖਦਾਈ ਗਲ ਹੈ ਕਿ ਜਿਥੇ ਅਸੀਂ ਇਕ ਪਾਸੇ ਗੁਲਾਮੀ ਦੀਆਂ ਜ਼ੰਜੀਰਾਂ ਕਟਣ ਵਾਸਤੇ ਦੇਸ਼ ਵਿਆਪੀ ਜੋਸ਼ ਵੇਖਦੇ ਹਾਂ, ਦੂਜੇ ਬੰਨੇ ਦੇਸੀ ਰਾਜਿਆਂ ਵਲੋਂ ਭਾਰਤ ਮਾਂ ਦੇ ਗਲ ਵਿਚ ਇਹ ਫੰਧੇ ਕੱਸਣ ਲਈ ਘਿਣੌਣੇ ਤੇ ਨਿੰਦਣ ਯੋਗ ਯਤਨ ਵੀ ਅਸੀਂ ਤਕਦੇ ਹਾਂ। ਸਰਕਾਰ ਵਲੋਂ ਆਰਮਜ਼ ਐਕਟ ਵਰਗੇ ਕਾਨੂੰਨ ਰਾਹੀਂ ਕੌਮ ਨੂੰ ਹਥਿਆਰ ਹੀਣ ਕਰਨ ਦੀਆਂ ਕਮੀਨੀਆਂ ਹਰਕਤਾਂ ਦੇ ਕਦਮ

ਲਏ ਗਏ। ਅੰਗਰੇਜ਼ੀ ਹਾਕਮਾਂ ਵਲੋਂ ਹਿੰਦੁਸਤਾਨ ਦੀ ਨਵੀਂ ਨਸਲ ਨੂੰ ਨਿਰੇ ਆਪਣੇ ਪਿਛਲਗ ਬਣਾਣ ਵਾਸਤੇ ਤਾਲੀਮ ਦਾ ਇਕ ਨਵਾਂ ਢੰਗ ਲਾਗੂ ਕੀਤਾ ਗਿਆ।ਇੰਡੀਅਨ ਨੈਸ਼ਨਲ ਕਾਂਗਰਸ ਨੂੰ ਜਨਮ ਇਸ ਮਕਸਦ ਨਾਲ ਦਿਤਾ ਗਿਆ ਕਿ ਇਹ ਹਿੰਦੁਸਤਾਨੀ ਜਨਤਾ ਦੀ ਅਸੰਤੁਸ਼ਟਤਾ ਨੂੰ ਲਫ਼ਜ਼ਾਂ ਦੇ ਹੇਰ ਫੇਰ ਨਾਲ ਸੇਫ਼ਟੀ ਵਾਲਵ (ਨਿਕਾਸ) ਵਾਂਗ ਵਰਤਿਆ ਜਾਵੇ ਤਾਕਿ ਆਪਣੇ ਪੇਚਦਾਰ ਮਤਿਆਂ ਨਾਲ ਇਸ ਦੇ ਜੋਸ਼ ਨੂੰ ਬੰਨ੍ਹੀ ਰਖਣ ਤੇ ਇਸਤਰਾਂ ਅਧਿਕਾਰਾਂ ਫੋਕੀ ਨਾਅਰੇ ਬਾਜ਼ੀ ਦੇ ਗੇੜ ਵਿਚ ਪਾਈ ਰਖਣ।

ਅੰਗਰੇਜ਼ੀ ਰਾਜ ਪ੍ਰਬੰਧ ਵਲੋਂ ਸਾਰੇ ਹਿੰਦੁਸਤਾਨ ਨੂੰ ਇਕ ਵਿਸ਼ੇਸ਼ ਦਾਸ ਦੇਸ਼ ਦੇ ਰੂਪ ਵਿਚ ਬਦਲ ਦੇਣ ਦੇ ਤ੍ਰੈ ਮਨੋਰਥ ਮਸ਼ੀਨੀ ਸਿਸਟਮ ਨੇ ਬੜੇ ਜ਼ਹਿਰੀਲੇ ਸਿਟੇ ਕਢੇ। ਕੂਕਾ ਲਹਿਰ ਦੀ ਨਾਕਾਮੀ ਪਿਛੋਂ, ਇਕ ਹੋਰ ਮਹਾਨ ਸ਼ਖਸੀਅਤ ਦਾ ਹਿੰਦੁਸਤਾਨ ਦੀ ਵਿਦਰੋਹੀ ਸਟੇਜ ਉਤੇ ਪਰਵੇਸ਼ ਹੋਇਆ। ਤੇ ਉਹ ਸੀ ਅਸਾਧਾਰਨ ਵਿਸ਼ਿਸ਼ਟ ਬੁਧੀ ਵਾਲੇ ਮਹਾ ਰਿਸ਼ੀ ਅੰਨਾ ਸਾਹਿਬ ਪਟਵਰਧਨ, ਜੋ ਭਾਵੇਂ ਏਨੇ ਉਘੇ ਨਾਮਣੇ ਵਾਲੇ ਨਹੀਂ ਸਨ ਪਰ ਜੋ ਅੰਗਰੇਜ਼ੀ ਸਭਿਅਤਾ ਦੀ ਚਮਕ ਦਮਕ ਤੇ ਝੂਠੀ ਲਿਸ਼ਕਪੁਸ਼ਕ ਨਾਲ ਚੁੰਧਿਆਈ ਹਿੰਦੀ ਜਨਤਾ ਦੇ ਸਾਹਮਣੇ ਅੰਗਰੇਜ਼ੀ ਸਾਮਰਾਜ ਦੀ ਬਹੁਪਖੀ ਕੁਟਲ ਨੀਤੀ ਨੂੰ ਸਹੀ ਤੌਰ ਤੇ ਨਿਰਣਾ ਕਰਕੇ ਲੋਕਾਂ ਦੇ ਸਾਹਵੇਂ ਆ ਖਲੋਤੇ। ਇਨਕਲਾਬ ਦਾ ਕਾਜ਼ ਹੁਣ ਅੰਨਾ ਸਾਹਿਬ ਪਟਵਰਧਨ ਦੀ ਅਗਵਾਈ ਹੇਠ ਮਜ਼ਬੂਤ ਹੋਣ ਲਗਾ, ਜਿਨ੍ਹਾਂ ਨੇ ਅੰਗਰੇਜ਼ੀ ਰਾਜ ਪ੍ਰਬੰਧ ਨੂੰ ਅਚੂਕ ਤੇ ਦਲੇਰਾਨਾਂ ਕਦਮਾਂ ਨਾਲ ਬੰਨ੍ਹ ਲਾਇਆ।

ਇਹ ਬਸੰਤ ਨਹੀਂ ਭਾ ਰਹੀ।

[ਬੀਬੀ ਲੀਲ੍ਹਾਵੰਤੀ ਜੀ ਦਿਲੀ

ਦੇਖੀ ਆਵਦੀ ਬਸੰਤ ਖੁਸ਼ੀ ਹੋਈ ਸੀ ਬੇਅੰਤ,
ਕਿਧਰੇ ਮਾਹੀ ਮੇਰਾ ਨਾਲ ਲੈਕੇ ਆ ਰਹੀ।
ਪਤਾ ਪਤਾ ਹਰਾ ਹੋਇਆ, ਫੁਲ ਫੁਲ ਪੀਲਾ ਹੋਇਆ,
ਸਾਹੜੀ ਪੀਲੀ ਪੀਲੀ ਪੈਹਨਕੇ ਤੂੰ ਆ ਰਹੀ।
ਤੇਰੀ ਤਕਕੇ ਨੁਹਾਰ, ਛਬੀ ਅਕਾਬ ਬਹਾਰ,
ਚੰਨ ਚਾਨਣੀ ਵੀ ਤੈਥੋਂ ਸ਼ਰਮਾ ਰਹੀ।
ਸੰਗਤ ਤੇਰਾ ਰਾਹ ਤਕੇ, ਤਕ ਤਕ ਕੇ ਨਾਂ ਥਕੇ,
ਤੈਥੋਂ ਸਦਕੇ ਤੇ ਬਲਿਹਾਰ ਹੁੰਦੀ ਜਾ ਰਹੀ।
ਮਾਤਾ ਸਦਾ ਕੌਰ ਦੇ ਲਾਲ, ਜਸਾ ਸਿੰਘ ਦੇ ਗੋਪਾਲ,
ਇਹਨਾਂ ਗਊਆਂ ਦਾ ਗੋਪਾਲ ਲੈਕੇ ਆ ਰਹੀ।
ਸੰਗਤ ਪੁਰਬ ਮਨਾਵੇ ਨਾਲੇ ਗੀਤ ਬ੍ਰਿਹਾਦੇ ਗਾਵੇ,
ਰੋ ਰੋ ਮਸਤਾਨੀ ਫਾਵੀ ਹੁੰਦੀ ਜਾ ਰਹੀ।
ਜਦੋਂ ਇਕਲੀ ਤੂੰ ਆਈ ਨਾਲ ਮਾਹੀ ਨਾਂ ਲਿਆਈ,
ਸਾਨੂੰ ਤੇਰੀ ਇਹ ਬਸੰਤ ਨਾਹੀ ਭਾ ਰਹੀ।

"ਰੁਤ ਹੈ ਬਹਾਰ ਦੀ"

[ਸ੍ਰ: ਊਧਮ ਸਿੰਘ ਜੀ ਆਜਿਜ਼ ਮੋਰੀ ਵਾਲਾ

ਆਗਮਨ ਸੁਣਕੇ ਚੀਨੀ ਵਾਲੇ ਪਾਤਸ਼ਾਹ ਦਾ, ਨਚ ਉਠੀ ਅਜ ਕਲੀ ਕਲੀ ਗੁਲਜ਼ਾਰ ਦੀ।
ਝੂਮ ਉਠੇ ਮੋਰ ਤੇ ਪਪੀਹੇ ਸ਼ੋਰ ਪਾਉਣ ਲਗੇ, ਗੀਤਾਂ ਵਿਚ ਕੋਇਲ ਹੈ ਪੀਆ ਨੂੰ ਪੁਕਾਰਦੀ।
ਮੱਧਮ, ਤਾਊਸ, ਤੇ ਤਮੂਰੇ ਆਪੇ ਵਜ ਉਠੇ, ਆਉਂਦੀ ਹੈ ਆਵਾਜ਼ ਮਰਦੰਗ ਤੇ ਸਿਤਾਰ ਦੀ।
ਕੰਨ ਚੁਕ ਚੁਕ ਕਨਸੋ ਵੱਛੇ ਲੈਣ ਪਏ, ਹੱਦ ਹੋ ਗਈ ਗਊ ਤੇ ਗਰੀਬਾਂ ਦੇ ਪਿਆਰ ਦੀ।
ਖੜੇ ਸਤਿਕਾਰ ਲਈ ਦੁਧ ਚਿਟਾ ਸੂਟ ਪਾਕੇ, ਜਿਨਾਂ ਨੂੰ ਹੈ ਸਿਕ ਲਗੀ ਆਪ ਦੇ ਦੀਦਾਰ ਦੀ।
ਮਿਠੀ ਮਿਠੀ ਸੁਰ ਵਿਚ ਰਲ ਮਿਲ ਗਵਾਂਦੇ ਨੇ, ਮਾਹੀ ਸਾਡੇ ਆਉਣਾ ਕਿਉਂਕਿ ਰੁਤ ਹੈ ਬਹਾਰ ਦੀ।

ਜੰਗਲਾਂ ਤੇ ਬੇਲਿਆਂ ਚੋਂ ਇਹੋ ਹੀ ਅਵਾਜ਼ ਆਵੇ, ਆਉਂਦੀ ਹੈ ਸਵਾਰੀ ਅਜ ਚੀਨੀ ਅਸਵਾਰ ਦੀ।
ਗੋਡਿਆਂ ਤੋਂ ਨੀਵੀਆਂ ਨੇ ਭੁਜਾਂ ਮੇਰੇ ਮਾਹੀ ਦੀਆਂ, ਨਕ ਓਹਦਾ ਤਿਖਾ ਜਿਵੇਂ ਨੋਕ ਤਲਵਾਰ ਦੀ।
ਨਾਮਦਾਨ ਦੇ ਕੇ ਜਿਹੜਾ ਪਾਪੀਆਂ ਨੂੰ ਤਾਰ ਦੇਵੇ, ਮਹਿਮਾ ਨ ਕੋਈ ਗਾ ਸਕੇ ਜੀਹਦੇ ਉਪਕਾਰ ਦੀ।
ਦੇਸ਼ ਦਾ ਪੁਜਾਰੀ, ਦਿਲਦਾਰੀ ਕਰੇ ਸਾਰਿਆਂ ਦੀ, ਝਾਲ ਨਾ ਕੋਈ ਝੱਲ ਸਕੇ ਨੂਰੀ ਕਰਤਾਰ ਦੀ।
ਤਿੰਨ ਲੋਕ ਢੂੰਡ ਥੱਕੀ ਮਿਲਿਆ ਨਾ ਸਾਨੀ ਕੋਈ, ਸੂਰਤ ਨਾ ਦਿਸੇ ਕੋਈ ਓਸ ਦੇ ਨੁਹਾਰ ਦੀ।
ਬੁਲਬੁਲਾਂ ਤੇ ਭੌਰਿਆਂ ਨੇ ਗੀਤਾਂ ਵਿਚ ਆਖਿਆ ਏ, ਚੀਨੀ ਵਾਲੇ ਆਉਣਾ, ਹੁਣ ਰੁਤ ਹੈ ਬਹਾਰ ਦੀ।

ਜੀ ਆਇਆਂ ਕਹਿਣ ਓਸ ਸਚੀ ਸਰਕਾਰ ਤਾਈਂ, ਜੜ੍ਹ ਸੀ ਹਿਲਾਈ ਜਿਸ ਗੋਰੀ ਸਰਕਾਰ ਦੀ।
ਜੀਹਦੇ ਸਿੰਘਾਂ ਤੋਪਾਂ ਅਤੇ ਫਾਂਸੀਆਂ ਨੂੰ ਖੇਲ ਜਾਤਾ, ਜਿਨਾਂ ਕੋਲੋਂ ਭੈ ਖਾ ਕੇ ਮੌਤ ਵੀ ਸੀ ਹਾਰਦੀ।
ਕਿਸੇ ਵਰਯਾਮ ਵਿਚ ਭਰੀ ਵਰਯਾਮਗੀ ਓਹ, ਇਟਾਂ ਤੇ ਖਲੋਕੇ ਆਨ ਤੋਪ ਨੂੰ ਵੰਗਾਰਦੀ।
ਨਿਕੇ ਜਿਹੇ ਬਿਸ਼ਨ ਸਿੰਘ ਵਿਚ ਓਹ ਅਣਖ ਜਾਗੀ, ਕਾਵਨ ਦੀ ਦਾਹੜੀ ਤਾਂਈ ਝਟਕੇ ਸੀ ਮਾਰਦੀ।
ਕੋਟਲੇ ਦੇ ਕਲਰ 'ਚ ਕੂਕਿਆਂ ਦੇ ਖੂਨ ਵਾਲੀ, ਦੁਨੀਆਂ ਨੇ ਵੇਖੀ ਵਗੀ ਨਦੀ ਠਾਠਾਂ ਮਾਰਦੀ।
ਓਨਾਂ ਕੁਰਬਾਨੀਆਂ ਨੇ ਦੇਸ਼ ਨੂੰ ਆਜ਼ਾਦ ਕੀਤਾ, ਤਾਂਹੀਓਂ ਦੇਸ਼ ਵਿਚ ਆਈ ਰੁਤ ਹੈ ਬਹਾਰ ਦੀ।

ਰੁਬਾਈ

[ਸ੍ਰੀ ਗੁਲਜ਼ਾਰ ਸਿੰਘ ਜੀ ਦਰਦੀ ਪਿੰਡ ਪਵਾਰ

ਪ੍ਰੀਤਮ ਤੇਰੀ ਯਾਦ ਹਮੇਸ਼ਾਂ ਦਿਲ ਨੂੰ ਪਈ ਸਤਾਵੇ।
ਭੜਕੇ ਅਗ ਵਿਛੋੜੇ ਵਾਲੀ ਖੂਨ ਜਿਗਰ ਦਾ ਖਾਵੇ।
ਤੇਰੀਆਂ ਤਾਂਘਾਂ ਲਾਵਨ ਸਾਂਗਾਂ ਚੀਸਾਂ ਪਾਣ ਕਲੇਜੇ।
ਦਰਦੀ ਚੀਨੀ ਵਾਲਾ ਮੁੜਕੇ ਕਦੋਂ ਕੁ ਮੁਖ ਦਿਖਲਾਵੇ।

ਅਲੌਕਿਕਤਾ

[ਸ੍ਰੀਮਾਨ ਪੰਡਤ ਗੌਪਾਲ ਸਿੰਘ ਜੀ ਹਾਲ ਤਪਾ

ਆਮ ਕਹਾਵਤ ਨੂੰ ਵਡਿਆਈ ਦੇਣੀ ਵੀ ਇਕ ਪ੍ਰਕਾਰ ਦੀ ਅੰਗ ਪੂਰਤੀ ਹੀ ਮੰਨੀ ਜਾਂਦੀ ਹੈ। ਜੇਕਰ ਉਹਨੂੰ ਮਹੱਤਵ ਨ ਦਿਤਾ ਜਾਏ ਤਾਂ ਸਾਧਾਰਨ ਲੋਕਾਂ ਦੇ ਸਾਹਮਣੇ ਉਹ ਕਥਾ ਅਪੂਰਨ ਹੀ ਰਹਿੰਦੀ ਹੈ। ਏਸੇ ਲਈ ਅਪੂਰਨਤਾ ਨੂੰ ਲੈ ਕੇ ਅੰਨਮਤ ਭੇਦਾ ਅਨੁਯਾਈ ਮਨੋ ਕਲਪਤ ਗਲ ਆਖਕੇ ਟੁਚੀ ਦਾ ਭੁਚਾਲ ਲੈ ਆਉਨ ਵਿਚ ਤਿਆਰ ਬਰ-ਤਿਆਰ ਰਹਿੰਦੇ ਹਨ। ਏਸ ਲਈ ਮੈਂ ਅਜ ਇਕ ਕਿੰਵਦੰਤੀ ਨੂੰ ਹੀ ਮਹਤਵ ਦੇਣਾ ਚੰਗਾ ਸਮਝਦਾ ਹਾਂ।

ਕਹਿੰਦੇ ਨੇ ਕਿ ਜਦੋਂ ਮਰਯਾਦਾ ਪੁਰਸ਼ੋਤਮ ਭਗਵਾਨ ਰਾਮ ਜੀ ਦਾ ਇਸ ਸੰਸਾਰ ਵਿਚ ਦੁਸ਼ਟਾਂ ਦੇ ਸੰਘਾਰ ਲਈ ਆਗਮਨ ਹੋਇਆ, ਤਦੋਂ ਇਕ ਹਫਤੇ ਲਈ ਸੂਰਜ ਦੇਵਤੇ ਦਾ ਰਥ ਵਯੋਮ ਮਾਰਗ ਤੇ ਟਿਕਿਆ ਰਿਹਾ। ਏਹ ਘਟਨਾ ਬਜਾਏ ਸਾਧੂ, ਸੰਤ, ਰਿਖੀ ਮੰਡਲ ਤੋਂ ਹੋਰ ਕਿਸੇ ਨੂੰ ਪ੍ਰਗਟ ਨ ਹੋਈ। ਸੂਰਜ ਦਾ ਇਕ ਥਾਂ ਟਿਕ ਜਾਣਾ, ਭਾਵ ਸੱਤਾਂ ਦਿਨਾਂ ਦਾ ਇਕ ਦਿਨ ਹੋ ਜਾਣਾ, ਇਸਦਾ ਕਾਰਨ ਸਿਰਫ ਏਹੋ ਹੀ ਸੀ ਕਿ ਸੂਰਜ ਦੇਵ ਨੂੰ ਅਯੁਧਯਾ ਦੀ ਪਰਸੰਨਤਾ ਅਤੇ ਸ਼ਿੰਗਾਰ, ਜੇਹੜਾ ਰਾਮ ਭਗਵਾਨ ਦੇ ਜਨਮ ਆਉਣ ਦੀ ਖੁਸ਼ੀ ਵਿਚ ਕੀਤਾ ਗਿਆ, ਉਸਨੇ ਉਸਦੀ ਤੇਜ ਰਫਤਾਰ ਨੂੰ ਟਿਕਾ ਵਿਚ ਕਰ ਦਿਤਾ। ਆਪਣੇ ਕੰਮ ਨੂੰ, ਜਿਸ ਨਾਲ ਉਸਦੇ ਵੰਸ਼ ਦੀ ਉਚਤਾਈ ਹੁੰਦੀ ਸੀ ਭੁਲ ਜਾਣ ਵਿਚ ਸੂਰਜ ਦੇਵ ਵੀ ਪਿਛੇ ਨ ਰਿਹਾ।

ਏਸੇਤਰਾਂ ਗੀਤਾ ਗਾਇਕ ਸ੍ਰੀ ਭਗਵਾਨ ਕ੍ਰਿਸ਼ਨ ਜੀ ਦੇ ਆਗਮਨ ਸਮੇ ਮਥਰਾ ਦੀ ਜੇਹਲ ਦੇ ਦਰ-ਵਾਜ਼ੇ ਆਪਣੇ ਆਪ ਖੁਲ੍ਹ ਗਏ, ਅਤੇ ਕੰਸ ਵਲੋਂ ਨੀਯਤ ਕੀਤੇ ਹੋਏ ਬੰਦਿਆਂ ਤੇ ਜੋ ਕਿ ਉਸ ਵਕਤ ਜੇਹਲ ਦੇ ਰਾਖੇ ਸਨ, ਐਸੀ ਨੀਂਦ ਝੁਲੀ ਕਿ ਆਪਣੇ ਸਰੀਰਾਂ ਦੀ ਵੀ ਸੁਧ ਨ ਰਹੀ। ਭਗਵਾਨ ਚਤਰ ਭੁਜ ਹੋਕੇ ਦਰਸ਼ਨ ਦਿਤਾ ਅਤੇ ਕਿਹਾ ਕਿ ਮੈਨੂੰ ਗੋਕਲ ਵਿਚ ਨੰਦ ਬਾਬਾ ਦੇ ਘਰ ਛਡ ਆਵੇ, ਨਾਲ ਹੀ ਉਥੋਂ ਉਹਨਾਂ ਦੇ ਘਰ ਜੇਹੜੀ ਕੰਨਿਆਂ ਨੇ ਜਨਮ ਲਿਆ ਹੈ ਉਸਨੂੰ ਲੈ ਆਵੇ। ਸ੍ਰੀ ਵਾਸ-ਦੇਵ ਜੀ ਨਵਜਾਤ ਬਚੇ ਨੂੰ ਲੈਕੇ ਗੋਕਲ ਵਲ ਤੁਰ ਪਏ ਰਸਤੇ ਵਿਚ ਜਮਨਾ ਨਦੀ ਪੈਂਦੀ ਸੀ। ਜਮਨਾ ਨਦੀ ਦਾ ਜਲ ਉਪਰ ਨੂੰ ਕ੍ਰਿਸ਼ਨ ਭਗਵਾਨ ਦੇ ਚਰਨਾਂ ਨੂੰ ਸਪਰਸ਼ ਕਰਨ ਦੀ ਕੋਸ਼ਸ਼ ਕਰਦਾ ਹੈ। ਆਖਰ ਨੌਬਤ ਏਥੋਂ ਤਕ ਪਹੁੰਚੀ ਕਿ ਵਾਸਦੇਵ ਜੀ ਜਲ ਵਿਚ ਰੁੜ੍ਹ ਜਾਣ ਲਗੇ। ਫੇਰ ਕੀ ਸੀ ਸ੍ਰੀ ਭਗਵਾਨ ਨੇ ਅਪਨਾ ਪਵਿਤ੍ਰ ਚਰਨ ਟੋਕਰੇ ਚੋਂ ਬਾਹਰ ਕਢ ਜਮਨਾਂ ਦੇ ਪਾਣੀ ਨਾਲ ਸਪਰਸ਼ ਕੀਤਾ, ਚਰਣ ਛੁਹ ਪਰਾਪਤ ਕਰਦਿਆਂ ਹੀ ਜਮਨਾਂ ਗੋਡਿਆਂ ਤੱਕ ਹੋ ਗਈ। ਆਖਰ ਪਹਿਲੇ ਕਹੇ ਅਨੁਸਾਰ ਓਹੋ ਤਬਦੀਲੀ ਹੋਈ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੁਨੀਆਂ ਤੇ ਆਗਮਨ ਹੋਇਆ, ਤਾਂ ਦੌਲਤਾਂ ਦਾਈ ਨੇ ਵੇਖਿਆ ਕਿ ਬਾਲਕ ਦੇ ਜਨਮ ਨਾਲ ਹੀ ਸਾਰਾ ਕਮਰਾ ਪ੍ਰਕਾਸ਼ ਨਾਲ ਭਰ ਗਿਆ ਏ। ਭਾਵੇਂ ਉਸ ਨੇ ਕਈਆਂ ਬਚਿਆਂ ਨੂੰ ਦਾਈ ਦਾ ਕੰਮ ਕਰ ਜਮਾ-ਇਆ ਸੀ, ਉਸ ਦੇ ਦੇਖਣ ਵਿਚ ਏਹੋ ਜੇਹਾ ਦ੍ਰਿਸ਼ ਕਦੀ ਨਹੀਂ ਸੀ ਆਇਆ। ਕੀ ਹੋਇਆ ? ਉਸੇ ਵੇਲੇ ਕੋਠੇ ਤੇ ਚੜ੍ਹ ਗਈ ਅਤੇ ਕਹਿਣ ਲਗ ਪਈ ਕਿ ਅਜ ਜਿਸ ਬਾਲਕ ਨੇ ਕਾਲੂ ਦੇ ਘਰ ਤ੍ਰਿਪਤਾ ਜੀ ਦੇ ਕੁਖ ਤੋਂ ਜਨਮ ਲਿਆ ਏ ਏਹ ਸਾਧਾਰਨ ਬਾਲਕ ਨਹੀਂ ਸਗੋਂ ਕੋਈ ਅਲੌਕਿਕ ਬਾਲਕ ਹੈ।

ਧਰਮ ਰੀਖਅਕ ਗੁਰੂ ਗੋਬਿੰਦ ਸਿੰਘ ਜੀ ਦੀ ਬਾਬਤ ਵੀ ਸੂਰਜ ਪ੍ਰਕਾਸ਼ ਨਾਮੀ ਮਾਨਯ ਗ੍ਰੰਥ ਵਿਚ ਲਿਖਿਆ ਹੈ ਕਿ ਜਦੋਂ ਵੀਰ ਜਨਨੀ ਪੂਜਯ ਗੁਜਰੀ ਮਾਤਾ ਜੀ ਨੇ ਦਸ਼ਮੇਸ਼ ਜੀ ਨੂੰ ਜਨਮ ਦਿਤਾ, ਉਸ ਸਮੇ ਅਧੀ ਰਾਤ ਦਾ ਵਕਤ ਸੀ।

ਇਕ ਐਸੀ ਜਿਓਤੀ ਅਕਾਸ਼ ਵਿਚ ਚਮਕੀ, ਜਿਸ ਨਾਲ ਸਾਰੇ ਨਭ ਮੰਡਲ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਉਸ ਪ੍ਰਕਾਸ਼ ਨੂੰ ਕਈ ਮਹਾਂ ਪੁਰਸ਼ਾਂ ਨੇ ਵੇਖਿਆ। ਉਸ ਪ੍ਰਕਾਸ਼ ਨੇ ਇਕ ਖਿਨ ਲਈ ਸਭ ਦਿਸ਼ਾ ਵਿਦਿਸ਼ਾ ਇਕ ਕਰ ਦਿਤੀਆਂ। ਕਈ ਕੋਹਾਂ ਤਕ ਉਸ ਪ੍ਰਕਾਸ਼ ਨੇ ਅਖਾਂ ਚੁੰਧਿਆ ਦਿਤੀਆਂ। ਏਥੋਂ ਤਕ ਕਿ ਅੰਬਾਲੇ ਜ਼ਿਲੇ ਦੇ ਬੁੜਾਮ ਨਮੀ ਪਿੰਡ ਵਿਚ ਰਹਿਣ ਵਾਲੇ ਇਕ ਮੁਸਲਮਾਨ ਫਕੀਰ, ਜਿਸ ਦਾ ਨਾਮ ਭੀਖਣ ਸ਼ਾਹ ਸੀ ਨੂੰ ਵੀ ਉਹ ਜਿਓਤੀ ਦ੍ਰਿਸ਼ਟੀ ਗੋਚਰ ਹੋਈ। ਪੀਰ ਜੀ ਨੇ ਅਪਣੀ ਸੇਵਕ ਮੰਡਲੀ ਨੂੰ ਕਹਿਆ ਕਿ ਮੈਨੂੰ ਏਹ ਮਲੂਮ ਹੁੰਦਾ ਏ ਕਿ ਪ੍ਰਕਾਸ਼ ਪਟਨਾ (ਪਾਟਲੀ ਪੁਤ੍ਰ) ਸੂਬਾ ਬਿਹਾਰ ਦੇ ਸ਼ਹਿਰ ਤੇ ਹੋਇਆ ਏ। ਮੈਨੂੰ ਵਿਸ਼ਵਾਸ ਏ ਕਿ ਕਿਸੇ ਮਹਾਂ ਪੁਰਖ ਦਾ ਅਵਤਾਰ ਹੋਇਆ ਏ ਜਿਸ ਦੇ ਹਥੋਂ ਧਰਮ ਦੀ ਜੈ ਅਤੇ ਅਧਰਮੀਆਂ ਦੀ ਖੈ ਹੋਵੇਗੀ। ਭੀਖਨ ਸ਼ਾਹ ਜੀ ਦੇ ਦਿਲ ਵਿਚ ਸ਼ਰਧਾ ਭਗਤੀ ਅਤੇ ਉਸ ਮਹਾਂ ਪੁਰਖ ਦੇ ਦਰਸ਼ਣਾਂ ਦੀ ਖਿਚ ਹੋਈ। ਉਸੇ ਵਕਤ ਉਹ ਸਾਧੂ ਅਪਣੇ ਦੋ ਮੁਰੀਦ ਨਾਲ ਲੈ ਪਟਨੇ ਵਲ ਤੁਰ ਪਇਆ। ਉਹਨਾਂ ਦਿਨਾਂ ਵਿਚ ਟਰੈਫਕ ਦੇ ਸਾਧਨ ਚੰਗੇ ਨ ਹੋਣ ਦੇ ਕਾਰਨ ਕਈ ਦਿਨਾਂ ਬਾਦ ਭੀਖਣਸ਼ਾਹ ਅਪਨੇ ਅਨੁਭਵ ਦੀ ਸਤਿਅਤਾ ਦੇ ਅਧਾਰ ਤੇ ਤੁਰਦਾ ੨ ਪਟਨੇ ਪੁਜ ਗਿਆ। ਸ਼ਹਿਰ ਵਿਚ ਪੁਜ ਸ਼ਹਿਰ ਦੀ ਵਿਸ਼ੇਸ਼ਤਾ ਦਾ ਕਾਰਨ ਪੁਛਿਆ। ਉਤਰ ਮਿਲਯਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਘਰ ਪੁਤ੍ਰ ਰਤਨ ਉਤਪਨ ਹੋਇਆ ਏ। ਇਸ ਲਈ ਸਾਰੇ ਸ਼ਹਿਰ ਨੂੰ ਅਲੰਕਿਰਤ ਕੀਤਾ ਗਿਆ ਏ। ਕਿਉਂਕਿ ਗੁਰੂ ਘਰ ਅਨੇਕਾਂ ਰਾਜਾਂ ਨਾਲੋਂ ਵਧ ਚੜਕੇ ਸ਼ਰਧਾ ਦਾ ਘਰ ਏ। ਕਿਸੇ ਗਰੀਬ ਦੇ ਘਰ ਪੁਤ੍ਰ ਹੋਵੇ ਤਾਂ ਉਸ ਜਗਾ ਦੀ ਬੜੀ ਸ਼ੋਭਾ ਬਣਾਈ ਜਾਂਦੀ ਹੈ, ਏਹ ਤਾਂ ਲੋਕ ਪਰਲੋਕ ਸਹਾਇਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਪੁਤ੍ਰ ਨੇ ਜਨਮ ਲਿਆ ਏ। ਭੀਖਣ ਸ਼ਾਹ ਨੇ ਨਿਸ਼ਚਾ ਕਰ ਲਿਆ ਕਿ ਜਿਸਤਰਾਂ ਵੀ ਹੋਵੇ ਉਸ ਬਾਲਕ ਦੇ ਦਰਸ਼ਣ ਕਰਨੇ ਜਰੂਰੀ ਹਨ। ਗੁਰੂ ਘਰ ਜਾਕੇ ਅਰਜ਼ ਕੀਤੀ ਗਈ। ਪ੍ਰਾਰਥਨਾ ਸਵੀਕਾਰ ਹੋ ਗਈ। ਬਾਲਕ ਦੇ ਦਰਸ਼ਣ ਕਰ ਕੇ ਭੀਖਨ ਸ਼ਾਹ ਗਦ ੨ ਹੋ ਗਿਆ, ਚਰਨਾਂ ਤੇ ਮਥਾ ਟੇਕਿਆ, ਬੱਚੇ ਦੀ ਵੱਡੀ ਉਮਰ ਹੋਣ ਲਈ ਖੁਦਾ ਅਗੇ ਪ੍ਰਾਰਥਨਾ ਕੀਤੀ। ਉਚੀ ਸੁਰ ਨਾਲ ਲੋਕਾਂ ਨੂੰ ਸੰਬੋਧਨ ਕਰਕੇ ਪੀਰ ਜੀ ਨੇ ਆਖਿਆ ਕਿ ਐ ਸੰਸਾਰੀ ਜੀਵੋ ਭੁਲ ਨ ਜਾਇਓ ਏਹ ਬਾਲਕ ਕੋਈ ਅਲੌਕਿਕ ਬਾਲਕ ਹੈ। ਫਿਰ ਦੋਬਾਰਾ ਸਜਦਾ ਕਰ ਅਪਨੇ ਸਥਾਨ ਤੇ ਆਗਿਆ।

ਕਈ ਹੋਰ ਵੀ ਮਹਾ ਪੁਰਖਾਂ ਦੇ ਸੰਬੰਧ ਵਿਚ ਕਈ ਤਰ੍ਹਾਂ ਦੀ ਅਲੌਕਿਕਤਾ ਸੁਣੀ ਤੇ ਪੜ੍ਹੀ ਗਈ ਏ। ਏਸੇ ਤਰ੍ਹਾਂ ਗੌ ਗਰੀਬ ਤੇ ਦਵਿਜ ਹਿਤਕਾਰੀ ਲੋਕ ਪਰਲੋਕ ਦੇ ਸਹਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ੍ਹਾਂ ਨੇ ਆਪਣਾ ਪ੍ਰਕਾਸ਼ ਬਸੰਤ ਪੰਚਮੀ ਨੂੰ ਕੀਤਾ, ਦੇ ਆਗਮਨ ਸੰਬੰਧ ਵਿਚ ਵੀ ਇਕ ਅਲੌਕਿਕਤਾ ਸੁਣੀ ਜਾਂਦੀ ਏ।

ਪਾਠਕਾਂ ਨੂੰ ਪਤਾ ਹੀ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਦਾ ਨਾਮ ਜਸਾ ਸਿੰਘ ਜੀ ਸੀ ਤੇ ਉਹ ਰਾਮ ਰਾਮ ਦਾ ਭਜਨ ਕਰਿਆ ਕਰਦੇ ਸਨ। ਏਸੇ ਲਈ ਉਹਨਾਂ ਦੇ ਘਰ ਰਾਮ ਜੀ ਅਵਤੀਰਨ ਹੋਏ। ਜਿਸ ਸਮੇ ਮਾਤਾ ਸਦਾ ਕੌਰ ਜੀ (ਬਾਬਾ ਜਸਾ ਸਿੰਘ ਜੀ ਦੇ ਮਹਿਲ) ਗਰਭਾਧਾਰਨ ਕੀਤਾ ਤਾਂ ਜਸਾਸਿੰਘ ਜੀ ਨੂੰ ਬੜੀ ਪ੍ਰਸੰਨਤਾ ਹੋਈ। ਸਮੇ ਦੀ ਉਡੀਕ ਵਿਚ ਹਸਬ ਤੋਫੀਕ ਗਰੀਬਾਂ ਨੂੰ ਰੋਜ਼ ਦਾਨ ਪੁੰਨ ਕੀਤਾ ਕਰਦੇ ਅਤੇ ਅਗੇ ਨਾਲੋਂ ਜ਼ਿਆਦਾ ਸਮਾ ਪ੍ਰਭੂ ਚਿੰਤਨ ਵਿਚ ਗੁਜ਼ਾਰਨ ਲਗ ਪਏ। ਉਹ ਸਰੇਸ਼ਟ ਸਮਾ ਆਗਿਆ ਜਦੋਂ ਮਾਤਾ ਜੀ ਨੇ ਬਚੇ ਨੂੰ ਜਨਮ ਦੇਣਾ ਸੀ ਪਰ ਬਾਬੇ ਜਸਾ ਸਿੰਘ ਜੀ ਦੀ

ਾ ਦੀ ਕੋਈ ਹਦ ਨ ਰਹੀ ਜਦੋਂ ਏਹ ਵੇਖਿਆ ਕਿ ਬਚੇ ਦੀਬਜਾਦਿ ਉਹਨਾਂ ਦੀ ਇਸਤ੍ਰੀ ਕੁਖੋਂ ਇਕ ੋ ਮਸ਼ਕ ਤਰ੍ਹਾਂ ਪਾਣੀ ਨਾਲ ਭਰਿਆ ਹੋਇਆ ਸੀ, ਉਸਨੇ ਜਨਮ ਲਿਆ ਏ । ਬਾਬਾ ਜੀ ਨੇ ਕਿਸੇ ਤੀਲੇ ਨਾਲ ਉਸਨੂੰ ਛੇੜਿਆ । ਉਸ ਵਿਚ ਛੇਕ ਹੋ ਗਿਆ । ਉਸ ਵਿਚੋਂ ਪਾਣੀ ਬਾਹਰ ਨਿਕਲ ਗਿਆ । ਅਤੇ ਪਿਛੇ ਸੁੰਗੜੀ ਜੇਹੀ ਜਿਉਰ ਰਹਿ ਗਈ। ਬਾਬਾ ਜੀ ਬੜੇ ਹੀ ਚਿੰਤਾਵਾਨ ਜਹੇ ਹੋ ਕੇ ਵਿਚਾਰਾਂ ਕਰਦੇ ਸਨ ਕਿ ਹੇ ਰਾਮ ਏਹ ਸਾਡੇ ਨਾਲ ਕੀ ਕੌਤਕ ਹੋਇਆ ਏ ? ਸੂਰਯ ਉਦਯ ਹੋਣ ਨਾਲ ਜਦੋਂ ਲੋਕਾਂ ਨੂੰ ਇਸ ਗਲ ਦਾ ਪਤਾ ਲਗੇਗਾ ਤਾਂ ਕਿਡੀ ਹਾਸੋ ਹੀਣੀ ਗਲ ਹੋਵੇਗੀ । ਦਾਈ ਨੇ ਤਾਂ ਸਾਰਾ ਹਾਲ ਲੋਕਾਂ ਨੂੰ ਦਸਣੋ ਰਤੀ ਵੀ ਸੰਕੋਚ ਨਹੀਂ ਕਰਨਾ ।

ਦਾਈ ਆਪਨੇ ਘਰ ਨੂੰ ਚਲੀ ਗਈ, ਬਾਬਾ ਜੀ ਨੇ ਉਸ ਜਿਉਰ ਜੇਹੀ ਨੂੰ ਲੈ ਅਪਨੇ ਘਰ ਵਿਚ ਹੀ ਟੋਇਆ ਪੁਟ ਕੇ ਦੱਬ ਦਿਤਾ । ਜਦੋਂ ਉਸ ਜਿਉਰ ਨੂੰ ਦਿਬਕੇ ਬਾਬਾ ਜੀ ਵਾਪਸ ਸਦਾ ਕੌਰ ਜੀ ਪਾਸ ਆਏ ਤਾਂ ਉਹਨਾਂ ਦੇ ਅਸਚਰਜ ਦੀ ਕੋਈ ਹੱਦ ਨ ਰਹੀ, ਜਦੋਂ ਏਹ ਵੇਖਿਆ ਕਿ ਸਦਾ ਕੌਰ ਜੀ ਦੇ ਮੰਜੇ ਤੇ ਇਕ ਐਸਾ ਸੁੰਦਰ ਬਾਲਕ ਖੇਡਦਾ ਏ ਜਿਸ ਦੀ ਸੋਭਾ ਵਰਨਨ ਨਹੀਂ ਕੀਤੀ ਜਾ ਸਕਦੀ । ਬਾਬਾ ਜੀ ਦੇ ਦਿਮਾਗ ਵਿਚ ਹਲ ਚਲੀ ਜਹੀ ਮਚ ਗਈ, ਪਤਾ ਨਹੀਂ ਲਗਦਾ ਕਿ ਏਹ ਕੀ ਕੌਤਕ ਹੈ ।

ਬਾਬਾ ਜੀ ਸਰਧਾ ਵਾਨ ਭਜਨੀਕ ਸਨ, ਉਹਨਾਂ ਦੀ ਨਿਰਮਲ ਬੁਧ ਨੇ ਏਹ ਅੰਦਾਜ਼ਾ ਲਾਇਆ ਕਿ ਏਹ ਬੱਚਾ ਖ਼ਾਕੀ ਨਹੀਂ, ਕੋਈ ਅਲੌਕਿਕ ਨੂਰੀ ਬਚਾ ਹੈ । ਸੂਰਜ ਦੇਵ ਦੇ ਉਦੈ ਹੁੰਦਿਆਂ ਹੀ ਸਾਰੇ ਪਿੰਡ ਵਿਚ ਏਹ ਖਬਰ ਫੈਲ ਗਈ ਕਿ ਬਾਬਾ ਜਸਾ ਸਿੰਘ ਜੀ ਦੇ ਘਰ ਇਕ ਐਸੇ ਬਚੇ ਨੇ ਜਨਮ ਲਿਆ ਏ ਜਿਸ ਦੀ ਸ਼ੋਭਾ ਹੀ ਨਹੀਂ ਕਹੀ ਜਾਂਦੀ । ਏਹ ਖਬਰ ਸੁਣਦਿਆਂ ਸਾਰ ਦਾਈ ਨੇ ਰਾਤ ਦਾ ਸਾਰਾ ਹਾਲ ਲੋਕਾਂ ਨੂੰ ਸੁਨਾਇਆ ਤੇ ਮਸਤਾਨੀ ਬਿਰਤੀ ਵਿਚ ਹੋ, ਸਾਰੇ ਲੋਕਾਂ ਨੂੰ ਏਹ ਆਖਿਆ ਕਿ ਪਿੰਡ ਦਿਓ ਲੋਕੋ ! ਏਹ ਬੱਚਾ ਦੁਨੀਆਂਦਾਰਾਂ ਦੇ ਬਚਿਆਂ ਵਾਂਗ ਨਹੀਂ ਜੰਮਿਆਂ ਇਹ ਦੇ ਜਨਮ ਲੈਣ ਦੀ ਇਕ ਖਾਸ ਅਲੌਕਿਕਤਾ ਹੈ । ...ਮੇਰਾ ਵਿਸ਼ਵਾਸ ਹੈ ਕਿ ਵਡਾ ਹੋ ਕੇ ਏਹੋ ਬਚਾ ਧਰਮ ਦੀ ਰਖਿਆ ਕਰਨ ਵਾਲਾ ਹੋਵੇਗਾ । ਏਸੇਤਰਾਂ ਦੇ ਬਚਨ ਕਰਦੀ ਬਾਬੇ ਜਸਾ ਸਿੰਘ ਜੀ ਦੇ ਘਰ ਨੂੰ ਆਈ । ਆਕੇ ਬਚੇ ਦੇ ਦਰਸ਼ਣ ਕਰ ਨਮਸਕਾਰ ਕੀਤੀ ਅਤੇ ਪ੍ਰਭੂ ਪਾਸੋਂ ਬਚੇ ਦੇ ਅਰੋਗ ਅਤੇ ਵਡੀ ਉਮਰ ਹੋਣ ਦੀ ਯਾਚਨਾਂ ਕੀਤੀ ।

ਸੋ ਸਾਧ ਸੰਗਤ ਜੀ, ਗੁਰੂ, ਪੀਰ, ਪੈਗੰਬਰ, ਰਿਸ਼ੀ ਮੁਨੀ ਮਹਾ ਪੁਰਖਾਂ ਦੇ ਜਨਮ ਵਿਚ ਜ਼ਰੂਰ ਹੀ ਕੋਈ ਨ ਕੋਈ ਅਲੌਕਿਕਤਾ ਹੁੰਦੀ ਹੈ। ਉਹ ਉਹਨਾਂ ਦੇ ਵਸ਼ੇਸ਼ ਪਨ ਦੀ ਨਸ਼ਾਨੀ ਹੁੰਦੀ ਏ। ਅਜ ਦਾ ਸ਼ੁਭ ਦਿਹਾੜਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਾਦੁਰ ਭਾਵ ਦਾ ਹੈ। ਚੀਨੀ ਵਾਲੇ ਪ੍ਰੀਤਮ ਜੀ ਮਾਘ ਸ਼ੁਦੀ ਪੰਚਮੀ, ਬੁਧ ਤੇ ਵੀਰ ਦੀ ਵਚਾਲੀ ਰਾਤ ੧੮੭੨ ਬਿਕ੍ਰਮੀ ਨੂੰ ਇਸ ਸੰਸਾਰ ਤੇ ਪਰਗਦਰ ਭੂਰ ਹੋਏ ਸਨ । ਮੈਂ ਉਹਨਾਂ ਦੇ ਸ਼ੁਭ ਆਗਮਨ ਦੀ ਸਭ ਜੀਵ ਜੰਤ ਨੂੰ ਵਧਾਈ ਦੇਂਦਾ ਹਾਂ।

ਬਸੰਤ ਏ

[ਗੁਰਭਜਨ ਸਿੰਘ 'ਭਜਨ' ਨਾਮਧਾਰੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ

ਗਊ ਦੀ ਪੁਕਾਰ ਸੁਣ ਓਸੇ ਦੀ ਹੀ ਸਾਰ ਲੈਣ, ਧਾਰਕੇ ਅਵਤਾਰ ਆਏ ਰਾਮ ਸਿੰਘ ਕੰਤ ਏ ।
ਫੁਲਾਂ ਦੇ ਜੀ ਬੁਲ੍ਹਾਂ ਵਿਚੋਂ ਖੁਸ਼ੀ ਡੁਲ੍ਹਡੁਲ੍ਹ ਪੈਂਦੀ, ਭੁਲ ਗਏ ਗ਼ਮੀ ਖੁਸ਼ੀ ਸਾਰੀ ਜੀਵ ਜੰਤ ਏ ।
ਬਾਗਾਂ ਵਿਚ ਕੋਇਲਾਂ ਵੀ ਰਾਗ ਨਵਾਂ ਗਾਂਦੀਆਂ, ਜਾਗ ਪਏ ਨੇ ਭਾਗ ਅਜ ਖਿਜ਼ਾ ਵਾਲਾ ਅੰਤ ਏ ।
ਮੋਰ ਤੇ ਚਕੋਰ ਆਦਿ ਹੋਰ ਸੰਤ ਸਾਧ ਸਭ, ਜ਼ੋਰ ਸ਼ੋਰ ਨਾਲ ਕਹਿੰਦੇ ਅੱਜ ਹੀ ਬਸੰਤ ਏ ।

ਉਹ ਸੂਰਤ ਪਿਆਰੀ

(ਵਲੋਂ:-ਉਤਮ ਸਿੰਘ ਜੀ "ਉਤਮ" ਜਗਾਧਰੀ ਵਰਕ ਸ਼ਾਪ)

ਜਦ ਸਿੱਖ ਰਾਜ ਵਿਚ ਆਣਕੇ ਬਣ ਗਈ ਲਚਾਰੀ।
ਜੰਗ ਛਿੜ ਪਈ ਆਪੋ ਧਾਪ ਦੀ, ਪੈ ਗਈ ਖਵਾਰੀ।
ਹਾਲਤ ਸਭ ਵਿਗੜੀ ਦੇਸ਼ ਦੀ, ਵੱਧ ਭੰਰਿਸ਼ਟਾ ਚਾਰੀ।
ਸਿਖ ਭੁਲ ਗਏ ਆਦਰਸ਼ ਆਪਣਾ ਗੁਰ ਸਿਖਿਆ ਸਾਰੀ।
ਘਰ ਬਾਹਰ ਸੰਭਾਲਿਆ ਗੋਰਿਆਂ ਪਾ ਫੁਟ ਕਰਾਰੀ।
ਉਹਨਾਂ ਰੋਬ ਜਮਾਇਆ ਦੇਸ਼ ਤੇ, ਦੱਬ ਖਲਕਤ ਸਾਰੀ।
ਸਭ ਥਰ ਥਰ ਕੰਬਣ ਉਹਨਾਂ ਤੋਂ, ਡਰਦੇ ਨਰ ਨਾਰੀ।
ਪੈ ਗਈ ਬਦੇਸ਼ੀ ਰਾਜ ਦੀ, ਦਹਿਸ਼ਤ ਅੱਤ ਭਾਰੀ।
ਫਿਰੇ ਰੁਲਦੀ ਅਣਖ ਪੰਜਾਬ ਦੀ, ਕਰਮਾਂ ਦੀ ਮਾਰੀ।
ਅੱਤ ਵੱਧ ਗਈ ਬੁਚੜ ਖਾਨਿਆਂ ਵਿੱਚ ਬੇ ਸ਼ੁਮਾਰੀ।
ਕੋਈ ਦਰਦੀ ਸੁਣੇ ਪੁਕਾਰ ਨਾ, ਗਊਆਂ ਧਾਹ ਮਾਰੀ।
ਹਿੱਲ ਗਿਆ ਸਿੰਘਾਸਨ ਰੱਬ ਦਾ ਜੋ ਹੈ ਨਿਰੰਕਾਰੀ।
ਉਦੋਂ ਪਰਗਟ ਹੋਇਆ ਬਾਬਾ ਰਾਮ ਸਿੰਘ ਨਾਮਧਾਰੀ।
ਜਿਹੜਾ ਹੈ ਸੀ ਭਜਨ ਵਿਚ ਰੰਗਿਆ ਨਾਮ ਰਸੀਆ ਭਾਰੀ।
ਸੀ ਰਾਖਾ ਗਊ ਗਰੀਬ ਦਾ ਦਰਦੀ ਉਪਕਾਰੀ।
ਜਿਸ ਵਿਗੜੀ ਸਭਿਤਾ ਦੇਸ਼ ਦੀ ਮੁੜ ਆਣ ਸਵਾਰੀ।
ਬੰਦ ਕੀਤੇ ਮਾਸ ਤੇ ਨਸ਼ੇ ਸਭ, ਰੋਕੀ ਦੁਰਾ ਚਾਰੀ।
ਕੱਟ ਦਿਤੀ ਝੂਠ ਪਖੰਡ ਦੀ, ਜੜ ਵਹਿਮ ਬਿਮਾਰੀ।
ਹੱਥ ਦੇ ਕੇ ਮਾਲਾ ਭਜਨ ਦੀ ਸਤਿ ਨਾਮ ਖੁਮਾਰੀ।
ਦੱਸਿਆ ਵਿੱਚ ਰਹਿਣਾ ਸਾਦਗੀ, ਜੋ ਹੈ ਗੁਣ ਕਾਰੀ।
ਕਰ ਦਿਤੇ ਕਾਇਮ ਜਥੇ ਬੰਦ ਸੂਬੇ ਹਲਕਾਰੀ।
ਘਟਿਆ ਫਿਰ ਦਿਲ ਅੰਗਰੇਜ਼ ਦਾ ਉਹ ਦੀ ਵੇਖ ਤਿਆਰੀ।
ਜਦ ਚੜ੍ਹਦੀ ਕਲਾ ਤੂਫਾਨ ਵਾਂਗ ਨਾ ਗਈ ਸਹਾਰੀ।
ਉਹਨਾਂ ਦੇਸ਼ ਧਰੋਹੀ ਸੱਦਕੇ ਬਦਨੀਤ ਵਿਚਾਰੀ।
ਚਲ ਭੈਣੀ ਗੋਰਾ ਫੌਜ ਲੈ ਕਰ ਦਿਤੀ ਤਿਆਰੀ।
ਉਸ ਭੂਰੀ ਵਾਲੇ ਸੰਤ ਦੀ ਕਰ ਲਈ ਗਰਿਫਤਾਰੀ।
ਕਿਤੇ ਲੈ ਗਏ ਫੜ ਪਰਦੇਸ ਨੂੰ ਜਾਬਰ ਹੰਕਾਰੀ।
ਜਿਥੋਂ ਪਰਤੀ ਮੁੜਕੇ ਅਜੇ ਨਹੀਂ ਉਹ ਸੂਰਤ ਪਿਆਰੀ।
ਜਿਹੜੀ ਹੈ ਵੇ ਚੀਜ਼ ਅਮੁਲੜੀ "ਉਤਮ" ਅਵਤਾਰੀ।

ਸੁਪਨਿਆਂ ਤੂੰ ਸੁਲਤਾਨ

[ਬੀਬੀ ਲੀਲ੍ਹਾਵੰਤੀ ਜੀ ਧਰਮ ਪਤਨੀ ਸੁਰਗਵਾਸੀ ਸ੍ਰ. ਆਤਮਾ ਸਿੰਘ ਜੀ

[ਨਾਮਧਾਰੀ ਪੰਥਕ ਫੁਲਵਾੜੀ ਦੇ ਇਕ ਪੁਸ਼ਪ ਸਰਦਾਰਨੀ ਲੀਲਾਵੰਤੀ ਜੀਸ਼ਰਧਾ, ਪ੍ਰੇਮ ਤੇ ਭਗਤੀ ਦੀ ਮੀਰਾਂ ਹਨ। ਸਤਿਗੁਰੂ ਜੀ ਦੇ ਚਰਨਾਂ ਨਾਲ ਪ੍ਰੀਤਰਾਂ ਜੁੜੀ ਇਸ ਅਕਲਾਪੀ ਜਿੰਦੜੀ ਨੂੰ ਸਰਦਾਰ ਆਤਮਾ ਸਿੰਘ ਜੀ ਦੇ ਵਿਛੋੜੇ ਨੇ ਭਾਵੇਂ ਗ੍ਰਿਸਤ-ਜ਼ਿਮੇਵਾਰੀਆਂ ਤੋਂ ਮੁਕਤ ਕਰ ਹੀ ਦਿਤਾ ਹੈ-ਪਰ ਜਿਸ ਪਿਆਰ ਵੀਣਾਂ ਨੇ ਸਦਾ ਹੀ ਇਸ ਦੇ ਗੀਤਾਂ ਨੂੰ ਪ੍ਰੇਰਿਆ ਤੇ ਗੁੰਜਾਇਆ ਹੈ ਉਹ ਗੁਰੂ ਘਰ ਸਦਾ ਹੀ ਉਸ ਦੇ ਪਿਆਰ ਦਾ ਅਧਾਰ ਹੈ। ਕਵੀ]



ਕਬ ਦੇਖਉ ਪ੍ਰਭ ਅਪਨਾ ਆਤਮ ਕੈ ਰੰਗਿ।
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ।

ਨੀਂਦ ਨੂੰ ਪ੍ਰਮਾਰਥ ਤੇ ਵਿਹਾਰ ਦੋਨਾਂ ਰਸਤਿਆਂ ਵਿਚ ਰੁਕਾਵਟ ਦਸਿਆ ਹੈ ਸੰਤਾਂ ਸਤਿ ਪੁਰਸ਼ਾਂ ਦੀ ਰਸਨਾਂ ਤੋਂ ਸ਼ੁਰੂ ਤੋਂ ਹੀ ਸੁਣਦੀ ਰਹੀ ਹਾਂ ਕਿ ਨੀਂਦ ਨੂੰ ਪਿਆਰੀ ਕਰਕੇ ਹਥਾਂ ਵਿਚੋਂ ਲਾਲ ਗਵਾਇਆ ਹੈ। ਕਿਸੇ ਨੇ ਕਿਹਾ ਹੈ "ਸੁਤਾ ਖਰਾ ਵਿਗੁਤਾ" ਕਹਾਵਤ ਵੀ ਹੈ "ਸੁਤਿਆਂ ਦੀਆਂ ਕਟੀਆਂ ਤੇ ਜਾਗਦਿਆਂ ਦੇ ਕਟੇ" ਇਤਿ ਆਦੀ ਕਈ ਗਲਾਂ ਸੁਣਕੇ ਨੀਂਦ ਤੇ ਸੁਪਨੇ ਅਛੇ ਨਹੀਂ ਸਾਂ ਸਮਝਦੀ। ਨੀਵੀਂ ਬਿਰਤੀ ਵਾਲਿਆਂਨੂੰ ਸੁਪਨੇ ਆਂਦੇ ਹਨ ਤੇ ਨੀਂਦ ਬੁਰੀ ਹੈ, ਮੈਂ ਹੋਏ ਹੀ ਮੁਦਤਾਂ ਤਕ ਸੋਚਦੀ ਰਹੀ।

ਪਰ ਇਕ ਦਿਨ ਇਹੀ ਨੀਂਦ ਸੁਭਾਗੀ ਹੋ ਗਈ ਸੁਖਦਾਇਕ ਹੋ ਗਈ, ਅਰਸ਼ੀ ਬਾਣੀਆਂ ਲਿਖਣ ਵਾਲੇ ਵੀ ਲਿਖ ਗਏ :

ਆਉ ਸੁਭਾਗੀ ਨੀਦੜੀਏ
ਮਤਿ ਸਹੁ ਦੇਖਾ ਸੋਇ।

ਫਿਰ ਉਚਾਰਨ ਹੋਇਆ:

'ਜਾਗਨ ਤੇ ਸੁਪਨਾ ਭਲਾ'

ਸੁਪਨਿਆਂ ਨੂੰ ਚੰਗਾ ਨ ਜਾਨਣ ਵਾਲੀ ਨੂੰ ਕੀ ਪਤਾ ਸੀ ਕਿ ਇਹ ਸੁਪਨੇ ਕੀ ਕੀ ਰੰਗ ਦਸਦੇ ਹਨ, ਕਿਥੇ ਕਿਥੇ ਲੈ ਜਾਂਦੇ ਹਨ, ਕਿਨ੍ਹਾਂ ਕਿਨ੍ਹਾਂ ਪ੍ਰੀਤਮ ਦੀਆਂ ਗਲੀਆਂ ਦੇ ਦਰਸ਼ਨ ਕਰਾਂਦੇ ਹਨ। ਮੁਰਸ਼ਦ ਦੇ ਪੂਜਯ ਚਰਨਾ ਕਮਲਾਂ ਨਾਲ ਛੋਹੀ ਜਾਕੇ ਪੂਜ ਹੋਈ ਹੋਈ ਖਾਕ ਨੂੰ ਮਥੇ ਤੇ ਲਵਾਂਦੇਹਨ ਤੇ ਕਿਨ੍ਹਾਂ੨ ਪਾਵਨ ਹਸਤੀਆਂ ਜਿਨ੍ਹਾਂਨੂੰ ਦੀ ਗੋਦੀਮੇਰਾ ਅਰਸ਼ੀ ਪ੍ਰੀਤਮ ਬਾਲਚੋਜ ਕਰਦਾ ਰਿਹਾ, ਦਰਸਾਂਦੇ ਹਨ। ਕਿਹੜੇ ਕਿਹੜੇ ਅਕਾਸ਼, ਜਿਸ ਵਿਚ ਮੇਰਾ ਨਹੀਂ ਸਾਰੀ ਸ੍ਰਿਸ਼ਟੀ ਦੇ ਤਾਰਨ ਹਾਰ ਦੀਆਂ ਲੰਬੀਆਂ ਭੁਜਾਂ ਉਠਦੀਆਂ ਰਹੀਆਂ ਪੁਜਾਂਦੇ ਹਨ, ਕਿਹੜੀ ਕਿਹੜੀ ਹਵਾ ਜਿਸ ਵਿਚ ਮਾਤਾ ਸਦਾ ਕੌਰ ਜੀ ਦੇ

ਨੰਦਨ ਜੀ ਅਨੋਖੇ ਕੌਤਕ ਕਰਦੇ ਰਹੇ ਛੁਹਾ ਛੁਹਾਕੇ ਸਾਰੀ ਦੇਹੀ ਨੂੰ ਪਵਿਤ੍ਰ ਕਰਦੇ ਹਨ। ਇਹਨਾਂ ਸੁਪ-ਨਿਆਂ ਨੇ ਹੀ ਉਹਨਾਂ ਕੋਠਿਆਂ ਦੇ ਦੀਦਾਰ ਕਰਾਏ ਜਿਥੇ ਕਿ ਖੁਸ਼ੀਆਂ ਵਿਚ ਭਰਿਆ ਬਾਬਾ ਜਸਾ ਸਿੰਘ ਸੋਹਣੇ ਸੋਹਣੇ ਚਿਟੇ ਚਿਟੇ ਗੁੜ ਨਾਲ ਵਾਹੋਦਾਹੀ ਲੋਕਾਂ ਦੀਆਂ ਝੋਲੀਆਂ ਭਰ ਰਿਹਾ ਸੀ।

ਬਹੁਤ ਪੁਰਾਨੀ ਗਲ ਹੈ ਕਿ ਸ੍ਰੀਮਾਨ ਗੁਰਮੁਖ ਸਿੰਘ ਜੀ ਫ਼ਕਰ ਰਾਗੀ ਜੋ ਕਿ ਇਕ ਮਸਤਾਨੇ ਨਾਮਧਾਰੀ ਰਾਗੀ ਦੇ ਬੇਟੇ ਹਨ ਬੜੇ ਪਿਆਰ ਨਾਲ ਪੜ੍ਹ ਰਹੇ ਸਨ:

ਇਕ ਦਿਨ ਰਾਤੀ ਵੇਲੇ ਸੁਤਿਆਂ ਮੈ ਕੀਹ ਡਿਠਾ
ਅਧੀ ਰਾਤ ਨਾਲ ਹੋਇਆ ਇਕ ਚਮਕਾਰ ਸੀ।
ਉਸ ਚਮਕਾਰ ਵਿਚ ਸਿਧੀ ਦਸਤਾਰ ਵਾਲਾ
ਹਥ ਵਿਚ ਮਾਲਾ ਚੀਨੀ ਘੋੜੀ ਤੇ ਸਵਾਰ ਸੀ।
ਡਿਠਾ ਜਦੋਂ ਚੀਨੀਦਾ ਸਵਾਰ ਸਚਾ ਪਾਤਸ਼ਾਹ ਮੈਂ
ਓਅੰ ਤੇ ਸੋਹੰ ਦਾ ਕੀਤਾ ਮੈਂ ਉਚਾਰ ਸੀ।
ਪ੍ਰੇਮ ਭਰੇ ਨੈਣਾਂ ਨਾਲ ਤਕਿਆ ਜੀ ਪਾਤਸ਼ਾਹ ਨੇ
ਪਾਸ ਮੈਨੂੰ ਸਦ ਕਿਹਾ ਨਾਲ ਇਹ ਪਿਆਰ ਸੀ।
ਕਾਹਨੂੰ ਪਿਆ ਜਪਨਾ ਏਂ ਇਹਨਾਂ ਚੋਹਾਂ ਅਖਰਾਂ ਨੂੰ
ਇਹਨਾਂ ਚਹੁੰ ਅਖਰਾਂ ਦੀ ਮੁਕ ਗਈ ਬਹਾਰ ਸੀ।
ਹੁਣ ਚਾਰ ਅਖਰ ਬਣਾਏ ਗੁਰੂ ਨਾਨਕ ਨੇ
ਕੰਨ ਵਿਚ ਦਸ ਮੈਨੂੰ ਦਿਤੀ ਫੂਕ ਮਾਰ ਸੀ।
ਮਨਹਿ ਪ੍ਰਗਾਸ ਹੋਇਆ ਭਰਮ ਮੇਰਾ ਨਸ ਗਿਆ
ਹੋਇਆ ਮਸਤਾਨਾ ਸਿਰੋਂ ਲਥੀ ਦਸਤਾਰ ਸੀ।

ਪਤਾ ਨਹੀਂ ਇਹ ਕਵਿਤਾ ਇੰਨ ਬਿੰਨ ਹੈ ਜਾਂ ਵਧ ਘਟ, ਪੂਰੀ ਯਾਦ ਨਹੀਂ। ਇਹ ਵੀ ਨਹੀਂ ਪਤਾ ਕਿ ਇਹ ਸੁਪਨੇ ਹੀ ਹੁੰਦੇ ਹਨ ਜਾਂ ਕਵੀ ਕੋਲੋਂ ਹੀ ਬਣਾਂਦੇ ਹਨ। ਉਹ ਸੁਪਨੇ ਵਿਚ ਕਿਸਤਰਾਂ ਮੂਰਤੀਮਾਨ ਹੋ ਸਕਦਾ ਹੈ?

ਪਰ ਇਹਨਾਂ ਸਾਰੇ ਹੀ ਖਿਆਲਾਂ ਦੀ ਲੜੀ ਟੁਟ ਗਈ ਜਦ ਇਕ ਵਾਰੀ ਅਧ-ਜਾਗਦਿਆਂ ਹੀ ਕਸੇ ਅਰੀਮੀ ਦੇਸ਼ ਵਿਚ ਪੁਜ ਗਈ। ਕੀ ਤਕਿਆ ਕੋਈ ਦੇਵਤਿਆਂ ਦਾ ਇਕਠ ਹੋ ਰਿਹਾ ਹੈ। ਮਾਲਾਂ ਪਰੁਚੀਆਂ ਜਾ ਰਹੀਆਂ ਹਨ। ਰਾਗ ਰਾਗਣੀਆਂ ਆਪੋ ਆਪਣੇ ਸਾਜ ਸੰਭਾਲ ਰਹੀਆਂ ਹਨ। ਮੈਂ ਪੁਛਿਆ ਇਹ ਕੌਣ ਹਨ ਤੇ ਕਿਥੇ ਦੀ ਤਿਆਰੀ ਹੋ ਰਹੀ ਹੈ? ਇਕ ਅਨੋਖੀ ਰੋਸ਼ਨੀ ਪਈ ਸਭਦੇ ਮਸ-ਤਕਾਂ ਤੇ! ਕੀਹ ਡਿਠਾ--ਕਿਸੇ ਦੇ ਮੱਥੇ 'ਸੂਰਜ' ਲਿਖਿਆ ਹੈ, ਕਿਸੇ ਦੇ ਮਸਤਕ ਤੇ 'ਚੰਦ੍ਰਮਾਂ' ਕਿਸੇ ਦੇ 'ਇੰਦ੍ਰ' ਕਿਸੇ ਦੇ 'ਸ਼ਿਵ ਜੀ' ਕਿਸੇ ਦੇ 'ਬ੍ਰਹਮਾ' ਜੀ ਕਿਸੇ ਦੇ 'ਧਰੂਵ'। ਸਾਰੇ ਨਾਮ ਨਹੀਂ ਪੜ੍ਹੇ ਗਏ। ਬਹੁਤ ਭੀੜ ਭੜਕਾ ਸੀ। ਮੈਂ ਫੇਰ ਪੁਛਿਆ-ਕਿਹੜੇ ਦੇਸ਼ ਨੂੰ ਤਿਆਰ ਹੋ ਰਹੇ ਹੋ? ਗੱਲ ਕੀਹ ਹੈ? ਕਿਸੇ ਸੁਨੱਖੇ ਨੇ ਉਤ੍ਰ ਦਿਤਾ--ਤੈਨੂੰ ਨਹੀਂ ਪਤਾ, ਅਜ ਉਹੀ ਚਰਨ ਜੋ ਬਲਿ ਰਾਜ ਦੇ ਘਰ ਢਾਈ ਕਦਮ ਪ੍ਰਿਥਵੀ ਨਾਪਣ ਗਏ ਸਨ, ਉਹੀ ਚਰਨ ਜੋ ਸਿਲਾ ਨੂੰ ਲਗੇ ਸਨ ਤੇ 'ਰਘੁਪਤਿ ਚਰਨ ਛੁਹੰਦਿਆਂ ਚਲੀ ਸਵਰਗ ਪੁਰ ਬਣੇ ਬਿਬਾਣਾ'। ਉਹੀ ਚਰਨ, ਜਿਨਾਂ ਬਾਬਤ ਜ਼ਿਕਰ ਹੈ 'ਚਰਨ ਕਮਲ ਵਿਚ ਪਦਮ ਹੈ ਝਿਲ ਮਿਲ ਝਲਕੇ ਵਾਂਗਰ ਤਾਰੇ'। ਉਹੀ ਛੋਟੇ ਛੋਟੇ ਚਰਨ ਜੋ ਨਨਕਾਣੇ ਦੀਆਂ ਗਲੀਆਂ ਖੇਤਾਂ ਵਿਚ ਮੱਝਾਂ ਚਾਰਦੇ ਰਹੇ ਹਨ, ਉਹੀ ਚਰਨ, ਜੋ ਲਖੀ ਜੰਗਲ ਵਿਚ ਛਾਲੇ ਛਾਲੇ ਹੋ ਗਏ ਸਨ। ਫਿਰ ਬਾਢੀ ਕੁਲ

ਰਾਮ ਸਿੰਘਮੇਰੋ ਹੋਇ ਨਾਮਾ।
ਬਾਢੀ ਸੁਤ ਭੈਣੀ ਕੋ ਧਾਮਾਂ।

ਪੁਨਾ

ਰਾਮ ਸਿੰਘ ਬਾਢੀ ਸੁਤ ਹੋਈ।
ਬਲਵਾ ਰਾਜ ਕਰੇਗਾ ਸੋਈ।

ਪੁਨਾ

ਜਾਹੀ ਕੁਲ ਤੇ ਪ੍ਰਗਟ ਹੋਇ
ਤਾਹੀ ਕੁਲ ਕੋ ਨਾਮ।
ਪੁਨ ਦ੍ਵਾਦਸ ਗੁਰਿੰਡ ਕੋ
ਮੇਰੀ ਹੈ ਪ੍ਰਨਾਮ।

ਫਿਰ ਬਾਬੇ ਜੱਸੇ ਦੇ ਘਰ ਨੂੰ ਸਪਰਸ਼ ਕਰਨ ਤੇ ਭਾਰਤ ਭੂਮੀ ਦੇ ਭਾਰ ਉਤਾਰਨ ਲਈਜਾ ਰਹੇ ਹਨ। ਮੈਂ ਕਿਹਾ ਤੁਹਾਡਾ ਭਲਾ ਹੋਸੀ ਮੈਨੂੰ ਵੀ ਨਾਲ ਲੈ ਚਲੋ। ਦਇਆ ਵਾਨ ਹੋ ਗਏ। ਮੈਂ ਵੀ ਚਰਨ

ਡਾਲ ਲਿਪਟ ਗਈ ਤੇ ਪਾਵਨ ਧਰਤੀ ਤੇ ਸੁੰਦਰ ਜਹੇ ਪਿੰਡ ਜੋਕਿ ਲਾਲ ਮਿਟੀ ਦੇ ਪੋਚਿਆਂ ਨਾਲ ਅਦਰੋਂ ਬਾਹਰੋਂ ਲਸ਼ ਲਸ਼ ਕਰ ਰਿਹਾ ਸੀ, ਆ ਪੁਜੀ। ਆਕੇ ਕੀਹ ਡਿਠਾ ਪਰਵਾਰ ਦੀ ਖੁਸ਼ੀ ਦਾ ਕੋਈ ਅੰਤ ਨਹੀਂ। ਸ੍ਰੀ ਬਾਬਾ ਜਸਾ ਸਿੰਘ ਜੀ ਚਾਂਈਂ ਚਾਂਈਂ ਫਿਰ ਰਹੇ ਹਨ ਪਰ ਜਦ ਦਾਈ ਨੇ ਆਕੇ ਕਿਹਾ ਕਿ ਲੋਥ ਜਹੀ ਹੋਈ ਹੈ ਤੇ ਚੁਪ ਕਰਕੇ ਦਬ ਦਿਤੀ ਹੈ, ਤਾਂ ਘਰਦਿਆਂ ਨੂੰ ਹੈਰਾਨੀ ਹੋਈ, ਸਤਿ ਹੈ ਜੀ

"ਸੋ ਮੁਖਜਲਉ ਜਿਤੁ ਕਹਹਿ ਠਾਕੁਰ ਜੋਨੀ"

ਉਹ ਆਪ ਅਜਨਮਾ ਹੈ।

ਅਜੋਨੀ ਹੈ। ਸੈ ਭੰ ਹੈ, ਨਿਰਭਉ ਹੈ, ਨਿਰਵੈਰ ਹੈ, ਅਕਾਲ ਮੂਰਤਿ ਹੈ। ਸੁੰਦਰ ਤੇ ਭਾਗਵਾਨ।

ਕੋਠੀ ਜਗਮਗਾ ਉਠੀ। ਸਾਰੇ ਮੰਤ੍ਰ ਮੁਗਧ ਖੜਿਆਂ ਨੇ ਕੀਹ ਡਿਠਾ ਰੰਗੀਲੀ ਪਲੰਗੜੀ ਤੇ ਤਿੰਨਾਂ ਲੋਕਾਂ ਦਾ ਹਰਤਾ, ਗਊਆਂ ਗ੍ਰੀਬਾਂ ਦਾ ਹਿਤ-ਕਾਰੀ ਮੂਰਤੀਮਾਨ ਹੋ ਲੇਟਿਆਪਿਆਨਿਕਾ ੨ ਮੁਸ-ਕਰਾ ਰਿਹਾ ਹੈ। ਸਾਰੇ ਹੀ ਘਰ ਦੀ ਕਾਇਆਂ ਪਲਟ ਗਈ। ਜਗਮਗ ਜੋਤ ਜਗ ਰਹੀ ਸੀ। ਅੰਨੇਰਾ ਉਜਾਲੇ ਵਿਚ ਬਦਲ ਗਿਆ।

ਸਾਰੀ ਦੁਨੀਆਂ ਦਾ ਵਾਲੀ
ਜਿਸ ਦੀ ਖੇਡ ਨਿਰਾਲੀ,
ਝੋਲੀ ਭਰਦਾ ਜੋ ਖਾਲੀ,
ਅਜ ਭੈਣੀ ਸਾਹਿਬ ਵਿਚ
ਆਇਆ ਜੀ ਆਇਆ।
ਨਰਨਾਰੀ ਨੇ ਮੰਗਲ ਗਾਯਾ।
ਆਇਆ ਆਪ ਨਿਰੰਕਾਰ,
ਗੁਰੂ ਭਾਰੀ ਅਵਤਾਰ,
ਹੋਈ ਜੈ ਜੈ ਕਾਰ,
ਅਜ ਭੈਣੀਸਾਹਿਬ ਵਿਚ ਆਇਆ।
ਸਦਾ ਕੌਰ ਨੂੰ ਮਿਲਣ ਵਧਾਈਆਂ।
ਹਾਂ ਦੂਰੋਂ ਦੂਰੋਂ ਨੇ ਸੰਗਤਾਂ ਆਈਆਂ।
ਗੁਰੂ ਪਰ ਉਪਕਾਰੀ,
ਸਭਿ ਕਹਿੰਦੇ ਨਰ ਨਾਰੀ,
ਮਾਤਾ ਜਾਏ ਬਲਿਹਾਰੀ
ਅਜ ਭੈਣੀ ਸਾਹਿਬ ਵਿਚ ਆਇਆ।
ਚੀਨੀ ਘੋੜੀ ਤੇ ਗੁਰੂ ਅਸਵਾਰ ਏ।
ਹਥ ਵਿਚ ਮਾਲ਼ਾ ਤੇ ਸਿਧੀ ਦਸਤਾਰ ਏ।
ਮਨਹਿ ਪ੍ਰਗਾਸ ਹੁੰਦਾ ਆਨ,
ਜਦੋਂ ਮੰਤ੍ਰ ਦੇਂਦਾ ਕਾਨ,
ਆਇਆ ਦੇਵਤੇ ਬਨਾਣ,
ਅਜ ਭੈਣੀ ਸਾਹਿਬ ਵਿਚ ਆਇਆ।
ਆਇਆ ਪਸ਼ੂਆਂ ਤੋਂ
ਦੇਵਤੇ ਬਨਾਣ ਲਈ,
ਹਾਂ ਆਇਆ ਮਾਸ ਤੇ ਸ਼ਰਾਬ ਤੋਂ
ਹਟਾਣ ਲਈ,
ਦੱਸੇ ਕੇਸੀ ਅਸ਼ਨਾਨ,
ਕਛ ਲਾਹਣ, ਦੂਜੀ ਪਾਣ,
ਮਨੌ ਮੂਲ ਨਾ ਮੰਤ੍ਰ ਭੁਲਾਣ,
ਅਜ ਭੈਣੀ ਸਾਹਿਬ ਆਇਆ।
ਉਹਨੂੰ ਕਹਿੰਦੇ ਨੇ
ਸਤਿਗੁਰ ਚੀਨੀ ਵਾਲਾ।
ਉਹ ਹੈ ਗਊਆਂ ਤੇ ਗ੍ਰੀਬਾਂ ਦਾ ਰਖਵਾਲਾ।
ਉਹਨੂੰ ਸ਼ੇਰ ਵੀ ਨਾ ਖਾਣ,
ਜਿਸ ਦਾ ਰਾਖਾ ਹੋਵੇ ਆਨ,
ਉਹਹੈ ਆਪ ਭਗਵਾਨ,
ਅਜ ਭੈਣੀ ਸਾਹਿਬ ਵਿਚ
ਆਇਆ ਜੀ ਆਇਆ।

ਖੁਸ਼ੀਆਂ ਤੇ ਖੇੜਿਆਂ ਨਾਲ ਭਰੇ ਹੋਏ ਬਾਬੇ ਜੱਸਾ ਸਿੰਘ ਜੀ ਨੇ ਗੁੜ ਦੀ ਕੋਠੀ ਖੋਹਲ ਦਿਤੀ। ਪਿੰਡਾਂ ਦੇ ਲੋਕੀਂ ਚਾਈਂ ਚਾਈਂ ਵਧਾਈ ਦੇਣ ਟੁਰ ਆਏ। ਜੋ ਵੀ ਆਵੇ ਝੋਲੀ ਭਰ ਲੈ ਜਾਵੇ। ਮਾਤਾ ਸਦਾ ਕੌਰ ਵੀ ਖੁਸ਼ੀ ਦਾ ਅਜ ਆਰ ਪਾਰ ਨਹੀਂ। ਹੋਵੇ ਵੀ ਕਿਉਂ ਨ ਉਹਦੇ ਘਰ ਅਜ ਭੰਡਾਰੀ ਆਇਆ ਹੈ। ਸੂਰਜ ਨੇ ਮਿਠੀ ਮਾਂ ਪਾਸੋਂ ਭਰੇ ਹੋਏ ਭੰਡਾਰੇ ਵਿਚੋਂ ਤੇਜ ਮੰਗਿਆ। ਚੰਦ੍ਰਮਾ ਨੇ ਸੀਤਲਤਾ ਮੰਗ ਲਈ। ਸਭ ਦੀਆਂ ਝੋਲੀਆਂ ਮਾਂ ਭਰੀ ਜਾਂਦੀ ਹੈ। ਮੈਂ ਵੀ ਝੋਲੀ ਅੱਡ ਖਲੋਤਾ,

ਕਿ ਮੇਰੀ ਚੰਗੀ ਤੇ ਮਿਠੀ ਮਾਂ ਅਜ ਮੈਨੂੰ ਵੀ ਵੀਰ- ਵਾਰ ਬਸੰਤ ਵਾਲੇ ਸੁਭਾਗੇ ਦਿਨ ਆਪਣੇ ਅਰਸ਼ੀ ਲਾਲ ਬਾਲਕ ਦੇ ਭਰੇ ਹੋਏ ਭੰਡਾਰੇ ਵਿਚੋਂ ਆਪਣੀ ਸਿਖੀ ਦਾ ਦਾਨ ਲੈ ਦੇ । ਅਜ ਆਪਣੇ ਸੁਹਣੇ ਦੁਲਾਰੇ ਦੇ ਬੇਅੰਤ ਖ
ਗਤ ਰਹਿੰਦੀ ਦਾ
ਆਪਣੇ ਲਖਤਿ ਜਿਗ
ਜਿਹੇ ਨਾਮ ਦਾ ਦਾ
ਲੈ ਦੇ । ਭਰੋਸੇ ਦਾ
ਦਾਨ ਲੈ ਦੇ । ਕਿਰਪ
ਲੈ ਦੇ । ਤੇਰੇ ਘਰ ਅ
ਮੇਰੀ ਭਾਗਾਂ ਵਾਲੀ ਮ
ਬਖਸ਼ ਲੈ !! ਬਖਸ਼ ਲੈ
ਬਖਸ਼ ਲੈ, ਕਰਦੀ ਦੀ
ਝਲ ਮਿਲ ਝਿਲ ਮਿਲ

ਅਖੋਂ ਓਹਲੇ ਹੋ ਗਈ ਪਰ ਜਿਸਮ ਫੁਲ ਵਰਗਾ ਹੌਲਾ ਤੇ ਲੂੰ ਲੂੰ ਝਰਨਾਟਾਂ ਛਿੜੀਆਂ ਹੋਈਆਂ ਸਨ ਕਿ ਕਿੰਨੇ ਵਡੇ ਪਾਤਸ਼ਾਹ ਨੇ ਅ ਦਆ ਹੈ । ਨਾ ਗੁਣ ਤਕਿਆ, ਨਾ ਚੱਜ ਅਚਾਰ, ਉਸੀ ਬਖਸੀਸ਼

ਹ
ਕਿ
ਚਾ
ਅ
ਬਹੁ
ਚੀਨ
ਪੰਥ
ਮਾਲ
ਸਿਮਰਨ, ਸੇਵਾ, ਸਿਦਕ, ਭਰੋਸੇ, ਪਾਣੀ ਖੂਣੋਂ ਪਿਆਸਾ ।
ਵੇਖ ਵੇਖ ਗੁਲਦਸਤਾ ਸੁਕਦਾ, ਮਾਲੀ ਗੋਤੇ ਖਾਂਦਾ ।
ਡਾਲੀ ਡਾਲੀ, ਪੱਤਾ ਪੱਤਾ ਲੌਆਂ ਜਦੋਂ ਸੁਕਾਇਆ ।
ਚੀਨੀ ਵਾਲਾ, ਮਾਲਾ ਵਾਲਾ, ਤਦੋਂ ਪ੍ਰੀਤਮ ਆਇਆ ।
ਕੀਤਾ ਹੋਇਆ ਸੀ ਅੰਗ੍ਰੇਜ਼ਾਂ, ਦੇਸ਼ ਜਦੋਂ ਅਧਮੋਇਆ ।
ਖ਼ੂਨ ਬਿਦਰਦਾਂ ਨਾੜੀ ਨਾੜੀ ਵਿਚੋਂ ਸੀ ਜਦ ਚੋਇਆ ।
ਫਾਹੇ ਲੱਗੇ ਕਈ ਬਿਦੋਸੇ, ਝੁੱਲੀ ਜ਼ੁਲਮ ਹਨੇਰੀ ।
ਓਸ ਭਿਆਨਕ ਸਮੇਂ ਗੁਰੂ ਜੀ, ਜਨਮ ਤੁਹਾਡਾ ਹੋਇਆ ।
ਪਾਪ ਹਨੇਰਾ ਦੂਰ ਕਰਨ ਨੂੰ, ਸੂਰਜ ਪ੍ਰਭੂ ਚੜ੍ਹਾਇਆ ।
ਚੀਨੀ ਵਾਲਾ ਮਾਲਾ ਵਾਲਾ, ਤਦੋਂ ਪ੍ਰੀਤਮ ਆਇਆ ।

ਸਿੰਘ ਜੀ ''ਜੀਤ'' ਗੁਰਦਾਸਪੁਰ

ਗੀਤ

[ਬੀਬੀ ਹਰਮੰਤ ਕੌਰ ਜੀ ਢੈਂ[illegible] ਸਿਆਮ

ਰੱਬੀ ਜੋਤ

[ਸੰਤ ਸਰਧਾ ਸਿੰਘ ਜੀ 'ਨਮਾਣਾ' ਕਰੀਵਾਲਾ

ਦਰਦ ਵੰਦਾਂ ਦੇ ਦਰਦ ਵੰਡਾਨ ਵਾਲੇ, ਦਿਤਾ ਦੇਸ਼ ਨੂੰ ਆਨ ਦੀਦਾਰ ਸਤਿਗੁਰ ।
ਸੁਦੀ ਪੰਚਮੀ ਥਿਤ ਬਸੰਤ ਦੀ ਨੂੰ, ਆਏ ਅਰਸ਼ ਚੋਂ ਸਚੀ ਸਰਕਾਰ ਸਤਿਗੁਰ ।
ਛੁਰੀ ਗਊ ਦੇ ਗਲੇ ਤੋਂ ਲਾਹਨ ਸਦਕਾ ਸੁਹਣੀ ਚੀਨੀ ਦੇ ਬਣੇ ਅਸਵਾਰ ਸਤਿਗੁਰ।
ਦੁਖ ਦੁਖੀ ਗ੍ਰੀਬਾਂ ਦੇ ਮੇਟਨੇ ਨੂੰ, ਕਰਨ ਲਈ ਆਏ ਪਰਉਪਕਾਰ ਸਤਿਗੁਰ।
ਸਾਰਾ ਦੇਸ ਹੀ ਮੌਲਿਆ ਪਿਆ ਦਿਸੇ, ਧਰਤ ਮੌਲੀ ਤੇ ਸ਼ਾਂਤ ਸੰਸਾਰ ਹੋਇਆ ।
ਰਬੀ ਜੋਤ ਦੀ ਚਮਕ ਦਾ ਪਿਆ ਝਲਕਾ, ਅਰਸ਼ ਫਰਸ਼ ਤੇ ਚਾਨਣ ਅਪਾਰ ਹੋਇਆ।

ਮੈਂ ਕੀ ਲਿਖਾਂ

[ਸ੍ਰੀ ਅਮਰ ਭਾਰਤੀ ਜੀ ਦਿਲੀ

ਆਪਣੇ ਮਿਤ੍ਰ ਅਮਰ ਭਾਰਤੀ ਜੀ ਦਾ ਇਹ ਲੇਖ 'ਸਤਿਜੁਗ' ਦੇ ਪਾਠਕਾਂ ਸੌਹੇਂ ਪੇਸ਼ ਕਰਦਿਆਂ ਮੈਂ ਖੁਸ਼ੀ ਅਤੇ ਉਮਾਹ ਅਨੁਭਵ ਕਰ ਰਿਹਾ ਹਾਂ। ਅਮਰ ਭਾਰਤੀ ਜੀ ਪਕੇ ਰੜ੍ਹੇ ਨਾਮਧਾਰੀ ਘਰਾਣੇ ਚੋਂ ਹਨ। ਆਪ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਦੇ ਛੋਟੇ ਭਾਈ ਤੇ ਅਜਕਲ ਨਵਾਂ 'ਹਿੰਦੁ-ਸਤਾਨ' ਦਿਲੀ ਦੇ ਸੰਪਾਦਕ ਹਨ।

ਆਪਦੇ ਚਰਿਤਰ ਤੋਂ ਸਾਨੂੰ ਉਤਸ਼ਾਹ ਮਿਲਦਾ ਹੈ ਕਿ ਹਰ ਨਾਮਧਾਰੀ ਜੋ ਆਪਣੇ ਵਿਚ ਅਗਾਂਹ ਵਧਣ ਤੇ ਉਚਾਈਆਂ ਚੜ੍ਹਣ ਦਾ ਉਤਸ਼ਾਹ ਰਖਦਾ ਹੈ, ਉਹ ਅੰਤ ਸਫਲਤਾ ਪ੍ਰਾਪਤ ਕਰ ਹੀ ਲੈਂਦਾ ਹੈ। ਮਗਰਲੇ ੧੪-੧੫ ਸਾਲਾਂ ਦੀ ਅਰੁਕ ਮਿਹਨਤ ਨਾਲ ਅਮਰ ਭਾਰਤੀ ਜੀ ਨੇ ਕਲਮੀ ਅਰਾਧਨਾ ਕੀਤੀ ਹੈ। ਇਸੇ ਲਈ ਕੁਝ ਹਿੰਦੁਸਤਾਨੀ ਬੋਲੀਆਂ ਦੀ ਨਿਪੁਣਤਾ ਪ੍ਰਾਪਤ ਕੀਤੀ ਹੈ ਤੇ ਅਜ 'ਸਾਹਿਤ ਅਕਾਡਮੀ' ਦਿਲੀ ਦੇ ਸੁਚਜੇ ਅਨੁਵਾਦਕਾਂ ਅਤੇ ਸੁਲੇਖਕਾਂ ਵਿਚ ਥਾਂ ਰਖਦੇ ਹਨ। ਕੇਵਲ ਇਹਨਾਂ ਦੀ ਆਪਣੀ ਕੋਸ਼ਸ਼ ਨੇ ਇਹਨਾਂ ਨੂੰ ਅਜੇਹਾ ਬਣਾ ਦਿਤਾ ਹੈ ਕਿ ਚਿਤ ਇਹਨਾਂ ਦੀ ਲਿਖਤ ਪੜ੍ਹਨ ਤੋਂ ਕਦੇ ਅਕੇਵਾਂ ਨਹੀਂ ਪ੍ਰਤੀਤਦਾ।

ਜਦੋਂ ਮੈਂ ਤਸਵੀਰ ਬਾਬਤ ਅਰਜ਼ ਕੀਤੀ ਤਾਂ ਉਤਰ ਮਿਲਿਆ ਅਜੇ ਲੇਖਕ ਤਾਂ ਬਣ ਲੈਣ ਦਿਓ ਫਿਰ ਤਸਵੀਰਾਂ ਦੀ ਗੱਲ ਵੀ ਕਰ ਲਿਓ।

ਏਹ ਲੇਖ ਪੇਸ਼ ਕਰਕੇ ਮੈਂ ਸਕੂਲਾਂ ਕਾਲਿਜਾਂ ਵਿਚ ਪੜ੍ਹਦੇ ਨਾਮਧਾਰੀ ਨੌਜਵਾਨਾਂ ਨੂੰ ਪ੍ਰੇਰਣਾ ਦੇਣਾ ਚਾਹੁੰਦਾ ਹਾਂ ਕਿ ਸਾਡਾ ਸਭਦਾ ਫ਼ਰਜ਼ ਬਣਦਾ ਹੈ ਕਿ ਅਸੀਂ ਸੰਸਾਰ ਤੇ ਆਪਣੇ ਦੇਸ਼ ਦੀ ਕਲਮੀ ਦੌੜ ਵਿਚ ਸ਼ਰੀਕ ਹੋਈਏ ਅਤੇ ਨਾਮਧਾਰੀ ਪੰਥ, ਸਤਿਗੁਰੂ ਰਾਮ ਸਿੰਘ ਜੀ, ਆਪਣੇ ਸ਼ਹੀਦਾਂ ਅਤੇ ਆਪਣੇ ਉਚੇਚੇ ਲਛਣਾਂ ਦੀ ਵਧੀਆ ਲਿਖਤ ਰਾਹੀਂ ਧਾਂਕ ਪਾਈਏ। ਕੀ ਆਉਂਦੇ ਦਸਾਂ ਸਾਲਾਂ ਵਿਚ ਦਸ ਵਧੀਆ ਲਿਖਾਰੀਆਂ ਦੀ ਸੰਭਾਵਨਾ ਅਸੀਂ ਪੈਦਾ ਨਹੀਂ ਕਰ ਸਕਦੇ ਹਾਂ? ਕਿਉਂ ਨਹੀਂ।

[ਸੰਪਾਦਕ

ਕਵੀ ਜੀ ਦੀ ਚਿਠੀ ਆਈ ਹੈ ਕਿ ਬਸੰਤ-ਅੰਕ ਲਈ ਕੁਝ ਲਿਖ ਭੇਜਾਂ। ਹੋਰ ਵੀ ਬਹੁਤ ਸਾਰੇ ਲੇਖਕਾਂ ਨੂੰ ਇਹੋ ਜਿਹੀਆਂ ਚਿਠੀਆਂ ਗਈਆਂ ਹੋਣਗੀਆਂ ਤੇ ਬਹੁਤ ਸਾਰੇ ਲੇਖਕ ਕੁਝ ਨ ਕੁਝ ਲਿਖਣਗੇ ਵੀ।

ਕੋਈ ਲਿਖੇਗਾ– ਸਤਿਗੁਰੂ ਰਾਮ ਸਿੰਘ ਪਹਿਲੇ ਦੇਸ਼ ਭਗਤ ਸਨ ਜਿਨ੍ਹਾਂ ਨੇ ਸਾਰੇ ਹਿੰਦੁਸਤਾਨ ਵਿਚ ਅੰਗਰੇਜ਼ ਦੇ ਖਿਲਾਫ ਸਭ ਤੋਂ ਪਹਿਲਾਂ ਬਗਾਵਤ ਦਾ ਝੰਡਾ ਖੜਾ ਕੀਤਾ।

ਕੋਈ ਲਿਖੇਗਾ– ਸਤਿਗੁਰੂ ਰਾਮ ਸਿੰਘ ਨੇ ਸਭ ਤੋਂ ਪਹਿਲਾਂ ਬਦੇਸ਼ੀ ਮਾਲ ਦੇ ਖਿਲਾਫ਼ ਸੁਦੇਸ਼ੀ ਦੀ ਲਹਿਰ ਚਲਾਈ।

ਕੋਈ ਲਿਖੇਗਾ– ਸਤਿਗੁਰੂ ਰਾਮ ਸਿੰਘ ਨੇ ਸਿਖ ਧਰਮ ਨੂੰ ਮੁੜ ਸੁਰਜੀਤ ਕੀਤਾ ਸੀ।

ਕੋਈ ਲਿਖੇਗਾ– ਉਨ੍ਹਾਂ ਨੇ ਗਊ ਗਰੀਬ ਦੀ ਭਲਾਈ ਲਈ ਮਹਾਨ ਕੁਰਬਾਨੀ ਕੀਤੀ, ਆਪਣੇ ਪਿਆਰੇ ਸਿਖਾਂ ਨੂੰ ਤੋਪਾਂ ਨਾਲ ਉਡਵਾਇਆ, ਆਪ ਪਰਦੇਸ ਚਲੇ ਗਏ।

ਕੋਈ ਲਿਖੇਗਾ-ਇਹ ਸ਼ਾਂਤੀ ਦੇ ਅਵਤਾਰ ਸਨ। ਉਨ੍ਹਾਂ ਨੇ ਅੰਗ੍ਰੇਜ਼ ਵਿਰੁਧ ਲੜਾਈ ਵੀ ਮਾਲਾ ਨਾਲ ਹੀ ਲੜੀ।

ਕੋਈ ਲਿਖੇਗਾ-ਉਹ ਮਹਾਨ ਮਨੁੱਖਵਾਦੀ ਸਨ ਘਰ ਆਏ ਕਸਾਈ ਨੂੰ ਵੀ ਇਕ ਮਨੁੱਖ ਦੇ ਨਾਤੇ ਆਦਰ ਦੇਂਦੇ ਸਨ।

ਕੋਈ ਲਿਖੇਗਾ-ਉਹ ਮਹਾਨ ਸੁਧਾਰਕ ਸਨ। ਸਮਾਜਕ ਰਸਮਾਂ ਨੂੰ ਉਨ੍ਹਾਂ ਨੇ ਏਨਾ ਸਾਦਾ ਤੇ ਸੁੱਚਾ ਕਰਨ ਦਾ ਜਤਨ ਕੀਤਾ ਕਿ ਉਹ ਆਮ ਆਦਮੀ ਲਈ ਕੋਈ ਭਾਰ ਨਾ ਰਹੀਆਂ ਸਗੋਂ ਜ਼ਿੰਦਗੀ ਨੂੰ ਸੁਖਾਂ ਤੇ ਖੁਸ਼ੀਆਂ ਨਾਲ ਭਰਨ ਦਾ ਬਹਾਨਾ ਬਣ ਗਈਆਂ।

ਕੋਈ ਲਿਖੇਗਾ-ਉਹ ਜੀਵ ਮਾਤਰ ਦੀ ਭਲਾਈ ਚਾਹੁੰਦੇ ਸਨ ਤੇ ਉਨ੍ਹਾਂ ਨੇ ਲੱਖਾਂ ਹੀ ਲੋਕਾਂ ਨੂੰ ਜੀਵ-ਹੱਤਿਆ ਤੋਂ ਵਰਜਕੇ ਮਾਸ ਦੀ ਥਾਂ ਸਾਤਵਿਕ ਭੋਜਨ ਲਈ ਪ੍ਰੇਰਿਆ।

ਕੋਈ ਲਿਖੇਗਾ-ਉਹ ਬੜੇ ਮਾਹਰ ਪਰਬੰਧਕ ਸਨ। ਉਨ੍ਹਾਂ ਨੇ ਅੰਗ੍ਰੇਜ਼ ਦੇ ਰਾਜ ਵਿਚ ਵੀ ਅੰਦਰੇ ਅੰਦਰ ਆਪਣੀ ਹਕੂਮਤ ਬਣਾਈ ਹੋਈ ਸੀ। ਉਨ੍ਹਾਂ ਦੇ ਆਪਣੇ ਸੂਬੇ ਸਨ, ਆਪਣੀ ਫੌਜ ਸੀ, ਆਪਣਾ ਹੀ ਡਾਕ ਪ੍ਰਬੰਧ ਸੀ। ਬਦੇਸਾਂ ਦੀਆਂ ਸਰਕਾਰਾਂ ਨਾਲ ਉਨ੍ਹਾਂ ਦਾ ਮੇਲ ਜੋਲ ਸੀ।

ਕੋਈ ਲਿਖੇਗਾ-ਉਹ ਹਰ ਇਸਤਰੀ ਪੁਰਸ਼ ਨੂੰ ਪੜ੍ਹਿਆ ਲਿਖਿਆ ਵੇਖਣਾ ਚਾਹੁੰਦੇ ਸਨ। ਤਦੇ ਉਨ੍ਹਾਂ ਨੇ ਹੁਕਮ ਦਿੱਤਾ ਸੀ ਕਿ ਹਰ ਸਿਖ ਮਾਈ ਭਾਈ ਗੁਰਮੁਖੀ ਪੜ੍ਹੇ। ਇਸ ਵੇਲੇ ਗੁਰਮੁਖੀ ਪੜ੍ਹਨ ਦਾ ਮਤਲਬ ਪੜਨਾ ਲਿਖਣਾ ਹੀ ਸੀ, ਕਿਉਂਕਿ ਅੰਗ੍ਰੇਜ਼ੀ ਨੇ ਓਦੋਂ ਅਜੇ ਸਾਡੇ ਆਮ ਲੋਕਾਂ ਦੇ ਸੰਸਕਾਰਾਂ ਵਿਚ ਘਰ ਨਹੀਂ ਸੀ ਬਣਾਇਆ।

ਇਹ ਸਭ ਕੁਝ ਤੇ ਹੋਰ ਵੀ ਕਈ ਕੁਝ ਬਹੁਤ ਸਾਰੇ ਲੇਖਕ ਲਿਖਣਗੇ। ਪਰ ਸਵਾਲ ਇਹ ਹੈ ਕਿ ਮੈਂ ਕੀ ਲਿਖਾਂ? ਕੀ ਮੈਂ ਵੀ ਇਹੋ ਕੁਝ ਹੀ ਲਿਖਦਿਆਂ? ਕਿਉਂ ਲਿਖ ਦਿਆਂ ਇਹੋ ਕੁਝ? ਇਸ ਦਾ ਲਾਭ ਕੀ ਏ? ਇਹ ਕੁਝ ਤੇ ਹਰ ਸਾਲ ਸਤਿਜੁਗ ਦੇ ਬਸੰਤ ਅੰਕ ਵਿਚ ਲਿਖਿਆ ਜਾਂਦਾ ਹੈ। ਉਪਰੋਕਤ ਸਾਰੇ ਗੁਣਾਂ ਨੂੰ ਜਮ੍ਹਾਂ ਦੇਈਏ ਤਾਂ ਇਹ ਇਕ ਐਸੇ ਗੁਣਵਾਨ ਵਿਅਕਤੀ ਦੀ ਤਸਵੀਰ ਪੇਸ਼ ਕਰਦੇ ਹਨ ਜਿਸ ਨੂੰ 'ਜੁਗ ਪੁਰਸ਼' ਕਿਹਾ ਜਾ ਸਕਦਾ ਹੈ। ਉਹ ਜੁਗ ਪੁਰਸ਼ ਜਿਹੜਾ ਇਕ ਦੇਸ਼ ਨੂੰ ਪਿਆਰ ਕਰਦਾ ਹੈ ਉਸ ਦੀ ਹਰ ਚੰਗਿਆਈ ਮੰਦਿਆਈ ਬਾਰੇ ਸੋਚਦਾ ਹੈ ਅਤੇ ਮੰਦਿਆਈ ਵਿਰੁਧ ਚੰਗਿਆਈ ਦੇ ਹੱਕ ਵਿਚ ਆਪਣੀ ਸਾਰੀ ਤਾਕਤ ਲਗਾ ਦੇਂਦਾ ਹੈ। ਦੂਸਰੇ ਅਰਥਾਂ ਵਿਚ ਉਹ ਆਪਣੇ ਦੇਸ਼ ਦਾ ਸਵਾਮੀ ਹੁੰਦਾ ਹੈ। ਆਪਣੇ ਦੇਸ਼ ਦੇ ਸਭ ਕੁਝ ਲਈ ਉਹ ਆਪਣੀ ਜ਼ਿੰਮੇਦਾਰੀ ਸਮਝਦਾ ਹੈ। ਉਹ ਸਾਡੇ ਦੇਸ਼ ਨੂੰ ਤੇ ਦੇਸ਼ ਦੇ ਹਰ ਵਿਅਕਤੀ ਨੂੰ ਇਕ ਇਕਾਈ ਸਮਝਦਾ ਹੈ। ਪਰ? ਮੈਂ ਇਹ ਸਭ ਕੁਝ ਨਹੀਂ ਲਿਖਣਾ ਚਾਹੁੰਦਾ।

ਮੈਂ ਲਿਖਣਾ ਚਾਹੁੰਦਾਹਾਂ ਉਨ੍ਹਾਂ ਦੇ ਭਵਿਖ ਬਾਰੇ। ਸੋਚਦਾ ਹਾਂ — ਜੇ ਭਲਾ ਉਹ ਅੰਗ੍ਰੇਜ਼ ਵਿਰੁਧ ਚਲਾਏ ਸੰਗਰਾਮ ਵਿਚ ਭੌਤਕ ਪੱਖ ਤੋਂ ਸਫਲ ਹੋ ਜਾਂਦੇ, ਅੰਗ੍ਰੇਜ਼ ਨੂੰ ਉਹ ਓਦੋਂ ਹੀ ਹਿਦੁੰਸਤਾਨ ਵਿਚੋਂ ਕਢ ਦੇਂਦੇ। ਤਦ ਫਿਰ ਕੀ ਕਰਦੇ? ਅੰਗਰੇਜ਼ ਕੋਈ ਅਧਿਆਤਮਕ ਸ਼ਕਤੀ ਨਹੀਂ ਸਨ। ਉਹ ਮਾਦੀ ਰੂਪ ਵਿਚ ਹਿੰਦੁਸਤਾਨ ਉਤੇ ਕਬਜ਼ਾ ਕਰੀ ਬੈਠੇ ਸਨ। ਉਨ੍ਹਾਂ ਨੇ ਜਿਥੇ ਹਿੰਦੁਸਤਾਨ ਦੇ ਅਧਿਆਤਮਕ ਪੱਖ ਨਾਲ ਛੇੜਖਾਨੀ ਕੀਤੀ ਓਥੇ ਨਾਲ ਨਾਲ ਹੀ ਸਗੋਂ ਮੂਲ ਰੂਪ ਵਿਚ ਹਿੰਦੁਸਤਾਨ ਦੀਆਂ ਮਾਦੀ ਕਦਰਾਂ ਉਤੇ ਸੱਟ ਮਾਰੀ। ਸਾਡੇ ਗਿਆਨ ਵਿਗਿਆਨ ਤੇ ਅਮਲ ਦੇ ਹੱਥ ਵਢ ਦਿਤੇ। ਹਿੰਦੁਸਤਾਨ ਨੂੰ ਉਸਨੇ ਸੋਨੇ ਦੀ ਚਿੜੀ ਸਮਝਿਆ ਤੇ ਉਸ ਚਿੜੀ ਦੇ ਸੋਨੇ ਦੇ ਪਰ ਖੋਹਕੇ ਵਲਾਇਤ ਲੈ ਗਿਆ। ਉਸਨੇ ਸਾਡੇ ਮਾਨਸਕ ਢਾਂਚੇ ਉਤੇ ਸੱਟ ਮਾਰੀ, ਸਾਡੇ ਸਿਹਤਮੰਦ –ਜੀਵ ਮਾਤਰ ਦੀ ਭਲਾਈ ਦੇ– ਸੰਸਕਾਰਾਂ ਨੂੰ ਬਦਲਕੇ ਹਿੰਸਕ ਤੇ ਖੋਹ ਮਖੋਹੀ ਦੇ ਸੰਸਕਾਰਾਂ ਦਾ ਬੀ ਬੀਜ ਦਿਤਾ ਸੀ। ਅਤੇ ਜੇ ਅੰਗਰੇਜ਼ ਓਦੋਂ ਹੀ ਚਲੇ ਜਾਂਦੇ ਤਦ ਕੀ ਹੁੰਦਾ? ਇਸ ਦੇਸ਼ ਦੀ ਜ਼ਿਮੇਂਵਾਰੀ ਕਿਸਦੇ ਸਿਰ

ਹੁੰਦੀ ? ਸਪਸ਼ਟ ਹੈ ਕਿ ਇਹ ਜ਼ਿਮੇਦਾਰੀ ਸਤਿਗੁਰੂ ਰਾਮ ਸਿੰਘ ਦੇ ਸਿਰ ਹੀ ਹੁੰਦੀ। ਅਤੇ ਨਿਸਚੇ ਹੀ ਉਹ ਜ਼ਿੰਮੇਦਾਰੀ ਛੋਟੀ ਜਿਹੀ ਨਹੀਂ ਸੀ ਹੋਣੀ। ਸਾਡੇ ਦੇਸ਼ ਵਿਚ ਕਿੰਨੀਆਂ ਕੌਮਾਂ, ਕਿੰਨੇ ਮਜ਼ਹਬ, ਕਿੰਨੀਆਂ ਜ਼ਾਤੀਆਂ ਅਤੇ ਕਿੰਨੀਆਂ ਜ਼ਬਾਨਾਂ ਹਨ। ਇਹਨਾਂ ਸਭਨਾਂ ਕੌਮਾਂ, ਮਜ਼ਬਾਂ, ਜਾਤੀਆਂ ਤੇ ਜ਼ਬਾਨਾਂ ਦੀਆਂ ਅਲੱਗ ਅਲੱਗ ਕਿੰਨੀਆਂ ਸਮਸਿਆਵਾਂ ਹਨ। ਅਤੇ ਇਸ ਹਕੀਕਤ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਜੀਵ ਮਾਤਰ ਦਾ ਭਲਾ ਚਾਹੁਣ ਵਾਲਾ ਸ਼ਾਂਤੀ ਪੁੰਜ ਇਕ ਅਕਾਲ ਪੁਰਖ ਦਾ ਵਿਸ਼ਵਾਸੀ ਵਿਅਕਤੀ ਇਨ੍ਹਾਂ ਸਮਸਿਆਵਾਂ ਨੂੰ ਡੰਡੇ ਦੇ ਜ਼ੋਰ ਹੱਲ ਨਾ ਕਰਦਾ। ਡੰਡੇ ਨਾਲ ਕੀਤਾ ਹੱਲ ਕੋਈ ਹੱਲ ਨਹੀਂ ਹੁੰਦਾ ਤੇ ਉਸਦੀ ਉਮਰ ਵੀ ਲੰਮੀ ਨਹੀਂ ਹੁੰਦੀ। ਲਾਜ਼ਮੀ ਤੌਰ ਤੇ ਉਹ ਦੂਸਰਾ ਰਾਹ ਚੁਣਦਾ। ਹਰ ਮਜ਼੍ਹਬ, ਹਰ ਕੌਮ, ਹਰ ਜ਼ਬਾਨ ਦੇ ਇਤਕਾਦਾਂ ਨੂੰ ਪੂਰਾ ਸਤਿਕਾਰ ਦੇਂਦਿਆਂ ਹੋਇਆਂ ਉਨ੍ਹਾਂ ਦੇ ਸਿਹਤਮੰਦ ਤੇ ਸਰਬ ਸਾਂਝੇ ਸੰਸਕਾਰਾਂ ਵਿਚੋਂ ਹੀ ਇਹ ਜਜ਼ਬਾ ਪੈਦਾ ਹੁੰਦਾ ਜਿਹੜਾ ਸਾਡੇ ਇਸ ਏਡੇ ਵਡੇ ਦੇਸ਼ ਨੂੰ ਤਰੱਕੀ ਖੁਸ਼ਹਾਲੀ ਤੇ ਅਮਨ ਦਾ ਸੋਮਾ ਬਣਾ ਦੇਂਦਾ।

ਪਰ ਓਦੋਂ ਅੰਗਰੇਜ਼ਾਂ ਨੂੰ ਕਢਿਆ ਨਹੀਂ ਜਾ ਸਕਿਆ। ਜੇ ਕੱਢ ਸਕਦੇ ਤਾਂ ਨਿਸਚੇ ਹੀ ਇਹ ਭਾਰਤ ਵਰਸ਼ ਅਜ ਵਰਗਾ ਨਾ ਹੋ ਕੇ ਕਿਸੇ ਹੋਰ ਤਰ੍ਹਾਂ ਦਾ ਹੁੰਦਾ।

ਖੈਰ, ਅੰਗਰੇਜ਼ ਓਦੋਂ ਨਹੀਂ ਤਾਂ ਹੁਣ ਤੇ ਚਲੇ ਹੀ ਗਏ ਹਨ। ਸਾਡੀ ਲੜਾਈ ਦਾ ਇਕ ਕਾਂਡ ਮੁਕ ਗਿਆ ਹੈ। ਜਿਹੜੀ ਸਿਆਸੀ ਤਾਕਤ ਨੇ ਉਸ ਨੂੰ ਕਢਿਆ ਹੈ ਉਹ ਅਜ ਰਾਜ ਪਾਟ ਦੀ ਵੀ ਮਾਲਿਕ ਹੈ ਅਤੇ ਆਪਣੀ ਸਮਝ ਮੁਤਾਬਕ ਉਸਨੂੰ ਚਲਾ ਵੀ ਰਹੀ ਹੈ ਸਕੇ।

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਵਾਂਗ ਸਿਆਸੀ ਮੋਰਚੇ ਉਤੇ ਸਰਗਰਮ ਰਹਿ ਨਹੀਂ ਇਸ ਲਈ ਉਹ ਮੋਰਚਾ ਦੂਸਰੀਆਂ ਤਾਕਤਾਂ ਦੇ ਕਬਜ਼ੇ ਵਿਚ ਹੈ। ਫਿਰ ਵੀ ਇਹ ਤਾਂ ਇਕ ਹਕੀਕਤ ਹੈ ਕਿ ਨਾਮਧਾਰੀਆਂ ਦੀਆਂ ਬਾਕੀ ਜ਼ਿੰਮੇਵਾਰੀਆਂ ਤਾਂ ਉਸੇ ਤਰ੍ਹਾਂ ਉਨ੍ਹਾਂ ਵਲ ਵੇਖ ਰਹੀਆਂ ਹਨ। ਏਹ ਦੇਸ਼ ਸਾਡਾ ਹੈ। ਹੋਰਨਾਂ ਮਜ਼੍ਹਬਾਂ ਵਾਲਿਆਂ ਦਾ ਵੀ, ਹੋਰਨਾਂ ਜ਼ਬਾਨਾਂ ਵਾਲਿਆਂ ਦਾ ਵੀ, ਹੋਰਨਾਂ ਸਿਆਸੀ ਪਾਰਟੀਆਂ ਦਾ ਵੀ ਹੈ, ਪਰ ਸਭ ਤੋਂ ਬਹੁਤਾ ਨਾਮਧਾਰੀਆਂ ਦਾ, ਕਿਉਂਕਿ ਨਾਮਧਾਰੀਆਂ ਦਾ ਜਨਮ ਹੀ ਅੰਗਰੇਜ਼, ਅਧਰਮ, ਅਨਿਆਂ ਜ਼ੁਲਮ ਦੇ ਵਿਰੋਧ ਵਿਚੋਂ ਹੋਇਆ ਹੈ। ਹਿੰਦੁਸਤਾਨ ਵਿਚ ਹੋਰ ਕੋਈ ਐਸੀ ਜਮਾਇਤ ਨਹੀਂ ਜਿਹੜੀ ਇਸ ਤਰ੍ਹਾਂ ਬਹੁਪੱਖੀ ਸੰਸਕਾਰਾਂ ਦੀ ਦਾਤ ਲੈਕੇ ਜਨਮੀ ਹੋਵੇ।

ਅਤੇ ਅੱਜ ਜਦੋਂ ਕਿ ਅੰਗ੍ਰੇਜ਼ ਚਲਾ ਗਿਆ ਹੈ। ਇਕ ਕਾਂਡ ਖ਼ਤਮ ਹੋ ਗਿਆ ਹੈ ਤੇ ਦੂਸਰਾ ਸ਼ੁਰੂ ਹੈ। ਰਾਜ-ਪਾਟ ਇਕ ਸਿਆਸੀ ਪਾਰਟੀ ਚਲਾ ਰਹੀ ਹੈ ਦੂਸਰੀਆਂ ਪਾਰਟੀਆਂ ਉਸ ਲਈ ਘੋਲ ਕਰ ਰਹੀਆਂ ਹਨ-ਓਦੋਂ ਸਾਡੇ ਉੱਤੇ ਇਹ ਸੋਚਣ ਦੀ ਜ਼ਿਮੇਵਾਰੀ ਸਭ ਤੋਂ ਬਹੁਤੀ ਆਉਂਦੀ ਹੈ ਕਿ ਇਸ ਨਵੇਂ ਕਾਂਡ ਵਿਚ ਆਪਣੇ ਦੇਸ਼ ਲਈ ਸਾਡੇ ਜ਼ਿੰਮੇ ਕੀ ਕੀ ਕੰਮ ਹਨ। ਨਾਮ ਬਾਣੀ ਜਪਣਾ ਹਰ ਮਨੁਖ ਲਈ ਉਸਦੇ ਅਧਿਆਤਮਕ ਪੱਖ ਤੋਂ ਜ਼ਰੂਰੀ ਹੈ, ਪਰ ਇਕ ਦੇਸ਼ ਦੇ ਮਾਲਿਕਾਂ ਲਈ ਏਨਾਂ ਹੀ ਕਾਫ਼ੀ ਨਹੀਂ। ਦੇਸ਼ ਸਾਡਾ ਤਨੋ ਮਨੋ ਧਨੋ ਸਹਿਯੋਗ ਮੰਗਦਾ ਹੈ ਅਤੇ ਸਾਥੋਂ ਹੀ ਬਹੁਤਾ ਇਸ ਲਈ ਮੰਗਦਾ ਹੈ ਕਿ ਸਾਡਾ ਜਨਮ ਹੀ ਦੇਸ਼ ਦੀ ਇਸ ਮੰਗ ਵਿਚੋਂ ਹੋਇਆ ਹੈ।

ਤੇ ਮੈਂ ਇਸ ਬਸੰਤ-ਅੰਕ ਵਿਚ ਲਿਖਣਾ ਚਾਹੁੰਦਾ ਹਾਂ ਕਿ ਅਸੀ ਆਪਣੇ ਆਪ ਨੂੰ ਪਛਾਣੀਏਂ। ਅਸੀਂ ਕਿਉਂ ਸਾਂ, ਅਸੀਂ ਕਿਉਂ ਰਹੇ ਹਾਂ ਤੇ ਅਸੀਂ ਕਿਉਂ ਹਾਂ। ਜੇ ਅਸੀਂ ਆਪਣੇ ਮੂਲ ਨੂੰ ਪਛਾਣ ਲਈਏ ਤਾਂ ਉਸ ਪਛਾਣ ਰਾਹੀਂ ਵੇਖਾਂਗੇ ਕਿ ਸਾਡੇ ਕਰਨ ਵਾਲੇ ਮਹਾਨ ਕੰਮ ਅਜੇ ਅਣਕੀਤੇ ਹੀ ਪਏ ਹਨ, ਉਨ੍ਹਾਂ ਨੂੰ ਕਿਸੇ ਨੇ ਹੱਥ ਨਹੀਂ ਲਾਇਆ, ਉਹ ਸਾਡੇ ਹੱਥਾਂ ਵੱਲ ਵੇਖ ਰਹੇ ਹਨ। ਅਤੇ ਮੈਂ ਲਿਖਣਾ ਚਾਹੁੰਦਾ ਹਾਂ ਕਿ ਆਪਣੇ ਮਹਾਨ ਪੈਗੰਬਰ ਦੇ ਪਵਿਤਰ ਜਨਮ ਦਿਨ ਉਤੇ ਅਸੀਂ

ਨਵੀਂਆਂ ਜ਼ਿੰਮੇਵਾਰੀਆਂ ਤੇ ਨਵੇਂ ਪ੍ਰੋਗ੍ਰਾਮਾਂ ਦੇ ਪ੍ਰਣ ਲੈਕੇ ਨਵੇਂ ਹਿੰਦੁਸਤਾਨ ਦੀ ਉਸਾਰੀ ਦੇ ਮਹਾਨ ਯੱਗ ਵਿਚ ਸ਼ਾਮਲ ਹੋ ਜਾਈਏ। ਸਾਡੇ ਕੋਲ ਸ਼ਕਤੀ ਹੈ ਤੇ ਭਗਤੀ ਵੀ ਬੇਅੰਤ ਹੈ। ਇਨ੍ਹਾਂ ਦੋਹਾਂ ਗੁਣਾਂ ਨੂੰ ਆਪਣੇ 'ਮੂਲ' ਦੇ ਉਦੇਸ਼ ਲਈ ਇਸ ਸ਼ੁਭ ਦਿਹਾੜੇ ਅਰਪਣ ਕਰਕੇ ਨਵਾਂ ਮੁੱਢ ਬੰਨੀਏ।

ਅਰਸ਼ੋਂ ਧਾਰ ਅਵਤਾਰ ਦਾਤਾਰ ਆਇਆ



ਗਿਆਨੀ ਬਖਸ਼ੀਸ ਸਿੰਘ ਜੀ
'ਸਫਰੀ' ਕਰੀਵਾਲਾ
(ਨਾਮਧਾਰੀ ਸਾਹਿਤ ਸਭਾ)

ਅਣਖ ਬੀਰਤਾ ਨੂੰ ਜਦੋਂ ਕਰ ਵਿਦਿਆ ਅਸੀਂ ਢਹਿੰਦੀਆਂ ਕਲਾ ਵਿਚ ਰੁਝ ਚੁਕੇ।
ਕਖੋਂ ਹੀਣ ਤੇ ਪਾਣੀਓਂ ਹੋਏ ਪਤਲੇ ਕਾਇਰ ਪੁਣੇ ਦੀ ਹਦ ਤੇ ਪੁਜ ਚੁਕੇ।
ਅਸਲੋਂ ਕੈਲੀਆਂ ਗਊਆਂ ਸਾਂ ਬਣੇਂ ਬੈਠੇ ਜ਼ਾਲਮ ਸੜ ਹੰਕਾਰ 'ਚ ਭੁਜ ਚੁਕੇ।
ਉਕਾ ਮਰਨ ਦੀ ਜਾਚ ਵੀ ਭੁਲ ਗਈ ਸੀ ਜਿਉਂਦੇ ਜੀਵਨ ਦੇ ਦੀਵੇ ਵੀ ਬੁਝ ਚੁਕੇ।
ਗਈ ਹੋਈ ਕੁਰਬਾਨੀ ਨੂੰ ਕਰਨ ਜ਼ਿੰਦਾ ਅਰਸ਼ੋਂ ਧਾਰ ਅਵਤਾਰ ਦਤਾਰ ਆਇਆ।
'ਸਫਰੀ' ਨਿਘਰੇ ਫੇਰ ਉਭਾਰਨੇ ਨੂੰ ਸ਼ਹਿਨਸ਼ਾਹ ਜਾਮਾਂ ਦਵਾਦਸ ਧਾਰ ਆਇਆ।
ਅਣਖ ਬੀਰਤਾ ਦੇ ਫੇਰ ਲਾਏ ਪੌਦੇ ਪਾਣੀ ਏਕਤਾ ਦੇ ਨਾਲ ਪੂਰ ਕੀਤਾ।
ਬਦਲ ਕਾਇਰਤਾ ਦੇ ਭਜੇ ਬੀਰਤਾ ਤੋਂ ਰਣ ਭੂਮਕਾ ਨੂੰ ਜਿਵੇਂ ਕੂਰੂ ਕੀਤਾ।
ਸ਼ਾਖਾਂ ਛਡੀਆਂ ਸੁਕਿਆਂ ਪੌਦਿਆਂ ਨੇ ਅੰਮ੍ਰਤ ਪਿਓਂਦ ਦਾ ਕੰਮ ਜਾਂ ਗੁਰੂ ਕੀਤਾ।
ਪਈਆਂ ਕਿਰਨਾਂ ਦਿਮਾਗ ਦੀ ਤਹਿ ਅੰਦਰ ਦਾਰੂ ਗਿਆਨ ਦਾ ਵੈਦ ਜਾਂ ਸ਼ੁਰੂ ਕੀਤਾ।
ਦੇਂਦਾ ਸਚ ਤੇ ਸੁਚ ਦੀ ਔਸ਼ਧੀ ਨੂੰ ਜੇਹੜਾ ਚਲਕੇ ਕੋਲ ਬਿਮਾਰ ਆਇਆ।
'ਸਫਰੀ' ਵਾਂਗ ਨਮਾਣੇ ਦੇ ਕੂਕਿਆ ਉਹ ਸ਼ਾਹਨਸ਼ਾਹ ਜਾਮਾਂ ਦ੍ਵਾਦਸ ਧਾਰ ਆਇਆ।
ਤਖਤੀ ਸਿਦਕ ਦੀ ਹਥ ਦੇ ਵਿਚ ਦੇਕੇ ਭੁਲੀ ਸੰਥਾ ਦੇ ਪੂਰਨੇ ਪਾ ਦਿਤੇ।
ਤਾਰੂ ਸਿੰਘ ਮਨੀ ਸਿੰਘ ਦੀ ਦੇ ਸਿਖਿਆ ਸ਼ਹੀਦ ਹੋਣ ਦੇ ਵਲ ਸਿਖਾ ਦਿਤੇ।
ਤਤੀ ਤਵੀ ਤੇ ਯਾਰ ਦੇ ਸਥਰਾਂ ਦੇ ਗੁੰਚੇ ਦਿਲਾਂ ਦੇ ਵਿਚ ਖਿਲਾ ਦਿਤੇ।
ਏਸ ਬਾਗ ਦੇ ਯੋਧਿਆਂ ਸਿਦਕਵਾਨਾਂ ਤੋਪਾਂ ਫਾਸੀਆਂ ਦੇ ਮੂੰਹ ਭਵਾ ਦਿਤੇ।
ਤੂੰਬਾ ਤੂੰਬਾ ਹੋ ਤੂੰਬਿਆਂ ਵਾਂਗ ਉਡੇ ਨਹੀਂ ਜ਼ਿੰਦਗੀ ਦਾ ਜ਼ਰਾ ਪਿਆਰ ਆਇਆ।
ਉਡਦੇ ਖ਼ੂਨ ਦੇ ਜ਼ਰਰੇ ਵੀ ਕਹਿਣ 'ਸਫਰੀ' ਸ਼ਾਹਿਨਸ਼ਾਹ ਜਾਮਾਂ ਦ੍ਵਾਦਸ ਧਾਰ ਆਇਆ।

ਭਾਰਤ ਰਖਿਅਕ— ਸਤਿਗੁਰੂ ਰਾਮ ਸਿੰਘ

[ਮਾ: ਨਿਹਾਲ ਸਿੰਘ ਜੀ ਬੀ. ਏ. ਸ੍ਰੀ ਜੀਵਨ ਨਗਰ



ਸਿਰ ਲਥ ਸੂਰਿਆਂ ਤੇ ਕੌਮੀ ਪ੍ਰਵਾਨਿਆਂ ਦੀ ਧਰਤੀ, ਪੰਜਾਬ ਦੇ ਰਮਣੀਕ ਮੈਦਾਨਾਂ ਵਿਚੋਂ ਅਜ ਤੋਂ ਲੱਗ ਪੱਗ ਸੌ ਸਾਲ ਪਹਿਲਾਂ ਇਕ ਬੜੀ ਪ੍ਰਭਾਵ ਸ਼ਾਲੀ ਕੂਕ ਉਠੀ-ਬਿਲਿਓ ! ਭਾਰਤ ਵਿਚੋਂ ਆਪਣਾ ਬੋਰੀਆ ਬਿਸਤਰਾ ਗੋਲ ਕਰੋ, ਅਸਾਂ ਇਥੇ ਰਾਮ ਰਾਜ ਕਾਇਮ ਕਰਨਾ ਹੈ । ਇਸ ਨਾਅਰੇ ਨਾਲ ਅਕਾਸ਼ ਨੂੰ ਗੁੰਜਾਣ ਤੇ ਪਾਉਣ ਵਿਚ ਬ੍ਰਗਾਟ ਲਿਆਉਣ ਵਾਲੇ ਮਰਦ ਨੂੰ, ਬਾਲ ਕਾਲ ਵਿਚ ਮਾਪਿਆਂ ਲਾਡ ਪਿਆਰ ਨਾਲ' ਰਾਮਿਆ ਰਾਮਿਆ' ਕਹਿ ਕਹਿ ਵਾਜਾਂ ਮਾਰੀਆਂ;. ਹਾਣੀਆਂ 'ਰਾਮ ਸਿੰਘਾ' ਕਹਿ ਕਹਿ ਜੱਫੀਆਂ ਪਾਈਆਂ, ਸੁਘੜਾਂ ਨੇ ਬਾਬਾ ਰਾਮ ਸਿੰਘ ਆਖ ਸਤਿਕਾਰਿਆ ਅਤੇ ਅੱਜ ਦਾ ਸਾਊ ਸੰਸਾਰ ਉਸ ਨੂੰ ਯਾਦ ਕਰਦਾ ਹੈ ਕਹਿ ਕਹਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ।

ਲਾਹੌਰ ਦੇ ਸ਼ਾਹੀ ਕਿਲੇ ਤੇ ੧੮੪੯ ਈ: ਵਿਚ ਯੂਨੀਅਨ ਜੈਕ ਲਹਿਰਾਏ ਜਾਣ ਨਾਲ ਭਾਰਤ ਵਰਸ਼ ਪੂਰੇ ਤੌਰ ਤੇ ਗੁਲਾਮ ਹੋ ਗਿਆ । ਸਾਰੇ ਦੇਸ਼ ਤੇ ਦਾਸਤਾ ਦੀ ਕਾਲੀ ਬੋਲੀ ਰਾਤ ਛਾ ਗਈ। ਕਲਗੀਆਂ ਵਾਲੇ ਦੇ ਬੀਰਾਂ ਪਾਸੋਂ ਰਾਜ ਭਾਗ ਖੁੱਸ ਜਾਣ ਨਾਲ ਸਿਖੀ ਸਪਿਰਟ ਵੀ ਪਿਛੇ ੨ ਤੁਰ ਗਈ । ਪੰਜਾਬੀ ਨੌ ਜਵਾਨ ਧਰਮ ਹੀਣ, ਸ਼ਰਮ ਹੀਣ, ਬਲ ਹੀਣ, ਬਖਤ ਹੀਣ ਅਤੇ ਅਚਾਰ ਹੀਣ ਹੋ ਗਿਆ । ਪ੍ਰਾਧੀਨਤਾ ਦੇ ਕਲੋਰੋਫਾਰਮ ਨੇ ਦੇਸ਼ ਨੂੰ ਨਾ ਕੇਵਲ ਸਾਹਸ ਹੀਣ ਬਣਾ ਦਿਤਾ, ਸਗੋਂ ਇਹ ਰਿਸ਼ੀਆਂ ਮੁਨੀਆਂ ਦੀ ਧਰਤੀ ਦੈਵੀ ਗੁਣਾਂ ਵਲੋਂ ਉਕਾ ਹੀ ਨਿਪੁੰਨਸਕ ਹੋ ਚੱਲੀ।

ਅੰਗਰੇਜ਼ ਸਮਝਣ ਲਗ ਪਿਆ ਕਿ ਭਾਰਤ ਵਿਚ ਉਸ ਦੀ ਲੁਟ ਖਸੁਟ ਪਰਲੋ ਤਕ ਜਾਰੀ ਰਹੇਗੀ। ਉਸ ਦੇ ਰਾਹ ਦੇ ਰੋੜੇ ਬਿਲਕੁਲ ਸਾਫ ਹੋ ਗਏ ਹਨ ।

ਐਨ ਉਸ ਵੇਲੇ ਜਦ ਅੰਗਰੇਜ਼ ਦਾ ਜੋਬਨ ਤੇ ਜਾਦੂ ਭਾਰਤ ਨੂੰ ਬੜੀ ਤੇਜ਼ੀ ਨਾਲ ਮੋਹੀ ਜਾ ਰਿਹਾ ਸੀ,ਅਤੇ ਭਾਰਤ ਸਮਾਜਕ ਅਤੇ ਆਚਰਨਕ ਗਿਰਾਵਟ ਦੇ ਟੋਏ ਵੱਲ ਬੜੇ ਤਿਖੇ ਵੇਗ ਨਾਲ ਰਿੜ੍ਹ ਰਿਹਾ ਸੀ, ਲੁਧਿਆਣੇ ਦੇ ਜ਼ਿਲੇ ਦੇ ਨਿਕੇ ਜਿਹੇ ਪਿੰਡ ਭੈਣੀ ਆਲਾ ਤੋਂ ਇਕ ਜੋਸ਼ ਅਤੇ ਦਰਦ, ਤਰਸ ਅਤੇ ਪਿਆਰਭਰੀ ਆਵਾਜ਼ ਪ੍ਰਤੰਤਰਤਾ ਦੀ ਦਲਦਲ ਵਿਚ ਫਸਿਆਂ ਨੂੰ ਆਵਾਜ਼ ਦਿਤੀ, ਖਬਰਦਾਰ! ਹੁਸ਼ਿਆਰ! ਤੁਹਾਡਾ ਘਰ ਲੁਟਿਆ ਜਾ ਰਿਹਾ ਹੈ, ਤੁਹਾਨੂੰ ਬਰਬਾਦੀ ਦੇ ਜਾਲ ਵਿਚ ਫਸਣ ਤੇ ਮੁਸ਼ਕਾਂ ਬੰਨ੍ਹਣ ਵਾਸਤੇ ਬੜੇ ਮੋਟੇ ੨ ਰਸੇ ਵੱਟੇ ਜਾ ਰਹੇ ਹਨ, ਤੁਹਾਡੇ ਬਚਿਆਂ ਦਾ ਲਹੂ ਪੀਣ ਲਈ ਜੋਗਣੀਆਂ ਖੱਪਰ ਲਈ ਦੌੜੀਆਂ ਆ ਰਹੀਆਂ ਹਨ, ਤੇ ਉਨ੍ਹਾਂ ਦੇ ਮੂੰਹ ਦੀਆਂ ਬਰਕੀਆਂ ਖੋਹਣ ਵਾਸਤੇ

ਇਲਾਂ ਕਾਂ ਝੁਰਮਟ ਪਾ ਰਹੇ ਹਨ। ਉਠੋ, ਆਪਣੇ ਅੰਦਰ ਸਵੈਮਾਨ ਪੈਦਾ ਕਰੋ ਅਕਾਲ ਪੁਰਖ ਦਾ ਨਾਉ ਲੈ, ਪੈਰਾਂ ਤੇ ਖਲੋਵੋ, ਜਥੇ ਬੰਦ ਹੋਵੋ ਅਤੇ ਇਸ ਪੱਛੋਂ ਦੀ ਹਨੇਰੀ ਨੂੰ ਰੋਕਣ ਵਾਸਤੇ ਅਕਾਸ਼ ਠਾਲ ਖਹਿਣ ਵਾਲਾ ਪ੍ਰਬਤ ਬਣ ਜਾਓ।

ਸਤਿਗੁਰੂ ਰਾਮ ਸਿੰਘ ਜੀ ਨੇ ਬਾਲ ਕਾਲ ਤਿਆਗ ਜਦ ਜਵਾਨੀ ਵਿਚ ਪੈਰ ਧਰਿਆ ਤਾਂ ਸਿਖ ਫੌਜ ਵਿਚ ਨੌਕਰੀ ਜਾ ਕੀਤੀ ਅਤੇ ਦੇਸ਼ ਦਾ ਰਟਨ ਕੀਤਾ। ਇਸ ਸਿਟੇ ਤੇ ਪੁਜੇ ਕਿ ਕੀ ਰਾਜਾ ਕੀ ਪ੍ਰਜਾ ਸਭ ਕੁਰਾਹੇ ਜਾ ਰਹੇ ਹਨ। ਮਨੁਖ ਤਾ ਬਹੁਤ ਬੁਰੀਤਰ੍ਹਾਂ ਕੁਚਲੀ ਜਾ ਰਹੀ ਹੈ। ਭ੍ਰਾਤ ਸੁਆਰਥ, ਮਤਲਬ ਬਰਾਰੀ, ਸੀਨਾ ਜੋਰੀ, ਕੀਨ ਸਾੜਾ ਅ ਤੇ ਵਿਸ਼ੇ ਵਿਕਾਰਾਂ ਵਿਚ ਬੁਰੀਤਰਾਂ ਸੜ ਰਿਹਾ ਹੈ।

ਆਪ ਨੇ ਸਤਿਗੁਰੂ ਬਾਲਕ ਸਿੰਘ ਜੀ ਪਾਸੋਂ ਆਪਨੀ ਇਮਾਨਤ ਲੈ ਲਈ ਅਤੇ ਇਸ ਮੈਲੇ ਸੰਸਾਰ ਦਾ ਨਕਸ਼ਾ ਬਦਲਣ ਵਾਸਤੇ ਪ੍ਰੋਗਰਾਮ ਉਲੀਕਿਆ। ਆਪਦਾ ਇਕ ਐਸੇ ਸਮਾਜ ਦੀ ਨੀਵ ਰਖਣ ਦਾ ਵਿਚਾਰ ਸੀ, ਜਿਹੜਾ ਦੇਸ਼ ਦਾ ਨਰੋਆ ਅੰਗ ਬਣੇ, ਆਤਮਕ ਤੇ ਸਰੀਰਕ ਤੌਰਤੇ ਬਲਵਾਨ ਹੋਵੇ। ਸੁਘੜ ਤੇ ਸੂਝਵਾਨ ਹੋਵੇ, ਵਹਿਮਾਂ ਤੇ ਭਰਮਾਂ ਤੋਂ ਉਚਾ ਹੋਵੇ, ਦਸਾਂ ਨਵ੍ਹਾਂ, ਦੀ ਕਿਰਤ ਨੂੰ ਵਿਸ਼ੇਸ਼ਤਾ ਦੇਣ ਵਾਲ ਹੋਵੇ, ਜਿਸਦਾ ਆਚਰਨ ਨਮੂਨੇ ਦਾ ਹੋਵੇ।

ਸਤਿਗੁਰਾਂ ਨੇ ਸੰਮਤ ੧੯੧੪ ਬਿ: ੧੮੫੭ਈ: ਵਿਖਾਸੀ ਵਾਲੇ ਦਿਨ ਉਸ ਉਸਾਰੂਸਮਾਜਦੀਆਰੰਭਕ ਰਸਮ ਅਦਾ ਕੀਤੀ ਅਤੇ ਆਪਨੇ ਆਪਨੇ ਅਨੂ ਆਈਆਂ ਨੂੰ ਮਾਸ ਸ਼ਰਾਬ, ਚੋਰੀ ਯਾਰੀ, ਝੂਠ, ਕੁੜੀਆਂ ਦਾ ਮਾਰਨਾ, ਵੇਚਣਾ ਵਟਾ ਕਰਨਾ ਬਾਲ ਵਿਆਹ, ਵਿਆਹ ਦੀਆਂ ਫਜ਼ੂਲ ਤੇ ਬੋਝਲ ਰਸਮਾਂ ਬਿਆਜ ਜਿਨਸ ਦੇ ਕੇ ਡਿਉਢੀ ਤੇ ਸਵਾਈ ਲੈਣੀ ਵਿਵਰਜਤ ਕਰ ਦਿਤਾ, ਅਤੇ ਬਦੇਸ਼ੀ ਚੀਜ਼ਾਂ ਦੀ ਵਰਤੋਂ ਅਤੇ ਬਦੇਸ਼ੀ ਹਕੂਮਤ ਨਾਲ ਨਾਮਿਲਵਰਤਨ ਦਾ ਉਪਦੇਸ਼ ਦਿਤਾ। ਜੀਵਨ ਅੰਦਰ ਦੈਵੀ ਗੁਣ ਪਰਗਟਾਉਣ ਹਿਤ ਅੰਮ੍ਰਿਤ ਵੇਲੇ ਦਾ ਜਾਗਣਾ, ਸਣ ਕੇਸੀ ਇਸ਼ਨਾਨ, ਨਾਮ ਬਾਣੀ ਦਾ ਅਭਿਆਸ, ਸੁਚ ਸੋਧ, ਸਾਦਾ ਆਹਾਰ ਸਾਦਾ ਪੁਸ਼ਾਕ ਉਚੇ ਵਿਚਾਰ ਗਊ ਰਖਿਆ ਹੋਮ ਆਦਿ ਦਾ ਉਪਦੇਸ਼ ਦ੍ਰਿੜਾਇਆ। ਆਪ ਦੇ ਬਚਨਾਂ ਵਿਚ ਤੇ ਦਰਸ਼ਨਾਂ ਵਿਚ ਇਕ ਐਸੀ ਸ਼ਕਤੀ ਸੀ ਕਿ ਜਿਸ ਨੇ ਆ ਕੇ ਦਰਸ਼ਨ ਕੀਤਾ ਜਾਂ ਬਚਨ ਸੁਣਿਆ ਉਹ ਉਨ੍ਹਾਂ ਦਾ ਹੀ ਗੋਲਾ ਹੋ ਗਿਆ। ਥੋੜੇ ਹੀ ਦਿਨਾਂ ਵਿਚ ਲੱਖਾਂ ਦੀ ਗਿਣਤੀ ਦੇ ਚਰਨ ਭੌਰੇ ਉਹਨਾਂ ਦੀ ਹਜ਼ੂਰੀ ਵਿਚ ਰਹਿਣ ਲਗ ਪਏ।

ਸਤਿਗੁਰਾਂ ਨੇ ਇਸਤਰੀ ਨੂੰ ਉਚੀ ਪੱਧਰ ਤੇ ਲਿਆਉਣ ਦਾ ਐਲਾਨ ਤੇ ਅਮਲ ਕੀਤਾ। ਭਾਵੇਂ ਭਾਰਤ ਵਰਸ਼ ਰਿਸ਼ੀਆਂ ਮੁਨੀਆਂ ਦਾ ਦੇਸ਼ ਹੋਣ ਦਾ ਮਾਣ ਰਖਦਾ ਹੈ, ਮਗਰ ਬਾਹਰ ਦੇ ਜਰਵਾਣਿਆਂ ਦੇ ਹਲਿਆਂ ਨੇ ਇਸ ਦੀ ਗੌਰਵਤਾ ਨੂੰ ਡਾਢੀ ਸੱਟ ਮਾਰੀ ਸੀ। ਜਿਸ ਦਾ ਅਸਰ ਵਧੇਰੇ ਕਰਕੇ ਇਸਤਰੀ ਤੇ ਪਿਆ ਸੀ। ਲਗਾਤਾਰ ਸਦੀਆਂ ਦੀ ਗੁਲਾਮੀ ਨੇ ਇਸਤਰੀ ਵਿਚਾਰੀ ਨੂੰ ਤਾਂ 'ਪੈਰ ਦੀ ਜੁਤੀ' ਕਹਿਕੇ ਤ੍ਰਿਸਕਾਰਿਨ ਵਾਲੇ ਲੋਕ ਪੈਦਾ ਕਰ ਦਿਤੇ।

ਉਹ ਭਲੀ ਭਾਂਤ ਜਾਣਦੇ ਸਨ ਕਿ ਜਿਸ ਦੇਸ਼ ਵਿਚ ਇਸਤ੍ਰੀ ਜੀ ਇਜ਼ਤ ਨਹੀਂ, ਇਸਤ੍ਰੀ ਨੂੰ ਸਨਮਾਨ ਨਹੀਂ, ਉਸ ਦੇਸ਼ ਦੇ ਬਚੇ ਸੁਘੜ, ਦੇਸ਼ਭਗਤ, ਬਹਾਦਰ,ਸੂਰਬੀਰ ਅਤੇ ਰਬ ਦੇ ਪਿਆਰੇ ਨਹੀਂ ਹੋ ਸਕਦੇ। ਆਪਨੇ ਇਸਤ੍ਰੀ ਨੂੰ ਮਰਦਾਂ ਦੇ ਤੁਲ ਬਣਾ ਦਿਤਾ ਤੇ ਹੁਕਮ ਜਾਰੀ ਕਰ ਦਿਤਾ:-

"ਲੜਕੇ ਲੜਕੀਆਂ ਨੂੰ ਗੁਰਮੁਖੀ ਅਖਰ ਪੜ੍ਹਾਏ ਜਾਣ ਹੋਸ਼ ਆਉਂਦਿਆਂ ਸਾਰ।"

ਇਸ ਪਵਿਤਰ ਉਪਦੇਸ਼ ਨੇ ਪੰਜਾਬ ਦੀ ਕਾਇਆਂ ਪਲਟ ਦਿਤੀ ਅਤੇ ਜਿਸ ਕੁਕਰਮ ਨੂੰ ਲਾਰਡ ਵਿਲੀਅਮ ਬੈਨਟਿਕ ਦਾ ਕਾਨੂਨੀ ਡੰਡਾ ਰੋਕਣ ਤੋਂ ਅਸੱਮਰਥ ਰਿਹਾ। ਸਤਿਗੁਰੂ ਰਾਮ ਸਿੰਘ ਜੀ ਦੇ ਮਿਠੇ ਬਚਨਾਂ ਨੇ ਸਹਿਜੇ ਹੀ ਦੂਰ ਕਰ ਦਿਤਾ ਸਮਾਜ ਅੰਦਰ ਨਵੀਂ ਰੂਹ ਆ ਗਈ। ਕੁੜੀਆਂ

ਦਾ ਮਾਰਣਾ, ਵੇਚਣਾ ਅਤੇ ਵੱਟਾ ਕਰਨਾਂ ਦਿਨਾਂ ਵਿਚ ਹੀ ਬੰਦ ਹੋ ਗਿਆ।

ਅਚਾਰਨ ਤੋਂ ਬਿਨਾਂ ਮਨੁਖ ਪਸ਼ੂ ਹੈ। ਪਸ਼ੂ ਦਾ ਸੁਭਾ ਹੈ ਆਪਨੇ ਪਠੇ ਛੱਡਕੇ ਦੂਜੇ ਨੂੰ ਜਾ ਢੁਡ ਮਾਰਨੀ। ਇਸੇ ਵਾਸਤੇ ਪਸ਼ੂ ਪੁਣਾ ਇਕ ਲਾਅਨਤ ਹੈ। ਮਾਸ, ਸ਼ਰਾਬ, ਅਫੀਮ, ਪੋਸਤ, ਤੰਬਾਕੂ ਪੁਰਸ਼ ਨੂੰ ਪਸ਼ੂ ਬਣਾ ਦੇਂਦੇ ਹਨ। ਆਪਣੇ ਸਾਂਤਕੀ ਭੋਜਨ ਦਾ ਪ੍ਰਚਾਰ ਕੀਤਾ। ਇਸ ਸਿਧਾਂਤ ਨੂੰ ਦੁਨੀਆਂ ਦੇ ਸਭ ਸਮਝਦਾਰ ਮੰਨਦੇ ਹਨ, ਤੇ ਅਮਲ ਕਰਦੇ ਹਨ। ਮਿਸਿਜ ਸਟੈਪ ਹੈਨੀਜ਼ ਆਵ ਹਾਲੈਂਡ ਨੇ ਜਾਪਾਨ ਵਿਚ ਸੰਸਾਰ ਦੇ ਸਮੂੰਹ ਧਰਮਾਂ ਦੀ ਕਾਨਫ੍ਰੰਸ ਵਿਚ ਇਹ ਸ਼ਬਦ ਕਹੇ ਸਨ :-

Holy meal in olden times was bread, and fruit. juice, or milk and homey. Jassus was strictly vegetarian.

Blood is a most wonderful creation, so it may not be shed oreatern

In genesis of Bible, it is said by Gods voice to man kind that blood may not be eaten even the animal. who eat meat belong to the dark side of life and when we have better thought,Pure age will come, where lion and lamb will lay together as friends.

ਪੁਰਾਣੇ ਸਮਿਆਂ ਵਿਚ ਪਵਿਤਰ ਭੋਜਨ, ਰੋਟੀ, ਫਲ, ਰਸ, ਦੁਧ ਅਤੇ ਸ਼ਹਿਦ ਸਮਝਿਆ ਜਾਂਦਾ ਸੀ। ਹਜ਼ਰਤ ਯਸੂ ਪੱਕੇ ਵੈਸ਼ਨੋ ਸਨ। ਬਾਈਬਲ ਵਿਚ ਲਿਖਿਆ ਹੈ ਕਿ ਈਸ਼ਵਰ ਦੀ ਅਵਾਜ਼ ਨੇ ਮਨੁਖ ਨੂੰ ਸੁਨੇਹਾ ਦਿਤਾ ਕਿ ਲਹੂ ਬਿਲਕੁਲ ਨਾਂ ਖਾਧਾ ਜਾਵੇ। ਇਥੋਂ ਤਕ ਕਿ ਉਹ ਪਸ਼ੂ ਜਿਹੜੇ ਮਾਸ ਅਹਾਰੀ ਹਨ ਉਹ ਜੀਵਨ ਦਾ ਕੋਝਾ ਰੁਖ ਪੇਸ਼ ਕਰਦੇ ਹਨ। ਜਦੋਂ ਸਾਡੇ ਖਿਆਲ ਪਵਿਤਰ ਹੋ ਜਾਣਗੇ ਅਤੇ ਸੰਸਾਰ ਤੇ ਸੁਨਹਿਰੀ ਯੁਗ ਸ਼ੁਰੂ ਹੋਵੇ ਗਾ ਉਸ ਵੇਲੇ ਭੇਡ ਤੇ ਭੇੜੀਆ ਪਕੇ ਮਿਤਰਾਂ ਦੀ ਤਰ੍ਹਾਂ ਇਕੋ ਥਾਂ ਰਹਿਣਗੇ।

ਸਤਿਗੁਰਾਂ ਨੇ ਮਾਲਵਾ, ਮਾਝਾ, ਮੈਣ-ਦੁਆਬ, ਦੜਪ, ਪੋਠੋਹਾਰ ਦਾ ਦੌਰਾ ਕੀਤਾ ਅਤੇ ਥੋੜੇ ਦਿਨਾਂ ਵਿਚ ਹੀ ਲੋਕ ਸਚ ਮੁਚ ਦੇਵਤੇ ਸਾਂਢੂ ਅਤੇ ਸਭਯ ਬਣ ਗਏ। ਆਚਰਨ ਇਤਨਾ ਉਚਾ ਹੋ ਗਿਆ ਕਿ ਕੀ ਮਰਦ ਅਤੇ ਕੀ ਇਸਤਰੀ ਆਮ ਸਮਾਗਮਾਂ ਵਿਚ ਰਾਤਰੀ ਸਮੇਂ ਵੀ ਇਕੋ ਥਾਂ ਲੇਟੇ ਰਹਿੰਦੇ, ਅਤੇ ਕਿਸੇ ਨੂੰ ਵਿਕਾਰ ਨਾ ਫੁਰਦਾ। ਕੂਕਾ ਦਲ ਵਿਚ ਪਰਾਈ ਵਸਤੂ ਠੀਕ ਗਊ ਤੁਲ ਜਾਣੀ ਜਾਣ ਲਗ ਪਈ। ਅਨਪੜ ਪੇਂਡੂ ਅਪਣੇ ਵੱਛੇ ਵਛੂਆਂ ਦੇ ਮੂੰਹ ਬੰਨਕੇ ਘਰਾਂ ਤੋਂ ਬਾਹਰ ਖੜਦੇ ਤਾਂਕਿ ਉਹ ਕਿਤੇ ਬਗਾਨੀਪੈਲੀ ਦੇ ਪੱਠੇਨਾ ਖਾ ਲੈਣ ਭੁਲ ਭੁਲੇਖਿਆਂ। ਘਰ ਵਿਚ ਜੇ ਦੂਜੇ ਦੇ ਖੇਤ ਦੀ ਗੰਦਲ ਵੀ ਆ ਜਾਵੇ ਤਾਂ ਉਸ ਸਾਗ ਨੂੰ ਮੂੰਹ ਤਕ ਨਹੀਂ ਲਾਉਂਦੇ। ਸਨ ਪਰਉਪਕਾਰੀ ਇਤਨੇ ਬਣ ਗਏ ਕਿ ਗਊ ਦੇ ਰੱਤ ਦੀ ਲਿਬੜੀ ਛੁਰੀ ਵਾਲੇ ਕਸਾਈ ਵੀ ਆਪਨੇ ਦਰਵਾਜੇ ਤੋਂ ਪ੍ਰਸ਼ਾਦ ਛਕਾਏ ਬਿਨਾਂ ਖਾਲੀ ਨਾ ਮੋੜਦੇ ਸਨ।

ਇਹਨਾਂ ਦੀਆਂ ਪੰਚਾਇਤਾਂ ਵੀ ਆਪਨੇ ਨਮੂਨੇ ਦੀਆਂ ਆਪ ਹੁੰਦੀਆਂ ਸਨ। ਪੰਚ ਅਜਿਹੇ ਚੁਣੇ ਜਾਂਦੇ ਸਨ ਜਿਹੜੇ ਨਿਆਏ ਸ਼ੀਲ, ਧਰਮੀ ਅਤੇ ਭਲਾ ਲੋਚਕ ਸਨ। ਉਹਨਾਂ ਦੇ ਆਚਰਨ ਦਾ ਇਤਨਾ ਪ੍ਰਭਾਵ ਪੈਂਦਾ ਸੀ ਕਿ ਦੋਸ਼ੀ ਅੰਦਰ ਵੜਕੇ ਕੀਤੇ ਦੋਸ਼ ਨੂੰ ਆਪ ਆ ਪ੍ਰਗਟ ਕਰਦਾ। ਕਿਸੇ ਗਵਾਹੀ ਦੀ ਲੋੜ ਨ ਪੈਂਦੀ ਕੋਈ ਸਹੁੰ ਨ ਚੁਕਾਈ ਜਾਂਦੀ, ਉਲਝੇ ਮਸਲੇ ਆਪਨੇ ਆਪ ਹੀ ਸੁਲਝ ਜਾਂਦੇ ਸਨ।

ਕੂਕਾ ਉਸ ਵੇਲੇ ਠੀਕ ਇਕ ਆਦਰਸ਼ Ideal ਮਨੁਸ਼ ਸੀ ਨਰੋਏ ਦਮਾਗ਼ ਪੈਦਾ ਕਰਨ ਵਾਸਤੇ ਨਰੋਈ ਖੁਰਾਕ ਦੀ ਅਤੀ ਲੋੜ ਹੁੰਦੀ ਹੈ। ਅਤੇ ਦੁਧ ਮਖਣ ਉਤਮ ਪਦਾਰਥ ਹਨ। ਇਹਨਾਂ ਦੀ ਬ_ਲਤਾ ਵਾਸਤੇ ਆਪਨੇ ਗਊ ਰਖਿਆ ਵੱਲ ਵਿਸ਼ੇਸ਼ ਧਿਆਨ ਦਿਤਾ। ਬਦੇਸ਼ੀ ਸ੍ਰਕਾਰ ਦੇਸ਼ ਭਰ ਵਿਚ ਜਦਬੂਚੜ ਖਾਨੇ ਖੁਹਲਨ ਦੀ ਆਗਿਆ ਦੇ ਰਹੀ ਸੀ ਤਾਂ ਸਤਿਗੁਰਾਂ ਨੇ ਬੜਾ ਦੁਖ ਦਾ ਪ੍ਰਗਟਾਵਾ ਕੀਤਾ ਤੇ ਆਖਿਆ ਕਿ

"ਗਊਆਂ ਤਾਂ ਬਿਲੇ ਖਾ ਜਾਣਗੇ।" ਮੇਰੇ ਦੇਸ਼ ਦੇ ਬਚੇ ਦੁਧ ਕਿਥੋਂ ਪੀਣਗੇ। ਉਹ ਸੁਪਨਾ ਲੈਂਦੇ ਸਨ ਕਿ ਮੇਰੇ ਦੇਸ਼ ਅੰਦਰ ਘਰ ਘਰ ਵਿਚ ਘਿਆਂਲੀ ਗਊ ਹੋਵੇ ਤਾਂਕਿ ਭਾਰਤ ਦੇਸ਼ ਪੁਰਾਣੀ ਪਧਰ ਤੇ ਪੁਜੇ।

ਸਤਿਗੁਰ ਹਰੇਕ ਪੁਰਸ਼ ਨੂੰ ਕੂਕੇ ਵਾਂਗੂੰ ਆਦਰ-ਸ਼ਕ ਪੁਰਸ਼ਵੇਖਣ ਦੇ ਚਾਹਵਾਨ ਸਨ। ਅੰਗਰੇਜ਼ਾਂ ਨੇ ਅਪਣੇ ਰੀਕਾਰਡਾਂ ਵਿਚ ਇਉ ਲਿਖਿਆ ਹੈ :

੧. ਕੂਕਾ ਝੂਠ ਨਹੀਂ ਬੋਲਦਾ।
੨. ਕੂਕਾ ਸ਼ਰਾਬ ਨਹੀਂ ਪੀਂਦਾ।
੩. ਕੂਕਾ ਅੰਗਰੇਜ਼ ਦਾ ਖੈਰਖਾਹ ਨਹੀਂ।

ਆਪ ਮਨੁਖ ਨੂੰ ਮਨੁਖ ਵੇਖਣ ਦੇ ਚਾਹਵਾਨ ਸਨ। ਉਹ ਬਚਨ ਕਰਦੇ ਸਨ ਕਿ ਸਿਰਫ ਦਿਲ ਦੀ ਮੈਲ ਧੋਣ ਦੀ ਡੇਰ ਹੈ ਮਨੁਖ ਬਦਲਣ ਵਿਚ ਡੇਰ ਨਹੀਂ ਲਗਦੀ।

ਮਨ ਅਪਨੇ ਤੇ ਬੁਰਾ ਮਿਟਾਨਾ।
ਪੇਖੈ ਸਗਲ ਸ੍ਰਿਸ਼ਟ ਸਾਜਨਾ।

ਸਤਿਗੁਰੂ ਰਾਮ ਸਿੰਘ ਇਸ ਧਰਤੀ ਦੇ ਸਰਦਾਰ ਨੂੰ ਹਕੀਕੀ ਮਅਨਿਆਂ ਵਿਚ ਧਰਤੀ ਦਾ ਸਰਦਾਰ ਵੇਖਣਾ ਚਾਂਹਦੇ ਸਨ। ਪਰ ਉਨ੍ਹਾਂ ਦੇ ਰਾਹ ਵਿਚ ਸਭ ਤੋਂ ਤਗੜਾ ਰੋੜਾ ਬਿਦੇਸ਼ੀ ਸਰਕਾਰ ਸੀ। ਸਤਿਗੁਰਾਂ ਨੇ ਆਪਣੇ ਸਿਖਾਂ ਨੂੰ ਅੰਗਰੇਜ਼ ਨਾਲ ਨਾ ਮਿਲਵਰਤਣ ਦਾ ਉਹ ਰਾਹ ਦ੍ਰਸਾਇਆ ਜਿਸਨੂੰ ਪਿਛੋਂ ਜਿਹੇ ਆ ਕੇ ਥੋੜਾ ਜੇਹਾ ਆਜ਼ਾਦੀ ਦੇ ਨੇਤਾਵਾਂ ਮਹਾਤਮਾ ਗਾਂਧੀ, ਡਾ: ਰਾਜਿੰਦਰ ਪ੍ਰਸ਼ਾਦ ਪੰਡਿਤ ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ, ਸਰਦਾਰ ਪਟੇਲ ਅਤੇ ਉਨ੍ਹਾਂ ਦੇ ਅਨੇਕ ਸਾਥੀਆਂ ਨੇ ਅਪਨਾਇਆ ਤੇ ਦੇਸ਼ ਦੇ ਗਲੋਂ ਗੁਲਾਮੀ ਦਾ ਤੌਕ ਲਾਹਿਆ।

ਸਤਿਗੁਰੂ ਜੀ ਦੇ ਨਾ ਮਿਲਵਰਤਨ ਦੇ ਪ੍ਰੋਗ੍ਰਾਮ ਨੂੰ ਵੇਖਦਿਆਂ ਹੀ ਸੀ. ਆਈ. ਡੀ. ਦੀਆਂ ਰਿਪੋ-ਰਟਾਂ ਨੇ ਇੰਡੀਆ ਆਫਿਸ ਦੀਆਂ ਕੰਧਾਂ ਹਿਲਾ ਦਿਤੀਆਂ। ਅੰਬਾਲੇ ਦਾ ਕਮਿਸ਼ਨਰ ਮਿਸਟਰ ਮੈਕ-ਨੈਬ ਲਿਖਦਾ ਹੈ ਕਿ "ਰਾਮ ਸਿੰਘ ਹੁਣ ਸਾਧਾਂ ਫਕੀਰਾਂ ਦੀ ਹੈਸੀਅਤ ਨਹੀਂ ਰਖਦਾ। ਇਸ ਦੇ ਅੰਦਰ ਖਾਲਸਾ ਰਾਜ ਸਥਾਪਤ ਕਰਨ ਦੀ ਲਾਲਸਾ ਹੈ।" ਇਹਨਾਂ ਖਬਰਾਂ ਨੇ ਹਕੂਮਤ ਅੰਦਰ ਉਹ ਤੌਖਲਾ ਪਾਇਆ ਕਿ ਉਹਨਾਂ ਦੀ ਨੀਂਦ ਹਰਾਮ ਹੋਣ ਲਗ ਪਈ। ਇਸ ਤਹਿਰੀਕ ਤੇ ਕਾਬੂ ਪਾਉਣ ਲਈ ਪੂਰੀ ਗੋਂਦ ਗੁੰਦ ਲਈ ਗਈ ਅਤੇ ਨਾਮਧਾਰੀਆਂ ਤੇ ਕਾਬੂ ਪਾਉਣ ਵਾਸਤੇ ਗੁਪਤ ਪ੍ਰਗਟ ਹਥਿਆਰ ਵਰਤਨੇ ਸ਼ੁਰੂ ਕਰ ਦਿਤੇ ਗਏ।

ਅੰਗਰੇਜ਼ ਨੇ ਗਊ ਬਧ ਦੀ ਥਾਂ ੨ ਆਗਿਆ ਦੇ ਦਿਤੀ। ਇਸ ਚਾਲ ਨਾਲ ਅੰਗਰੇਜ਼ ਇਕ ਪੱਥਰ ਨਾਲ ਦੋ ਸ਼ਿਕਾਰ ਮਾਰਨਾ ਚਾਹੁੰਦਾ ਸੀ। ਕੋਝੀ ਸ੍ਰਕਾਰ ਦੀ ਨੀਤੀ ਪਾੜੋ ਤੇ ਰਾਜ ਕਰੋ ਹੁੰਦੀ ਹੈ। ਗਊ ਬਧ ਦੀ ਖੁਲ ਦੇ ਕੇ ਜਿਥੇ ਅੰਗਰੇਜ਼ ਹਿੰਦੂ ਮੁਸਲਿਮ ਅੰਦਰ ਪਾੜ ਪਾ ਕੇ ਆਪਨੇ ਰਾਜ ਨੂੰ ਪਕੇਰਾ ਤੇ ਲੰਬੇਰਾ ਬਨਾਉਣਾ ਚਾਹੁੰਦਾ ਸੀ।

ਰਾਏਕੋਟ, ਸ੍ਰੀ ਅੰਮ੍ਰਿਤਸਰ ਅਤੇ ਹੋਰ ਹਿੰਦੂ ਸਿਖਾਂ ਦੇ ਖਾਸ ੨ ਕੇਂਦਰਾਂ ਦੇ ਲਾਗੇ ਬੁਚੜ ਖਾਨੇ ਖੁਲ ਗਏ ਅਤੇ ਆਸ਼ਕਾਂ ਨੂੰ ਮਾਸ਼ੂਕ ਦੀ ਗਲੀ ਵਿਚ ਵੜਨ ਅਤੇ ਮਨਸੂਰਾਂ ਨੂੰ ਸੂਲੀ ਤੇ ਚੜਨ ਦਾ ਸਦਾ ਦੇ ਦਿਤਾ ਗਇਆ ਸੀ। ੧੯੭੧ਵਿਚ ਸ੍ਰੀ ਅੰਮ੍ਰਿਤ-ਸਰ ਅਤੇ ਰਾਇਕੋਟ, ੧੯੭੨ ਵਿਚ ਮਲੇਰ ਕੋਟਲੇ ਵਿਚ ਕੂਕਿਆਂ ਨੇ ਗਊਆਂ ਦੇ ਰਸੇ ਲਾਹਕੇ ਬੁਚੜ ਕਤਲ ਕਰ ਦਿਤੇ। ਸ੍ਰਕਾਰੀ ਮਸ਼ੀਨਰੀ ਹਰਕਤ ਵਿਚ ਆ ਗਈ। ਨਾਮਧਾਰੀਆਂ ਨੂੰ ਰਗੜਾ ਲਾ ਦਿਤਾ। ਸਿੰਘਾਂ ਨੂੰ ਫਾਹੇ ਟੰਗਿਆ ਗਿਆ। ਕਈ ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ। ਕੁਝ ਨੂੰ ਕਾਲੇ ਪਾਣੀਆਂ ਦੀ ਸਜ਼ਾ ਦਿਤੀ ਗਈ। ਸਤਿ-ਗੁਰਾਂ ਨੂੰ ਨਜ਼ਰ ਬੰਦ ਕਰਕੇ ਰੰਗੂਨ ਭੇਜ ਦਿਤਾ। ਉਹਨਾਂ ਦੇ ਸੂਬਿਆਂ ਨੂੰ ਅੰਡੇ ਮਾਨ, ਹਜਾਰੀ ਬਾਗ ਅਤੇ ਅਦਨ ਵਰਗੇ ਰੋਗੀ ਅਸਥਾਨਾਂ ਵਿਚ ਡਕ ਦਿਤਾ ਗਇਆ। ਕੂਕਾ ਮੂਵਮੈਂਟ ਨੂੰ ਅਨ-ਲਾ-ਫੁਲ ਕਰਾਰ ਦੇ ਦਿਤਾ ਗਇਆ। ਮਗਰ ਉਸ ਆਜ਼ਾਦੀ ਦੀ ਜੋਤ ਜਗਾਨਵਾਲੇ ਤੇ ਰਾਮ ਰਾਜ ਦੇ ਸੁਪਨੇ ਲੈਣ ਵਾਲੇ ਮਰਦਿ ਮਰਦਾਨ ਨੇ ਕਲਕਤਿਓਂ ਜਹਾਜ਼ ਤੇ

ਸਵਾਰ ਹੁੰਦਿਆਂ ਜਦੋਂ ਭਾਰਤ ਭੂਮੀ ਨੂੰ ਪ੍ਰਨਾਮ ਕੀਤਾ ਤੇ ਨਿਧੜਕ ਕਿਹਾ "ਬਿਲਿਉ ਜਿਹੜੀ ਅੱਗ ਮੈਂ ਬਾਲ ਚਲਿਆ ਹਾਂ ਉਹ ਬੁਝ ਨਹੀਂ ਸਕਦੀ। ਭਾਂਬੜ ਬਣਕੇ ਮਚੇਗੀ ਅਤੇ ਤੁਹਾਡੇ ਸਾਮਰਾਜ ਨੂੰ ਸਾੜ ਸੁਆਹ ਕਰ ਸੁਟੇਗੀ"। ਸਤਿਗੁਰਾਂ ਦੇ ਪਵਿਤਰ ਮੁਖਾਰਬਿੰਦ ਤੋਂ ਇਹ ਸ਼ਬਦ ਨਿਕਲੇ ਪੌਣ ਰਾਣੀ ਨੇ ਸੀਨੇ ਨਾਲ ਲਾ ਲਏ ਤੇ ਸੰਸਾਰ ਦੇ ਕੋਨੇ ਕੋਨੇ ਵਿਚ ਸਵਤੰਤਰਤਾ ਦਾ ਸਨੇਹਾ ਪੁਚਾ ਦਿਤਾ। ਉਸ ਵਤਨਾਂ ਤੋਂ ਦੂਰ ਜਾਣ ਵਾਲੇ ਦੇ ਸ਼ਬਦ ਕੰਨਾਂ ਵਿਚ ਗੂੰਜ ਰਹੇ ਹਨ ਤੇ ਭਾਂਬੜਾਂ ਦੀ ਲੋ ਸੰਸਾਰ ਦੇ ਵਖ ਵਖ ਕੋਨਿਆਂ ਵਿਚ ਉਠਦੀ ਦਿਖਾਈ ਦੇ ਰਹੀ ਹੈ, ਜਿਹੜੀ ਦਿਨ ਬਦਿਨ ਗੁਲਾਮੀ ਤੇਸਾਮਰਾਜ ਨੂੰ ਸਾੜ ਰਹੀ ਹੈ।

ਭਾਰਤ ਉਹਨਾਂ ਦੇ ਪੂਰਨਿਆਂ ਤੇ ਚਲ ਕੇ ਪੌਣੀ ਸਦੀ ਪਿਛੋਂ ਆਜ਼ਾਦ ਹੋਇਆ ਮਗਰ ਅਜੇ ਉਹ ਰਾਮ ਰਾਜ ਕਾਇਮ ਨਹੀਂ ਹੋਇਆ ਜਿਸਦਾ ਉਹ ਸੁਪਨਾ ਲੈਂਦੇ ਸਨ। ਅਤੇ ਜਿਹੋ ਜਿਹੀ ਤਾਬੀਦ ਪੂਜ ਮਹਾਤਮਾ ਗਾਂਧੀ ਜੀ ਕਹਿਆ ਕਰਦੇ ਸਨ। ਸਤਿਗੁਰ ਕਰੇ ਕਿ ਉਹ ਪ੍ਰਭਾਤ ਛੇਤੀ ਆਏ ਰਾਮ ਰਾਜ ਦਾ ਸੁਨੇਹਾ ਦੇਵੇ, ਭਾਰਤ ਸਾਡਾ ਦੇਸ਼ ਖੁਸ਼ਹਾਲ ਹੋਵੇ ਅਤੇ ਸੰਸਾਰ ਵਿਚ ਅਮਨ ਤੇ ਸ਼ਾਂਤੀ ਫਲੇ ਫੂਲੇ।



ਤਾਂਘਾਂ ਤੇਰੇ ਦੀਦਾਰ ਦੀਆਂ

[ਸੰਤ ਆਤਮਾ ਸਿੰਘ ਜੀ ਸਨਖਤ੍ਰਵੀ

ਲਗੀਆਂ ਚੀਨੀ ਵਾਲਿਆ ਤਾਂਘਾਂ ਨੇ ਤਿਰੇ ਦੀਦਾਰ ਦੀਆਂ।
ਸੀਨੇ ਵਿੱਚ ਬ੍ਰਿਹੋਂ ਦੀਆਂ ਦਰਦਾਂ ਨੇ ਸਾਂਗਾਂ ਮਾਰ ਦੀਆਂ।
ਮੇਰੇ ਸਤਿਗੁਰ ਚੀਨੀ ਵਾਲਿਆ, ਆਜ਼ਾਦੀ ਲਈ ਮਤਵਾਲਿਆ,
ਅੱਜ ਦੇਸ਼ ਅਜ਼ਾਦ ਕਰਾ ਲਿਆ ਇਹ ਮਿਹਰਾਂ ਨੇ ਦਾਤਾਰ ਦੀਆਂ।.. ....ਲੱਗੀਆਂ............
ਕੁਝ ਲੋਕ ਤਾਂ ਰੱਜ ਰੱਜ ਹੱਸ ਰਹੇ, ਕੁਝ ਵਿਚ ਗਰੀਬੀ ਧਸ ਰਹੇ,
ਤੇ ਕੂਕੇ ਨੇ ਹੋ ਬੱਸ ਰਹੇ ਤਕ ਸੜਕਾਂ ਸਾਗਰ ਪਾਰ ਦੀਆਂ।.........ਲਗੀਆਂ...............
ਵੱਢੀਆਂ, ਚੱਟੀਆਂ, ਤੇ ਧੱਕੜੇ, ਭ੍ਰਿਸ਼ਟਾਚਾਰੀ ਦੇ ਫੱਕੜੇ,
ਦਿਨ ਦਿਨ ਹੋ ਰਹੇ ਨੇ ਤਕੜੇ, ਆ, ਜਾਚਾਂ ਦੱਸ ਸੁਧਾਰ ਦੀਆਂ।.......... ਲੱਗੀਆਂ..............
ਤੇਰੀ ਫੁਲਵਾੜੀ ਪਾਲਦਾ, ਨਿਜ ਬਾਚਆਂ ਵਾਂਗ ਸੰਭਾਲਦਾ,
ਤੁਰ ਗਿਆ ਪ੍ਰਤਾਪ ਉਡੀਕਦਾ ਘੜੀਆਂ ਤੇਰੇ ਇਕਰਾਰ ਦੀਆਂ।............ਲਗੀਆਂ......
ਕਰਦਾ ਹਰ 'ਆਤਮਾ' ਯਾਦ ਹੁਣ, ਤੂੰ ਆ, ਸਾਡੀ ਫਰਿਆਦ ਸੁਣ,
ਲੰਘ ਜਾਣ ਨ ਰੋਂਦਿਆਂ ਰੋਂਦਿਆਂ ਰੁੱਤਾਂ ਬਸ- ਅੰਤ ਬਹਾਰ ਦੀਆਂ।.........ਲਗੀਆਂ..........

"ਸ਼ਹੀਦਾਂ ਦੀ ਵਾਰ"

[ਮਾਸਟਰ ਅਜੀਤ ਸਿੰਘ ਜੀ 'ਚੀਮਾ'

ਇਹ ਵਾਰ ਸ੍ਰ: ਗਿਆਨੀ ਸਿੰਘ ਜੀ ਤੇ ਰਤਨ ਸਿੰਘ ਜੀ ਦੀ ਯਾਦ ਵਿਚ ਲਿਖੀ ਗਈ ਹੈ। ਗਿਆਨੀ ਸਿੰਘ ਡੀ. ਸੀ. ਕਾਵਨ ਨਾਲ ਆਖਰੀ ਗੱਲਾਂ ਕਰਦਾ ਹੈ। ਫਾਂਸੀ ਦੇ ਰਸੇ ਹਥ ਵਿਚ ਫੜੇ ਹੋਏ ਹਨ :

ਅਸੀਂ ਪੁਤਰ ਭਾਰਤ ਮਾਂ ਦੇ ਯੋਧੇ ਬਲਕਾਰੀ।
ਸਾਡੀ ਧਾਂਕ ਪਈ ਸੀ ਦੂਰ ਤੀਕ ਕਾਬਲ ਕੰਧਾਰੀ।
ਅਜ ਅਣਖ ਉਡਾਰੀ ਲਾ ਗਈ ਮੇਰੀ ਕੌਮ ਚੋਂ ਸਾਰੀ।
ਜੇ ਗੈਰਾਂ ਹਥ ਏਹ ਆ ਗਈ ਸਾਡੀ ਕੀ ਸਰਦਾਰੀ ?
ਅਸਾਂ ਲਾਕੇ ਠੋਕਰ ਕੌਮ ਨੂੰ ਹੁਣ ਟੁੰਬ ਜਗਾਉਣੈ।
ਤੇ ਭਾਰਤ ਮਾਂ ਨੂੰ ਗੋਰਿਓ, ਆਜ਼ਾਦ ਕਰਾਉਣੈ।

ਮੈਂ ਦੇਸ਼ ਪਿਆਰ ਦੀ ਨੈ ਵਿਚ ਹੁਣ ਲਾਣੀ ਤਾਰੀ।
ਮੈਂ ਸਮਝਾਂ ਫਾਂਸੀ ਮੂਲ ਨ ਇਹ ਸੇਜ ਪਿਆਰੀ।
ਇਸ ਰਸੇ ਗਲ ਦਾ ਹਾਰ ਬਣ ਮੇਰੀ ਸ਼ਕਲ ਸਵਾਰੀ।
ਮੇਰਾ ਇਸ਼ਕ ਫੁਟੇ ਬਣ ਕੂੰਬਲਾਂ ਤਕ ਮੌਤ ਕੁਆਰੀ।
ਮੇਰੀ ਜੰਵ ਲਿਆਕੇ ਰਣੀ ਚੋਂ ਮੈਨੂੰ ਬੰਨ੍ਹੋ ਸੇਹਰੇ।
ਕੋਈ ਸ਼ੁਭ ਦਿਹਾੜਾ ਮਿਥਕੇ ਮੇਰੇ ਕਰ ਦਿਓ ਫੇਰੇ।

ਤੁਸੀਂ ਪਛਮੋਂ ਆਏ ਗੋਰਿਓ, ਬਣ ਜ਼ੁਲਮ ਹਨੇਰੀ।
ਤੁਸੀਂ ਲੁਟ ਲੁਟ ਖਾਵੋ ਦੇਸ ਨੂੰ ਕਰ ਹੇਰਾ ਫੇਰੀ।
ਤੁਸੀਂ ਕਲੀਆਂ ਡੂੰਗੋ ਡੈਣ ਬਣ ਕਰ ਬਹੁਤ ਦਲੇਰੀ।
ਵੱਸ ਪਰਾਏ ਜੀਵਣਾ ਏਦੂੰ ਮੌਤ ਚੰਗੇਰੀ।
ਤੁਸਾਂ ਫਾਂਸੀ ਸਾਨੂੰ ਚਾੜ੍ਹਕੇ ਹੈ ਸ਼ੁਕਰ ਮਨਾਣਾ।
ਪਰ ਅਫਲਾ ਖ਼ੂਨ ਬੇਦੋਸ਼ ਦਾ ਇਹ ਕਦੀ ਨ ਜਾਣਾ।

ਅਸੀਂ ਹਿੰਦੂ ਮੁਸਲਿਮ ਸਿਖ ਸਾਂ ਸਭ ਭਾਈ ਭਾਈ।
ਅਸੀਂ ਸ਼ਾਂਤੀ ਨਾਲ ਸਾਂ ਵਸਦੇ ਨ ਫ਼ਰਕ ਸੀ ਰਾਈ।
ਤੁਸੀਂ ਐਸੀ ਆਕੇ ਈਰਖਾ ਦੀ ਤੀਲੀ ਲਾਈ।
ਨ ਲਭੇ ਕਿਸੇ ਤਬੀਬ ਨੂੰ ਏਹਦੀ ਕੋਈ ਦਵਾਈ।
ਤੁਸਾਂ ਜਾਦੂ ਐਸਾ ਫੂਕਿਆ ਭੁਲੇ ਨੇ ਦਾਨੇ।
ਵਿਚ ਲਾਲਚ ਆਕੇ ਬਣ ਗਏ ਆਪਣੇ ਬੇਗਾਨੇ।

ਹੈ ਜ਼ੋਰ ਤੁਹਾਡੇ ਹਥ ਵਿਚ ਏਹਨੂੰ ਖੂਬ ਅਜ਼ਮਾਓ।
ਬੇਦੋਸਾਂ ਦੀ ਧੌਣ ਤੇ ਤੁਸੀਂ ਛੁਰੀ ਚਲਾਓ।
ਇਹ ਮਹਿੰਦੀ ਸਾਡੇ ਖੂਨ ਦੀ ਹਥਾਂ ਨੂੰ ਲਾਓ।
ਅਤੇ ਪਾਕੇ ਰਸੇ ਗਲਾਂ ਵਿਚ ਫਾਂਸੀ ਲਟਕਾਓ।
ਅਸਾਂ ਨਵੇਂ ਅਜ਼ਾਦੀ ਮਹਿਲ ਦਾ ਅੱਜ ਮੁਢ ਹੈ ਧਰਨਾ।
ਅਸਾਂ ਜਾਮ ਸ਼ਹਾਦਤ ਪੀ ਕੇ ਹੈ ਮੌਤ ਨੂੰ ਵਰਨਾ।

ਤੁਸੀਂ ਵੇਖ ਨਿਹਥੇ ਅਸਾਂ ਨੂੰ ਨ ਦੇਵੋ ਤਰਕਾਂ।
ਨ ਕੀਲ ਖੜਪੇ ਸਪ ਨੂੰ ਤੁਸੀਂ ਮਾਰੋ ਬੜ੍ਹਕਾਂ।
ਏਹਦੇ ਜ਼ਹਿਰੀ ਡੰਗ ਭੁਲਾਣੀਆਂ ਸਭ ਅਟਕਾਂ ਮਟਕਾਂ।
ਏਹਨਾਂ ਲੈਣੀਆਂ ਗਿਣ ਗਿਣ ਕਢ ਨੇ ਸਭ ਪਿਛਲੀਆਂ ਰੜਕਾਂ।
ਤੁਸੀਂ ਲਭਕੇ ਗੰਦੀ ਸੁੰਢ ਦੀ ਨ ਬਣੋ ਪਸਾਰੀ।
ਤੁਸੀਂ ਜਿਉਂ ਜਿਉਂ ਟੀਕੇ ਲਾਉਗੇ ਇਹ ਵਧੂ ਬਿਮਾਰੀ।

ਤੁਸਾਂ ਪੈਸੇ ਦੇ ਬਣਾ ਲਏ ਟੋਡੀ ਹਥ-ਠੰਡੇ।
ਏਹ ਮੁਖ਼ਬਰ ਬਣੇ ਬੇਦੋਸ਼ ਤੇ ਪਾਪੀ ਮੁਸ਼ਟੰਡੇ।
ਜਦ ਹੋਈ ਉਤਲੀ ਹੇਠ ਸਮੇ ਨੇ ਪਾਸੇ ਛੰਡੇ।
ਅਸੀਂ ਪੁਟ ਦਿਆਂਗੇ ਜੜ੍ਹਾਂ ਤੋਂ ਜ਼ਹਿਰੀਲੇ ਕੰਡੇ।
ਅਸਾਂ ਢੂੰਡਣ ਲਈ ਸਵੈਰਾਜ ਨੂੰ ਪਾਈ ਪਗਡੰਡੀ।
ਅਸਾਂ ਸ਼ਮਾਂ ਜਗਾਈ ਅਣਖ ਦੀ ਨਹੀਂ ਹੋਣੀ ਠੰਢੀ।

ਮੇਰੀ ਮੜ੍ਹੀ ਵਿਚੋਂ ਨੇ ਚੜ੍ਹਨੀਆਂ ਅਸਮਾਨੀ ਲਾਟਾਂ।
ਤਾਂ ਪੈਣੀਆਂ ਭਾਰਤ ਮਾਂ ਦੇ ਦਿਲ ਬਹੁਤ ਤਰਾਟਾਂ।
ਤੁਸਾਂ ਖੁਸ਼ੀ ਨ ਕਰਨੀ ਵੇਖਕੇ ਅਧਵਾਟੇ ਵਾਟਾਂ।
ਅਸੀਂ ਫੇਰ ਕਰਾਂਗੇ ਜੰਮਕੇ ਸਭ ਪੂਰੀਆਂ ਘਾਟਾਂ।
ਹੁਨ ਜੁਗਾਂ ਤੀਕਣ ਗੂੰਜਣੇ ਅਹਿੰਸਾ ਦੇ ਨਾਅਰੇ।
ਚੀਨੋਂਵਾਲੇ ਹਿੰਦ ਦੇ ਲਾਹ ਦੇਣੇ ਭਾਰੇ।

[ਸ੍ਰੀ ਬੰਤਾ ਸਿੰਘ ਜੀ ਭਿੰਡਰ

ਬਾਗਾਂ ਵਿੱਚ ਬਹਾਰ ਨੂੰ ਲੋਹੜ ਆਇਆ ਬਿਨਾ ਆਪ ਦੇ ਦੱਸੋ ਜੀ ਭੋਣ ਕਦੋਂ ?
ਕਦਿਲਾਂ ਕੂਕ ਦੀਆਂ ਬੁਲਬੁਲ ਗੀਤ ਗਾਵੇ ਚਾਤ੍ਰਿਕ ਸ੍ਵਾਂਤ ਬਿਨ ਸੁਖ ਨੂੰ ਪੌਣ ਕਦੋਂ ?
ਗਲੀਆਂ ਬ੍ਰਿੱਜ ਦੀਆਂ, ਸੁੰਨ ਬੰਸਰੀ ਬਿਨ, ਬਿਨਾ ਕਾਹਨ ਤੋਂ ਗੀਤ ਗੁੰਜੌਣ ਕਦੋਂ ?
ਹਰੀਆਂ ਜੜ੍ਹਾਂ ਤਾਂ ਰੱਖ ਰਹੇ ਵਿੱਚ ਕਲਿਜੁਗ, ਪਰ ਜਗਜੀਤ ਜੀ ਚਿਤੋਂ ਭੁਲੌਣ ਕਦੋਂ ?
ਹਿੰਦੂ, ਸਿਖ, ਇਸਾਈ ਤੇ ਪਾਕ ਮੁਸਲਿਮ ਸਾਰੇ ਕਰਨ ਉਡੀਕ ਕਿ ਔਣ ਕਦੋਂ ?
ਏਧਰ ਕੂਕੇ ਤਾਂ ਕੂਕ ਦੇ ਰਹਿਣ ਨਿਸਦਿਨ ਫੇਰਾ ਰਾਮ ਮਿਰਗੇਸ਼ ਜੀ ਪੈਣ ਕਦੋਂ ?

ਸ੍ਰੀ ਕਲਗ਼ੀਧਰ ਜੀ ਦੀ ਚੋਣ

[ਸੰਤ ਮੰਗਲ ਸਿੰਘ ਜੀ ਲਾਇਲ ਪੁਰੀ ਸੰਪਾਦਕ ਨਵਾਂ ਹਿੰਦੁਸਤਾਨ ਨਵੀਂ ਦਿੱਲੀ

ਕਿਸੇ ਕੌਮ ਜਾਂ ਦੇਸ਼ ਦੀ ਆਦਮ ਗਿਣਤੀ ਭਾਵੇਂ ਕਿੰਨੀ ਵੀ ਅਧਿਕ ਕਿਉਂ ਨ ਹੋਵੇ ਪਰ ਉਹ ਕੌਮ ਜਾਂ ਦਸ਼ ਓਨਾਂ ਚਿਰ ਚੰਗੇ ਗੁਣਾਂ, ਚੰਗੇ ਰਸਮੋ ਰਿਵਾਜਾਂ ਤੇ ਚੰਗੀ ਸ਼ੁਹਰਤ ਦੇ ਮਾਲਕ ਨਹੀਂ ਬਣ ਸਕਦੇ ਜਿੰਨਾ ਚਿਰ ਉਸ ਦੇਸ਼ ਜਾਂ ਕੌਮ ਦੇ ਆਗੂ ਵਿਚ ਚੰਗੇਰੀ ਨਪੁੰਨਤਾ ਨ ਹੋਵੇ।

ਸ੍ਰੀ ਕਲਗੀਧਰ ਜੀ ਮਹਾਰਾਜ ਵਿਚ ਏਹ ਮਹਾਨ ਖੂਬੀ ਸੀ ਕਿ ਓਨਾਂ ਨੇ ਹਰ ਪਾਸੇ, ਬੜੀ ਸੂਝ ਨਾਲ ਚੋਣ ਕੀਤੀ। ਏਹੋ ਵਜ੍ਹਾ ਸੀ ਕਿ ਆਪਦੀ ਅਗਵਾਈ ਵਿਚ ਛੋਟੀ ਜੇਹੀ ਗਿਣਤੀ ਵਾਲੀ ਸਿਖ ਜਨਤਾ ਨੇ ਉਹ ਕਰਿਸ਼ਮੇ ਕਰ ਵਿਖਾਏ ਜਿਸਦੀ ਧਾਂਕ ਨੂੰ ਦੁਸ਼ਮਨਾਂ ਵੀ ਪ੍ਰਵਾਣਿਆਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਚੋਣ ਦਾ ਸਿਹਰਾ ਵੀ ਸ੍ਰੀ ਕਲਗੀਧਰ ਜੀ ਦੇ ਸਿਰ ਹੈ। ਆਪ ਦੀ ਚੋਣ ਕਰਨ ਵਿਚ ਸ੍ਰੀ ਕਲਗੀ ਧਰ ਜੀ ਨੇ ਜਿਸ ਕਮਾਲ ਨੂੰ ਛੁਹਿਆ ਉਸਦੀ ਮਿਸਾਲ ਗੁਰੂ ਘਰ ਤੋਂ ਬਿਨਾਂ ਸਾਨੂੰ ਹੋਰ ਕਿਤੇ ਘੱਟ ਹੀ ਮਿਲਦੀ ਹੈ। ਮਹਾਤਮਾ ਬੁਧ ਦੂਸਰੇ ਬੁਧ ਦੀ ਚੋਣ ਨਹੀਂ ਕਰ ਸਕੇ। ਸ੍ਰੀ ਈਸਾ ਮਸੀਹ ਦੂਸਰਾ ਮਸੀਹ ਬਣਾਣ ਵਿਚ ਕਾਮਯਾਬ ਨਾ ਹੋ ਸਕੇ ਭਾਰਤੀਆਂ ਨੂੰ ਮਹਾਤਮਾ ਗਾਂਧੀ ਜੀ ਦੀ ਥਾਂ ਦੂਸਰਾ ਗਾਂਧੀ ਨਹੀਂ ਮਿਲ ਸਕਿਆ ਪਰ ਧੰਨ ਹਨ ਸ੍ਰੀ ਗੁਰੂ ਨਾਨਕ ਦੇਵ ਜਿਨ੍ਹਾਂ, ਨੇ ਆਪਣੇ ਸਮੇ ਵਿਚ ਹੀ ਦੂਸਰਾ ਨਾਨਕ ਅੰਗਦ ਜੀ ਤਿਆਰ ਕਰ ਲਏ ਤੇ ਏਹ ਸਿਲਸਿਲਾ ਕਈ ਸਦੀਆਂ ਬੀਤ ਜਾਣ ਤੇ ਵੀ ਅਜ ਜਿਵੇਂ ਦਾ ਤਿਵੇਂ ਚਲ ਰਿਹਾ ਹੈ। ਬੁਧ, ਈਸਾ ਤੇ ਗਾਂਧੀ ਜੀ ਦੀ ਉਮਤ ਨੂੰ ਜਿਵੇਂ ਅਜ ਚੰਗੇ ਆਗੂਆਂ ਬਿਨਾਂ ਨੁਕਸਾਨ ਪੁਜ ਰਿਹਾ ਉਹ ਕਦੀ ਨ ਪੁਜਦਾ ਜੇ ਏਨਾਂ ਮਹਾਨ ਹਸਤੀਆਂ ਨੂੰ ਆਪਣਾ ਜਾਨਸ਼ੀਨ ਮਿਲ ਜਾਂਦਾ।

ਸਿਖ ਜਨਮ ਸਮੇ ਤੋਂ ਹੀ ਆਪਣੇ ਸਤਿਗੁਰੂ ਦੇ ਪਹਿਰੇ ਵਿਚ ਰਹੇ ਹਨ ਜਿਸ ਦਾ ਸਿਧਾ ਪਰਮਾਣ ਹੈ ਕਿ ਸਿਖ ਛੋਟੀ ਜੇਹੀ ਗਿਣਤੀ ਹੋਣ ਦੇ ਬਾਵਜੂਦ ਆਪਣੀ ਧੌਣ ਵਿਚ ਵਲ ਨਹੀਂ ਪੈਣ ਦੇਂਦੇ। ਸਿਖਾਂ ਦਾ ਇਤਿਹਾਸ ਸਿਖ ਲਈ ਹੀ ਨਹੀਂ ਸਾਰੀ ਦੁਨੀਆਂ ਲਈ ਲਾਈਟ ਹਾਊਸ ਦਾ ਕੰਮ ਦੇ ਰਿਹਾ ਹੈ। ਬੜੀਆਂ ਬੜੀਆਂ ਹਕੂਮਤਾਂ ਦੇ ਸਿਖਾਂ ਨੇ ਆਪਣੀ ਬਹਾਦਰੀ ਤੇ ਯੋਗਤਾ ਨਾਲ ਦੰਦ ਖਟੇ ਕੀਤੇ ਹਨ। ਸਿਖਾਂ ਨੂੰ ਇਨ੍ਹਾਂ ਦੇ ਦੁਸ਼ਮਣਾਂ ਨੇ ਕੁਲ ਵਜ਼ਾਂ ਨਾਲ ਤਾਂ ਯਾਦ ਭਾਵੇਂ ਕੀਤਾ ਪਰ ਇਨ੍ਹਾਂ ਦੀ ਅਣਖ ਬਹਾਦਰੀ ਤੇ ਪਵਿਤਰਤਾ ਦੀ ਦਾਦ ਦੇਣ ਵਿਚ ਕਦੀ ਸ਼ੂਮ ਪੁਣਾ ਨਹੀਂ ਵਰਤਿਆ।

ਅਜ ਬਸੰਤ ਪੰਚਮੀ ਹੈ ਉਹ ਸੁਭਾਗਾ ਦਿਹਾੜਾ ਜਿਸ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਦੀ ਧਰਤੀ ਤੇ ਪਰਗਟ ਹੋਏ ਸਨ। ਆਪ ਨੇ ਸਿਖ ਜਨਤਾ, ਉਹ ਸਿਖ ਜੋ ਆਪਣੇ ਪਿਓ ਦਾਦੇ ਖਜ਼ਾਨੇ ਨੂੰ ਨਸ਼ਟ ਕਰ ਚੁਕੇ ਸਨ ਜੋ ਸਿਖ ਅਖਵਾਉਣ ਦੇ ਮੂਲੋਂ ਹੀ ਹਕਦਾਰ ਨਹੀ ਸੀ ਰਹੇ। ਜਿਨ੍ਹਾਂ ਨੇ ਆਪਣੇ ਚਲਨ ਨੂੰ ਸ਼ਰਾਬ, ਮਾਸ, ਚੋਰੀ, ਯਾਰੀ ਦਾ ਆਸਰਾ ਲੈ ਕੇ ਕੰਜਰੀਆਂ ਤੇ ਮੁੰਡਿਆਂ ਨਾਲ ਦੋਸ-ਤੀਆਂ ਗੰਢ ਲਈਆਂ ਸਨ। ਉਨ੍ਹਾਂ ਅਜੇਹੇ ਚ੍ਰਿਤਰ ਹੀਨ ਸਿਖਾਂ ਨੂੰ ਮੁੜ ਸੁਰਜੀਤ ਕਰ ਲਿਆ ਤੇ ਸਿਖਾਂ ਨੂੰ ਫਿਰ ਵਡਭਾਗਾ ਬਣਾ ਦਿਤਾ। ਏਹੋ ਵਜ੍ਹਾ ਸੀ ਕਿ ਗਿ: ਗਿਆਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਵਾਕ ਦੁਹਰਾਏ ਸਨ:

ਐ ਪੈ ਗੁਰ ਦਸਮ ਦਰਸ ਦੈ ਜੋ ਕਹਿਓ ਤਾਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।

ਏਹ ਸ਼ਬਦ ਪ੍ਰੋੜ੍ਹਤਾ ਕਰਦੇ ਹਨ ਸ੍ਰੀ ਦਸਮ ਜੀ

ਦੀ ਚੋਣ ਦੀ। ਅਸਾਂ ਕੋਈ ਬਹਿਸ ਨਹੀਂ ਕਰਨੀ ਕਿ ਗੁਰੂ ਦੇਹਧਾਰੀ ਹੋਣਾ ਚਾਹੀਦਾ ਹੈ ਜਾਂ ਹੋਰ ਕੋਈ। ਸਗੋਂ ਅਸਾਂ ਏਹ ਵੇਖਣਾ ਤੇ ਜਾਚਣਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇ ਜੋ ਦੇਣ ਸਿਖਾਂ ਤੇ ਦੇਸ਼ ਵਾਸੀਆਂ ਨੂੰ ਦਿਤੀ ਉਹ ਕਿੰਨੀ ਮਹਾਨ ਸੀ। ਜੇ ਅਸੀਂ ਹੋਰ ਸਭ ਕਾਸੇ ਵਲੋਂ ਅਖਾਂ ਮੀਟਕੇ ਕੇਵਲ ਇਕ "ਖਾਲਸੇ ਦੀ ਪੁਨਹ ਰਚਨਾ" ਨੂੰ ਸਾਮ੍ਹਣੇ ਲੈ ਆਈਏ ਤਾਂ ਇਹ ਇਕ ਏਡਾ ਵਡਾ ਕੰਮ ਹੈ ਜਿਸਦਾ ਰਿਣ ਖਾਲਸਾ ਪੰਥ ਕਦੇ ਵੀ ਨਹੀਂ ਚੁਕਾ ਸਕਦਾ। ਸਿਖ ਪੰਥ ਦਾ ਹਰ ਵਿਦਵਾਨ ਤੇ ਇਤਹਾਸਕਾਰ ਇਸ ਗੱਲ ਨਾਲ ਸੌ ਫੀ ਸਦੀ ਸਹਿਮਤ ਹੈ ਕਿ ਸਤਿਗੁਰਾਂ ਨੇ ਸਚ ਮੁਚ ਹੀ ਨਵੇਂ ਸਿਰੇ ਸਿਖੀ ਦੀ ਸਿਰਜਣਾ ਕੀਤੀ ਸੀ ਹਿਸਟਰੀ ਏਸ ਗੱਲ ਨਾਲ ਇਕ ਸੁਰ ਹੈ ਕਿ ਜਿੰਨੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇ ਸਿਖੀ ਪਰਫੁਲਤ ਹੋਈ ਓਨੀ ਪਿਛਲੇ ਕਿਸੇ ਸਮੇ ਵੀ ਨਹੀਂ ਫਲ ਸਕੀ।

ਅੰਗਰੇਜ਼ਾਂ ਦੀ ਨੀਤੀ—

ਸਤਿਗੁਰੂ ਰਾਮ ਸਿੰਘ ਜੀ ਦੇ ਸਮੇ ਪਿਛਲਾਂ ਸਾਰਾ ਰਾਜਨੀਤਕ ਢਾਂਚਾ ਬਦਲ ਚੁਕਾ ਸੀ। ਅਜ ਹਿੰਦੁਸਤਾਨ ਦੇ ਵਾਰਸ ਮੁਗਲ ਨਹੀਂ ਸਨ ਸਗੋਂ ਉਹ ਲੋਕ ਸਨ ਜਿਨਾਂ ਦੀ ਨੀਤੀ ਚਲਾਕੀਆਂ ਤੇ ਹੇਰਾ ਫੇਰੀਆਂ ਦੇ ਅਧੀਨ ਸੀ। ਭਾਰਤੀਆਂ ਲਈ ਅੰਗਰੇਜ਼ ਦੇਵਤਾ ਸੀ। ਨਵੀਆਂ ਕਾਢਾਂ ਦੇ ਕਰਿਸ਼ਮੇ ਵਿਖਾਕੇ ਅੰਗਰੇਜ਼ ਮਦਾਰੀ ਨੇ ਹਿੰਦੁਸਤਾਨ ਦੀ ਆਤਮਾ ਤੇ ਕਬਜ਼ਾ ਕਰ ਲਿਆ ਸੀ। ਆਪਣੀ ਨੀਤੀ ਦੇ ਪੈਰ ਪਸਾਰਨ ਵਾਸਤੇ ਹਰ ਬੰਦੇ ਨੂੰ ਉਹ ਕਾਬੂ ਕਰ ਰਿਹਾ ਸੀ। ਪਰ ਇਕ ਦੁਖ ਉਸਨੂੰ ਹਰ ਸਮੇ ਅੰਦਰੋ ਅੰਦਰ ਖਾ ਰਿਹਾ ਸੀ ਜੋ ਗੁਰੂ ਰਾਮ ਸਿੰਘ ਧਰਮ ਦਾ ਤਾਣਾ ਤਣਕੇ ਸਿਖ ਕੌਮ ਨੂੰ ਫੇਰ ਆਪਣੀ ਲਪੇਟ ਵਿਚ ਲਈ ਆ ਰਿਹਾ ਹੈ। ਉਹਨੇ ਮਹਿਸੂਸ ਕਰ ਲਿਆ ਕਿ ਗੁਰੂ ਗੋਬਿੰਦ ਸਿੰਘ ਫੇਰ ਇਸ ਰੂਪ ਵਿਚ ਸਿਖਾਂ ਨੂੰ ਮਿਲ ਗਿਆ ਹੈ, ਉਹ ਚਾਹੁੰਦਾ ਸੀ ਕਿ ਕਿਸੇ ਸਕੀਮ ਅਧੀਨ ਏਸ ਵਧ ਰਹੇ ਝਵੰਡਰ ਨੂੰ ਵਧਣ ਤੋਂ ਰੋਕ ਲਿਆ ਜਾਵੇ। ਸੋ ਉਸਨੂੰ ਇਸ ਸਭ ਕਾਸੇ ਦਾ ਆਪਣੀ ਭਲਾਈ ਦਾ ਇਕੋ ਇਕ ਹੀ ਇਲਾਜ ਲਭਾ ਕਿ ਸਿਖਾਂ ਨੂੰ ਦੇਹ-ਧਾਰੀ ਗੁਰੂ ਦੇ ਖਿਲਾਫ ਭੜਕਾਇਆ ਜਾਵੇ।

ਸੋ ਉਸਨੇ ਪਰਚਾਰ ਅਰੰਭ ਕਰ ਦਿਤਾ। ਅੰਗ-ਰੇਜ਼ ਗਵਰਨਰਾਂ ਨੇ ਆਪਣੀ ਸਰ ਪਰਸਤੀ ਵਿਚ "ਖਾਲਸਾ ਦਰਬਾਰ" ਨਾਮ ਦੀ ਸੰਸਥਾ ਕੈਮ ਕਰ ਦਿਤੀ। ਕੁਝ ਸਮੇ ਪਿਛੋਂ "ਸਿੰਘ ਸਭਾਵਾਂ" ਨੇ ਜਾਲ ਸਾਰੇ ਭਾਰਤ ਵਿਚ ਤਾਣ ਦਿਤੇ। ਮਹਾਰਾਜਾ ਦਲੀਪ ਸਿੰਘ ਲਈ ਫਤਵੇ ਸਾਦਰ ਕਰਵਾਏ ਗਏ, ਸਤਿਗੁਰੂ ਰਾਮ ਸਿੰਘ ਜੀ ਦੇ ਖਿਲਾਫ ਤਖਤਾਂ ਦੇ ਪੁਜਾਰੀਆਂ ਨੂੰ ਭੜਕਾਇਆ ਗਿਆ ਜਿਵੇਂ ਗਦਰੀ ਬਾਬਿਆਂ ਨੂੰ ਅਸਿਖ ਕਹਿਕੇ ਨਫਰਤ ਦਾ ਬੀਜ ਬੀਜਿਆ ਗਿਆ। ਭਾਵੇਂ ਇਨਾਂ ਪਿਛਲਗ ਸਿਖ ਜਥੇਬੰਦੀਆਂ ਤੇ ਤਖਤਾਂ ਨੂੰ ਕਈ ਪਾਸੀਂ ਵਰ-ਤਿਆ ਗਿਆ ਪਰ ਏਨਾਂ ਦੇ ਵਜੂਦ ਵਿਚ ਔਣ ਦੇ ਏਹੋ ਵਡੇ ਕਾਰਨ ਸਨ। ਸਤਿਗੁਰੂ ਰਾਮ ਸਿੰਘ ਜੀ ਤੇ ਗੁਰੂ ਹਰੀ ਸਿੰਘ ਜੀ ਦੇ ਨਾਮਧਾਰੀ ਪੰਥ ਦਾ ਮਲੀਆ ਮੇਟ ਤੇ ਅੰਗਰੇਜ਼ ਦੇ ਖਿਲਾਫ ਹਰ ਨਵੀਂ ਉਠਦੀ ਲਹਿਰ ਦੇ ਖਿਲਾਫ ਫਤਵੇ। ਸੋ ਅੰਗਰੇਜ਼ ਨੇ ਆਪਣਾ ਸਾਰਾ ਤਾਣ ਲਾਕੇ ਕੁਝ ਅਜੇਹੇ ਦਾੜ੍ਹੀ ਮੁਛਾਂ ਵਾਲੇ ਲੋਕਾਂ ਨੂੰ ਕਈ ਤਰਾਂ ਦੇ ਲਾਲਚ ਦੇਕੇ ਆਪਣੇ ਨਾਲ ਮਿਲਾਕੇ ਰਜਕੇ ਕੂਕਿਆਂ ਦੇ ਖਿਲਾਫ ਪਰਚਾਰ ਕਰਵਾਇਆ ਜਿਸਦਾ ਅਸਰ ੧੯੪੭ ਤੋਂ ਲੈਕੇ ੧੯੫੭ ਤਕ ਸਿਖਾਂ ਵਿਚ ਕਿਸੇ ਨ ਕਿਸੇ ਰੂਪ ਵਿਚ ਚਲਦਾ ਰਿਹਾ।

ਸਾਡਾ ਏਹ ਦਾਹਵਾ ਹੈ ਕਿ ਜੇ ਸਾਰੇ ਸਿਖ ਸਤਿਗੁਰੂ ਹਰੀ ਸਿੰਘ ਜੀ ਵਾਂਗ ਅੰਗਰੇਜ਼ ਦੇ ਟੁਕ-ੜਿਆਂ ਨੂੰ ਜੁਤੀ ਦੀ ਨੋਕ ਨਾਲ ਠੁਕਰਾਕੇ ਆਪ-ਣੀਆਂ ਪੁਰਾਣੀਆਂ ਰਵਾਇਤਾਂ "ਇਕ ਦੀ ਅਗ-ਵਾਈ" ਨੂੰ ਪਰਵਾਨ ਕਰੀ ਰਖਦੇ ਜਿਵੇਂ ਕੂਕਿਆਂ ਨੇ ਪਰਵਾਨਿਆਂ ਸੀ ਤਾਂ ਅੱਜ ਸਿਖ ਪੰਥ ਸਾਰੇ ਸੰਸਾਰ ਤੇ ਛਾਇਆ ਹੁੰਦਾ। ਧਰਮ ਤੇ ਰਾਜਨੀਤੀ

ਵਿਚ ਇਸਦਾ ਸਾਨੀ ਤਾਂ ਕਿਸੇ ਨੇ ਕੀ ਹੋਣਾ ਸੀ ਕੋਈ ਕਲਪਣਾ ਵੀ ਨ ਕਰ ਸਕਦਾ।

ਸਭ ਤੋਂ ਉਤਮ ਦਾਤ "ਨਾਮ ਦਾਨ ਅਸ਼-ਨਾਨ" ਸੀ ਉਸ ਤੋਂ ਕਾਫ਼ੀ ਹਿਸਾ ਸਿਖਾਂ ਦਾ ਸਖਣਾ ਰਹਿ ਗਿਆ। ਸੱਚ ਜੋ ਸਭਨਾਂ ਦਾ ਖਸਮ ਸੀ ਉਸਨੂੰ ਛਡਕੇ ਝੂਠੀ ਰਾਜਨੀਤੀ ਦਾ ਅਸੀਂ ਸ਼ਿਕਾਰ ਹੋ ਗਏ। ਨਾਮਧਾਰੀਆਂ ਨੇ ਆਪਣੇ ਆਪਨੂੰ ਅੰਗਰੇਜ਼ ਦੀ ਸਕੂਲੀ ਕਾਲਜੀ ਵਿਦਿਆ ਤੋਂ ਮਹਿਰੂਮ ਤਾਂ ਜਰੂਰ ਕਰ ਲਿਆ ਪਰ ਨਾਮ ਬਾਣੀ ਦਾ ਪੱਲਾ ਨ ਛਡਿਆ। ਏਹੋ ਵਜ੍ਹਾ ਹੈ ਕਿ ਨਾਮਧਾਰੀ ਅੰਗਰੇਜ਼ ਦੀਆਂ ਮਹਾਨ ਸਖਤੀਆਂ ਨੂੰ ਝੱਲਕੇ ਆਪਣੇ ਧਰਮ ਕਰਮ ਵਿਚ ਉਸੇਤਰਾਂ ਪਕੇ ਰਹੇ ਜਿਵੇਂ ਸਤਿਗੁਰਾਂ ਦਾ ਹੁਕਮ ਸੀ।

ਚੰਗੇ ਆਗੂ ਬਿਨਾ ਕੌਮਾਂ ਖਤਮ ਹੋ ਜਾਂਦੀਆਂ ਹਨ। ਸੁਚਜਾ ਆਗੂ ਮੁਰਦਾ ਕੌਮਾਂ ਵਿਚ ਜਾਨ ਪਾ ਦੇਂਦਾ ਹੈ। ਜਿਸ ਦੀਆਂ ਜੀਉਂਦੀਆਂ ਮਿਸਾਲਾਂ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ। ਗੁਰੂ ਰਾਮ ਸਿੰਘ ਜੀ ਇਕ ਛੋਟੇ ਜਿਹੇ ਪਿੰਡ ਵਿਚ ਤੇ ਉਸ ਸਮੇ ਦੀ ਬੋਲੀ ਵਿਚ ਇਕ ਛੋਟੀ ਜੇਹੀ ਜਾਤੀ ਤੇ ਉਸ ਗ਼ਰੀਬ ਤ੍ਰਖਾਣ ਦੇ ਘਰ ਪਰਗਟ ਹੋਏ ਜਿਸਦਾ ਕੇਵਲ ਆਪਣੀ ਕਿਰਤ ਤੇ ਨਿਰਬਾਹ ਸੀ। ਤੇ ਫੇਰ ਇਸ ਹਸਤੀ ਦਾ ਕਿਵੇਂ ਏਨਾ ਵਿਸਥਾਰ ਹੋ ਗਿਆ? ਕਿਵੇਂ ਆਪਦੀਆਂ ਕਹਾਣੀਆਂ ਇੰਗਲੈਂਡ ਦੀ ਪਾਰਲੀਮੈਂਟ ਵਿਚ ਪੈਣੀਆਂ ਸ਼ੁਰੂ ਹੋ ਗਈਆਂ? ਕੇਵਲ ਇਕੋ ਖ਼ੂਬੀ ਕਾਰਨ ਕਿ ਆਪਦੀ ਸੋਚ ਸ਼ਕਤੀ ਮਹਾਨ ਸੀ। ਆਪ ਨੇ ਦੇਸ਼ ਅਤੇਕੌਮ ਦੀ ਨਬਜ਼ ਨੂੰ ਠੀਕ ਪਛਾਣ ਲਿਆ। ਲੋਕਾਂ ਦੇ ਦੁਖਾਂ ਦਾ ਠੀਕ ਇਲਾਜ ਲੱਭ ਲਿਆ। ਵੇਖ ਲਿਆ ਕਿ ਸੰਸਾਰ ਰੋਗੀ ਹੈ ਤੇ ਨਾਮ ਏਸਦਾ ਦਾਰੂ ਹੈ। ਆਪਨੇ ਹੋਰ ਕੋਈ ਇਲਾਜ ਨਹੀਂ ਕੀਤਾ ਜਿਥੇ ਗਏ ਤੇ ਜਿਸਨੂੰ ਮਿਲੇ ਉਸੇ ਦੇ ਕੰਨ ਵਿਚ ਨਾਮ ਦੇ ਦਿਤਾ। ਨਾਮ ਨਾਲ ਅਨੇਕਾਂ ਠੱਗਾਂ ਬਦਮਾਸ਼ਾਂ ਤੇ ਡਾਕੂਆਂ ਨੂੰ ਸੰਤ ਬਣਾ ਦਿਤਾ ਤੇ ਕਲਜੁਗ ਤੋਂ ਸਤਿਜੁਗ ਲਾ ਦਿਤਾ।

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ
ਠਗੀ ਤਜ ਥੀਏ ਸੰਤ ਸਤਿਜੁਗ ਆ ਗਿਓ।
[ਪੰਥ ਪਰਕਾਸ਼

ਸਤਿਗੁਰਾਂ ਨੇ ਨਾਮ ਨਾਲ ਸਾਰੇ ਪੰਜਾਬ ਨੂੰ ਕੀਲ ਲਿਆ। ਜੇਹੜਾ ਮਖੌਲ ਨਾਲ ਵੀ ਆਪ ਪਾਸ ਆਇਆ ਉਹ ਵੀ ਕੀਲਿਆ ਗਿਆ।

ਏਡੀ ਵਡੀ ਦੇਸ਼ ਦੀ ਬਰਕਤ ਨੂੰ ਉਸ ਵੇਲੇ ਦੇ ਸਰਕਾਰ ਭਗਤਾਂ ਆਪਣੇ ਦੇਸ਼ ਵਿਚੋਂ ਕੱਢ ਦਿਤਾ। ਸਿਖ ਅੰਗਰੇਜ਼ ਦੀ ਨੀਤੀ ਦਾ ਸ਼ਿਕਾਰ ਹੋ ਗਏ। ਅੰਗਰੇਜ਼ ਨੇ ਪੰਜੇ ਘਿਉ ਵਿਚ ਸਮਝਕੇ ਕੂਕਾ ਪੰਥ ਨੂੰ ਖਤਮ ਕਰਨ ਦੇ ਮਨਸੂਬੇ ਬਣਾ ਲਏ। ਪਰ ਗੁਰੂ ਰਾਮ ਸਿੰਘ ਜੀ ਦੇ ਮੰਤਰ ਸ਼ਕਤ ਨਾਲ ਕੋਮ ਕੀਤਾ ਕੂਕਾ ਪੰਥ ਅੰਗਰੇਜ਼ ਪਾਸੋਂ ਖਤਮ ਨ ਹੋ ਸਕਿਆ। ਕਿਉਂਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚੋਣ ਗੁਰੂ ਹਰੀ ਸਿੰਘ ਜੀ ਨੂੰ ਅੰਗ-ਰੇਜ਼ ਖਰੀਦ ਨ ਸਕਿਆ ਤੇ ਨ ਆਪਦੇ ਪਾਟੀ ਕੱਛ ਵਾਲੇ ਸਿਖ ਉਤੇ ਅੰਗਰੇਜ਼ ਦੇ ਟੁਕੜੇ ਹਾਵੀ ਹੋ ਸਕੇ।

ਰਾਜਨੀਤੀ ਦੇ ਜਾਲ ਨੇ ਬਹੁਤ ਸਾਰੇ ਅਖਉਤੀ ਸਿਖਾਂ ਨੂੰ ਨਾਮ ਤੋਂ ਵਾਂਜੇ ਕਰ ਦਿਤਾ। ਸਾਰੇ ਜਗਤ ਨੂੰ ਧਰਮ ਦੇ ਰਾਹ ਤੋਰਨ ਵਾਲੇ ਕਲਗੀਧਰ ਦੇ ਮਿਸ਼ਨ ਨੂੰ ਇਨ੍ਹਾਂ ਲੋਕਾਂ ਬੜੀ ਕਰਾਰੀ ਸੱਟ ਮਾਰੀ। ਬਾਣੀ ਛੁਟ ਗਈ, ਗੁਰੂ ਦੀ ਲੋੜ ਜਿਸਨੂੰ ਸਿਖ ਧਰਮ ਦਾ ਧੁਰਾ ਕਿਹਾ ਜਾ ਸਕਦਾ ਹੈ ਸਿਖ ਉਸਤੋਂ ਮੁਨਕਰ ਹੋ ਗਏ। ਮਾਸ ਸ਼ਰਾਬ ਨੂੰ 'ਮਹਾਂ ਪਰਸ਼ਾਦ' ਦੇ ਸੁਨਹਿਰੀ ਸ਼ਬਦ ਨਾਲ ਸਨਮਾਨਿਆਂ ਜਾਣ ਲਗ ਪਿਆ। ਅਜੇਹਾ ਕਿਉਂ ਹੋਇਆ ਤੇ ਕਿਵੇਂ ਸਿਖਾਂ ਨੂੰ ਅਜੇਹਾ ਕਹਿਣ ਦੀ ਜੁਰਤ ਹੋ ਆਈ? ਕੇਵਲ ਇਸ਼ ਲਈ ਕਿ ਗੁਰੂ ਦੀ ਹੋਂਦ ਤੋਂ ਕੁਝ ਸਿਖ ਇਨਕਾਰੀ ਹੋ ਚੁਕੇ ਸਨ। ਅਜੇਹਾ ਕਰਕੇ ਉਨ੍ਹਾਂ ਨੇ ਸਿਖ ਪੰਥ ਦੀ ਰਵਾਨੀ ਨੂੰ ਹੀ ਤਾਰਪੀਡੋ ਨਹੀਂ ਕੀਤਾ ਸਗੋਂ ਦੇਸ਼ ਦੀ ਮਹਾਨ ਹਿੰਦੂ ਜਾਤੀ ਨੂੰ ਵੀ ਸ਼ੱਕ ਵਿਚ ਪਾ ਦਿਤਾ। ਹਿੰਦੂ

ਸਿਖਾਂ ਨੂੰ ਬਹੁਤ ਉਚਾ ਸਮਝਦੇ ਸਨ। ਗੁਰੂ ਨਾਨਕ ਨੂੰ ਦੁਨੀਆਂ ਦੀ ਮਹਾਨ ਹਸਤੀ ਮੰਨਦੇ ਸਨ ਪਰ ਜਦੋਂ ਹਿੰਦੂਆਂ ਨੇ ਸਿਖਾਂ ਨੂੰ ਕੁਰਹਿਤਾਂ ਦਾ ਸ਼ਿਕਾਰ ਹੁੰਦੇ ਡਿਠਾ ਤਾਂ ਉਨ੍ਹਾਂ ਦਾ ਬਣਿਆ ਹੋਇਆ ਮਨ ਸਹਿਮ ਵਿਚ ਤੇ ਸ਼ੰਕੇ ਵਿਚ ਪੈ ਗਿਆ। ਹਿੰਦੂ ਜਿਥੇ ਪਵਿਤਰਤਾ ਤੇ ਅਹਿੰਸਾ ਦਾ ਦੇਵਤਾ ਮੰਨਿਆਂ ਜਾਂਦਾ ਸੀ ਓਥੇ ਮਾਸਾਹਾਰੀ ਸਿਖਾਂ ਦੀ ਰੀਸ ਨਾਲ ਮਾਸ ਖਾਣ ਲਗ ਪਿਆ। ਆਂਡੇ ਖਾਣ ਦਾ ਆਦੀ ਹੋ ਗਿਆ ਤੇ ਹਿੰਦੂਆਂ ਨੇ ਵੇਖੋ ਵੇਖੀ ਕਸਾਈਆਂ ਦਾ ਪੇਸ਼ਾ ਵੀ ਅਰੰਭ ਕਰ ਦਿਤਾ। ਯਕੀਨਨ ਪੰਜਾਬ ਦਾ ਹਿੰਦੂ ਸਾਡਾ ਸਾਥ ਨ ਛਡਦਾ ਜੇ ਸਿਖ ਆਪਣੀਆਂ ਰਵਾਇਤਾਂ ਤੋਂ ਮੂੰਹ ਨ ਮੋੜਦੇ।

ਅਜ ਵੀ ਹਿੰਦੂ ਸਿਖ ਦੀ ਹਰ ਕੰਮ ਵਿਚ ਨਕਲ ਕਰ ਰਹੇ ਹਨ। ਸਿਖ ਮਾਸ ਖਾਂਦੇ ਹਨ ਝਟਕਿਆਂ ਦੀਆਂ ਦੁਕਾਨਾਂ ਖੋਲ੍ਹਦੇ ਹਨ, ਹਿੰਦੂ ਵੀ ਅਜੇਹਾ ਕਰਦੇ ਹਨ। ਸਿਖ ਅਖੰਡ ਪਾਠ ਕਰਦੇ ਹਨ ਤਾਂ ਹਿੰਦੂ ਵੀ ਰਾਮਾਇਣ ਦਾ ਅਖੰਡ ਪਾਠ ਕਰੌਂਦੇ ਹਨ। ਸਿਖ ਗੁਰਪੁਰਬਾਂ ਸਮੇਂ ਪਰਭਾਤ ਫੇਰੀਆਂ ਲਾਂਦੇ ਹਨ ਤੇ ਬੇਸੁਰੇ ਢੋਲਕੀਆਂ ਛੈਣੇ ਵਜਾਂਦੇ ਹਨ ਸਤਿ ਸ੍ਰੀ ਅਕਾਲ ਦੇ ਅਕਾਸ਼ ਗੁੰਜਾਊ ਨਾਅਰੇ ਲਾਂਦੇ ਹਨ ਤਾਂ ਹਿੰਦੂ ਵੀ "ਬੋਲੇ ਸੋ ਨਿਰਭੈ" ਤੇ 'ਹਰ ਹਰ ਮਹਾਂਦੇਉ' ਦੇ ਨਾਅਰੇ ਲਾਂਦੇ ਹਨ। ਭਾਵ ਕਿ ਹਿੰਦੂ ਸਿਖਾਂ ਦੇ ਹਰ ਫਾਰਮੂਲੇ ਦੇ ਕਾਇਲ ਹਨ। ਤੇ ਜੇ ਅਸੀਂ ਚੰਗੀਆਂ ਲੀਹਾਂ ਪਾਵਾਂਗੇ ਤਾਂ ਹਿੰਦੂ ਜਨਤਾ ਵੀ ਸਾਡੇ ਨਾਲ ਹੋਵੇਗੀ ਤੇ ਜੇ ਅਸੀਂ ਮੰਦੀਆਂ ਲੀਹਾਂ ਪਾਵਾਂਗੇ ਤਾਂ ਉਹ ਸਾਡੇ ਪਿਛੇ ਹਨ। ਭਾਵੇਂ ਹਿੰਦੂਆਂ ਵਿਚ ਆਰਯਾ ਸਮਾਜ ਜੇਹੇ ਕੱਟਰ ਪੰਥੀ ਵੀ ਮੌਜੂਦ ਹਨ ਪਰ ਏਹ ਯਾਦ ਰਹੇ ਕਿ ਇਹ ਆਰਯਾ ਸਮਾਜ ਵੀ ਸਾਡੀ ਆਪਣੀ ਉਪਜ ਸੀ ਤੇ ਉਨ੍ਹਾਂ ਸਿਖਾਂ ਦੀ ਉਪਜ ਸੀ ਜਿਨ੍ਹਾਂ ਨੇ ਅੰਗਰੇਜ਼ ਦੀ ਸਰਪਰਸਤੀ ਹੇਠ ਆਪਣਾਂ ਪੰਥ ਖੜਾ ਕੀਤਾ ਸੀ। ਤੇ ਜਿਨ੍ਹਾਂ ਦਾ ਨਿਸ਼ਾਨਾ ਕੂਕਾ ਪੰਥ ਨੂੰ ਖਤਮ ਕਰਨਾ ਸੀ। ਜੇ ਅਸੀਂ ਚੰਗੇ ਬਣ ਜਾਈਏ ਤਾਂ ਇਹ ਆਰਯਾ ਸਮਾਜ ਵੀ ਸਾਥੋਂ ਜੁਦਾ ਨਹੀਂ ਰਹਿ ਸਕਦਾ।

ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਜੇ ਅਸੀਂ ਸਾਰੇ ਸਿਖ ਪੂਰੇ ਸਤਿਗੁਰੂ ਦੀ ਸ਼ਰਣ ਲੈਕੇ ਉਸਦੀ ਮਰਯਾਦਾ ਨੂੰ ਅਪਣਾ ਲੈਂਦੇ ਤਾਂ ਅਜ ਸਾਰਾ ਹਿੰਦੂ ਸਮਾਜ ਗੁਰੂ ਨਾਨਕ ਦੇ ਝੰਡੇ ਹੇਠ ਆ ਚੁਕਾ ਹੁੰਦਾ।

ਉਸ ਸਮੇ ਦੇ ਨਾਮਧਰੀਕ ਸਿਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਨਾਲੋਂ ਜਗੀਰਾਂ ਨੂੰ ਤਰਜੀਹ ਦਿਤੀ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਨਾਲੋਂ ਸਰਦਾਰੀਆਂ ਨੂੰ ਵਧੇਰੇ ਸਤਿਕਾਰ ਦਿਤਾ। ਦੇਸ਼ ਪਿਆਰ ਨਾਲੋਂ ਗ਼ਦਾਰ ਬਣਨ ਵਿਚ ਫਖਰ ਸਮਝਿਆ।

ਉਨਾਂ ਸਿਖ ਸਰਦਾਰਾਂ, ਉਨ੍ਹਾਂ ਸਿਖ ਜਥੇਬੰਦੀਆਂ ਤੇ ਉਨ੍ਹਾਂ ਦੇਸ਼ ਨਾਲ ਗ਼ਦਾਰੀ ਕਰਨ ਵਾਲੇ ਅੰਗਰੇਜ਼ ਭਗਤਾਂ ਦਾ ਕਲੰਕ ਓਨਾ ਚਿਰ ਕਦੇ ਨਹੀਂ ਧੁਪ ਸਕੇਗਾ ਜਿੰਨਾਂ ਚਿਰ ਉਹਨਾਂ ਦੀਆਂ ਲੀਹਾਂ ਨੂੰ ਅਪਨਾਕੇ ਤੁਰਨ ਵਾਲੀਆਂ ਸੰਸਥਾਵਾਂ ਸਚੇ ਹਿਰਦੇ ਨਾਲ ਪ੍ਰਾਸ਼ਚਿਤ ਨਹੀਂ ਕਰਨਗੀਆਂ ਕਿ ਉਨ੍ਹਾਂ ਦੇ ਮੋਢੀਆਂ ਪਾਸੋਂ ਠੀਕ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨਾਲ ਅਨਿਆ ਹੋਇਆ ਹੈ।

ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦੀ ਚੋਣ ਕਿਸੇ ਅਜੇਹੇ ਮਾਮੂਲੀ ਬੰਦੇ ਦੀ ਚੋਣ ਨਹੀਂ ਸੀ ਸਗੋਂ ਏਹ ਚੋਣ ਸ੍ਰੀ ਕਲਗੀਧਰ ਪਾਤਸ਼ਾਹ ਜੀ ਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਨੂੰ ਅਜੇਹਾ ਹੀਰਾ ਦਿਤਾ ਕਿ ਲੋਕਾਂ ਦੀਆਂ ਅਖਾਂ ਚੁੰਧਿਆ ਗਈਆਂ। ਕਲਗੀਧਰ ਦੇ ਨਾਮ ਲੇਵਾ ਉਸਨੂੰ ਪਛਾਨਣੋਂ ਕਾਸਰ ਰਹਿ ਗਏ ਪਰ ਫੇਰ ਵੀ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਆਪਦੀ ਚੋਣ ਦਾ ਲੱਖਾਂ ਲੋਕਾਂ ਨੇ ਸਤਿਕਾਰ ਕੀਤਾ। ਉਸ ਚੀਨੀਵਾਲੇ ਪਾਤਸ਼ਾਹ ਦੇ ਲੱਖਾਂ ਬੂਟੇ ਅਜ ਵੀ ਲਹਿ ਲਹਿ ਕਰ ਰਹੇ ਹਨ।

ਜਿਸ ਦਿਨ ਸਾਡੇ ਫੱਟ ਮੁੜ ਪੁੰਗਰ ਪੈਂਦੇ ਹਨ

[ਸ੍ਰੀ ਕੇਹਰ ਸਿੰਘ ਜੀ ''ਕੇਹਰ'' ਬੈਂਕੋਕ, ਥਾਈਲੈਂਡ

ਸ਼ਹੀਦ ਕੌਮਾਂ ਦੇ ਥੰਮ੍ਹ ਹੁੰਦੇ ਹਨ । ਸ਼ਹੀਦ ਸੁੱਤੀਆਂ ਕੌਮਾਂ ਨੂੰ, ਗੁਲਾਮੀ ਦੀ ਗਿਰਾਵਟ ਵਿਚ ਬੇ-ਹੋਸ਼ ਕੌਮਾਂ ਨੂੰ ਜ਼ਿੰਦਗੀ ਬਖਸ਼ਦੇਹਨ । ਜਦੋਂ ਕਿਸੇ ਕੌਮ ਉਤੇ ਅਤ-ਗਰਦਸ਼ ਦੇ ਦਿਨ ਹੁੰਦੇ ਹਨ, ਤਦੋਂ ਸ਼ਹੀਦ ਆਪਣਿਆਂ ਸਰੀਰਾਂ ਦੀ ਅਹੂਤੀ ਦੇ ਕੇ ਕੌਮਾਂ ਨੂੰ ਮਾਲੋ ਮਾਲ ਕਰ ਦਿੰਦੇ ਹਨ ।

ਸ਼ਹੀਦ ਪੈਦਾ ਹੁੰਦੇ ਹਨ ਕੇਵਲ ਸ਼ਹਾਦਤਾਂ ਵਾਸਤੇ ਸ਼ਹੀਦਾਂ ਨੂੰ ਕੌਣ ਕਸ਼ਟ ਮਈ ਮੌਤ ਦੇ ਘਾਟ ਉਤਾਰਨ ਵਾਲਾ ? ਸ਼ਹੀਦ ਤਾਂ ਖੁਦ ਮੌਤ ਨੂੰ ਵੰਗਾਰ ਕੇ ਭਿਆਨਕ ਤੋਂ ਭਿਆਨਕ ਰੂਪ ਵਿਚ, ਆਪਣੇ ਪੰਜ-ਭੂਤਕ ਸਰੀਰ ਦੀ ਖੇਡ ਖਤਮ ਕਰਨ ਲਈ ਝਾਕੀ ਪੈਦਾ ਕਰਦੇ ਹਨ ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਝਾਕੀ ਜਦੋਂ ਅੱਖਾਂ ਸਾਹਮਣੇ ਲਿਆਉਂਦੇ ਹਾਂ । ਸਾਨੂੰ ਉਸ ਦ੍ਰਿਸ਼ ਵਿਚੋਂ ਸਤਿਗੁਰਾਂ ਦੇ ਸੀਸ ਉਤੇ ਪੈ ਰਹੀ ਤੱਤੀ ਰੇਤ-ਰੇਤ ਨਾਲ ਪੈਦਾ ਹੋਈ ਸੜ੍ਹਾਂਦ ਅਨਭਵ ਹੋ ਆਉਂਦੀ ਹੈ । ਸਾਨੂੰ ਆਪਣੇ ਸਰੀਰ ਉਤੇ ਛਾਲਿਆਂ ਦਾ ਉਠਾ ਪ੍ਰਤੀਤ ਹੁੰਦਾ ਹੈ ।

ਅਸੀਂ ਜਦੋਂ ਭਾਈ ਤਾਰੂ ਸਿੰਘ ਭਾਈ ਮਨੀ ਸਿੰਘ ਦੀ ਸ਼ਹੀਦੀ ਯਾਦ ਕਰਦੇ ਹਾਂ ਤਦ ਸਾਡੇ ਲੂੰ ਕੰਡੇ ਬਣ ਜਾਂਦੇ ਹਨ ।

ਜਦੋਂ ਬੰਦਾ ਬਹਾਦਰ ਦਾ ਸਰੀਰ ਜਮੂਰਾਂ ਨਾਲ ਨੋਚਿਆ ਜਾ ਰਿਹਾ ਅਨਭਵ ਕਰਦੇ ਹਾਂ, ਤਦ ਉਸ ਪੀੜਾ ਨਾਲ ਪਿੰਡੇ ਤੋਂ ਚਿਣਗਾਂ ਉਠਦੀਆਂ ਹਨ ।

ਛੋਟੀ ਅਵਸਥਾ ਦੀ ਸ਼ਹਾਦਤ:- ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ੨ ਲਾਲਾਂ ਨੂੰ ਜ਼ਿੰਦਾ ਕੰਧ ਵਿਚ ਚਿਣੇ ਜਾਣ ਦੀ ਚਰਚਾ ਜਦੋਂਅਸੀਂ ਕਰਦੇ ਹਾਂ, ਤਦ ਇਹ ਸੁਭਾਵਕ ਹੀ ਹੈ ਕਿ ਸਾਡੇ ਸੁਆਸਾਂ ਦੀ ਗਤੀ ਧੀਮੀ ਪੈ ਜਾਵੇ ਆਪਣੀ ਹੋਸ਼ ਗੁੰਮ ਹੁੰਦੀ ਅਨਭਵ ਕਰੀਏ ।

ਇਹ ਤਾਂ ਸੀ ਸ਼ਹੀਦਾਂ ਦੀ ਅਨੇਕ ਪ੍ਰਕਾਰ ਨਾਲ ਸ਼ਹਾਦਤਾਂ ਦੀ ਚਰਚਾ । ਜਿਥੇ ਸ਼ਹੀਦ ਆਪਣੀ ਮੌਤ ਨੂੰ ਆਪ ਰੰਗਣ ਦਿੰਦੇ ਹਨ । ਉਥੇ ਨਾਲ ਹੀ ਸਾਮਣੇ ਟੱਕਰ ਤੇ ਆਈ ਸਮੇ ਦੀ ਹਕੂਮਤ ਨੂੰ ਘੁੰਮਣ ਘੇਰੀ ਵਿਚ ਪਾ ਦਿੰਦੇ ਹਨ । ਅੰਗਰੇਜ਼ ਵਰਗੀ ਤਿੱਖੀ ਬੁੱਧੀ ਪਾਸੋਂ ਇਸਤ੍ਰਾਂ ਪਸ਼ੂਆਂ ਵਰਗਾ ਵਹਿਸ਼ਿਆਨਾ ਅੰਧਾਧੁੰਦ ਅਤਿਆਚਾਰ! ਅੰਗਰੇਜ਼ਾਂ ਦੀ ਧਰਤੀ ਨੂੰ ਸਾਰੇ ਸੰਸਾਰ ਦੇ ਲੋਕ, ਰਾਜਨੀਤੀ ਦੀ ਜਨਮ- ਦਾਤੀ ਮੰਨਦੇ ਹਨ, ਤੇ ਇਸ ਜਨਮ ਦਾਤੀ ਦੇ ਬਸ਼ਿੰਦਿਆਂ ਨੂੰ ਦੁਨੀਆਂ ਸਭਯ-ਪੁਰਸ਼ ਕਹਿੰਦੀ ਹੈ । ਤਹਿਜ਼ੀਬ ਯਾਫਤਾ ਮੰਨ-ਦੀ ਹੈ । ਨੀਤੀ ਦੇ ਪੰਡਤ ਮੰਨਦੀ ਹੈ । ਇਹਨਾਂ ਨੀਤੀ ਦੇ ਪੰਡਤਾਂ ਨੇ ਨਾਮਧਾਰੀ ਸੂਰ ਬੀਰਾਂ ਨਾਲ ਟੱਕਰ ਸਮੇ ਆਪਣੀਆਂ ਕਨੂੰਨ ਪੋਥੀਆਂ ਛਿੱਕੇ ਤੇ ਟੰਗ ਦਿਤੀਆਂ, ਇਹਨਾਂ ਵਿਚੋਂ ਇਕ ਸੀ 'ਕਾਵਨ' ਗੋਰਾ, ਜਿਸ ਨੇ ਕੂਕੇ ਸ਼ਹੀਦਾਂ ਦੀ ਦਿਵਯ-ਸ਼ਕਤੀ ਨਾਲ ਆਪਣੀ ਅਕਲਰਫੂ ਚੱਕਰ ਹੁੰਦੀ ਦੇਖੀ । ਇਸ ਕਾਵਨਾ ਰਾਕਸ਼ ਨੇ ਬਿਲਕੁਲ ਇਸਤ੍ਰਾਂ ਅਨ-ਭਵ ਕੀਤਾ, ਜਿਸਤ੍ਰਾਂ ਉਸ ਵਿਚੋਂ ਇਨਸਾਨੀਅਤ ਖੰਭ ਲਾਕੇ ਉਡ ਗਈ ਹੋਵੇ । ਹੈਵਾਨੀਅਤ ਦੇ ਪੁਤਲੇ ਨੇ ਕੁਛ ਕੁ ਘੰਟਿਆਂ ਵਿਚ ਹੀ ਆਪਣੀ ਰਾਜ ਨੀਤੀ ਵਿਚ ਪ੍ਰਬੀਨ ਕੌਮ ਦੇ ਮੱਥੇ ਉਤੇ ਐਸਾ ਕਲੰਕ ਲਾ ਦਿਤਾ ਜਿਸ ਦਾ ਲਹਿਣਾ ਗੋਰੀ ਹਕੂ-ਮਤਦੇ ਵਸਦੀ ਗੱਲ ਨਾ ਰਹੀ । ਭਾਵੇਂ ਪਿਛੋਂ ਉਹਨਾਂ ਦਾਗ਼ੀ ਹੋਏ ਇਤਹਾਸ ਦੇ ਪੰਨਿਆਂ ਨੂੰ ਧੋਣ ਦੀ ਕੋਸ਼ਿਸ਼ ਕੀਤੀ ।

੧੭ ਜਨਵਰੀ ਸੰਨ ੧੯੭੨ ਦੀ ਢਲਦੀ ਦੁਪਹਿਰ ਇਕ ਖੂਨੀ ਦੁਪਹਿਰ ਸੀ ਜੋ ਅਜ ਇਤ-ਹਾਸ ਬਣ ਚੁਕੀ ਹੈ। ੬੯ ਨਾਮਧਾਰੀ ਸਿੰਘਾਂ ਨੂੰ ਮਲੇਰ ਕੋਟਲੇ ਦੇ ਪ੍ਰੇਡ ਮੈਦਾਨ ਵਿਚ, ਗੱਡਿਆਂ ਤੇ ਪਾ ਕੇ ਲਿਜਾਇਆ ਗਿਆ। ਇਹਨਾਂ ਵਿਚ ਦੋ ਮਾਈਆਂ ਵੀ ਸਨ। ਬਾਕੀ ਦੇ ੬੬ ਕੂਕਿਆਂ ਨੂੰ ਇਸ ਕੋਟਲੇ ਦੇ ਮੈਦਾਨ ਵਿਚ ਹਜ਼ਾਰਾਂ ਲੋਕਾਂ ਦੇ ਇਕੱਠ ਸਾਹਮਣੇ ਤੋਪਾਂ ਨਾਲ ਉਡਾ ਦੇਣ ਦੀ ਕਾਹਲ ਪਾਗਲ ਕਾਵਨ ਦੇ ਅੰਦਰ ਬਹੁਤ ਸੀ। ਮੈਦਾਨ ਵਿਚ ਜਿਥੇ ਅਗੇ ਹੀ ਗੁਆਂਢੀ ਸਿਖ ਰਿਆ-ਸਤਾ ਵਲੋਂ ਆਈਆਂ ਨੌਂ ਤੋਪਾਂ ਮਨੁਖੀ ਖੂਨ ਲਈ ਪਿਆਸੀਆਂ ਤਿਆਰ ਸਨ।

ਨਾਮਧਾਰੀ ਇਤਿਹਾਸ ਅਨੁਸਾਰ:- ਸੂ: ਹੀਰਾ ਸਿੰਘ ਜੀ ਅਤੇ ਸੂ: ਲਹਿਣਾ ਸਿੰਘ ਜੀ ਇਹਨਾਂ ਸ਼ਹੀਦਾਂ ਦੇ ਆਗੂ ਸਨ। ਮਲੇਰ ਕੋਟਲਾ ਦੇ ਪ੍ਰੇਡ ਮੈਦਾਨ ਵਿਚ ਪਹੁੰਚਣ ਤੇ ਕਾਵਨ ਨੇ ਇਹਨਾਂ ਦੋਵਾਂ ਜਥੇਦਾਰਾਂ ਨੂੰ ਕੁਛ ਪੁਛਾਂ ਕੀਤੀਆਂ, ਜਿਸਦਾ ਉਤਰ ਟੁਣਕਦੇ ਰੁਪੈ ਵਰਗਾ ਸੀ।

ਸ੍ਰੀ ਸਤਿਗੁਰੂ ਬਿਲਾਸ ਅਨੁਸਾਰ:- ਸੂ: ਹੀਰਾ ਸਿੰਘ ਨੇ ਕਿਹਾ 'ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦੋਂ ਤੀਕ ਤੁਹਾਡਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗੇ, ਸਿਰ ਲਵਾਂਗੇ ਤੇ ਦੇਵਾਂਗੇ। ਤੁਹਾਨੂੰ ਭਾਰਤ ਵਿਚੋਂ ਕਢਕੇ ਸਾਹ ਲਵਾਂਗੇ। ਮੁੜ ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ। ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊ ਬਧ ਨਹੀਂ ਸਹਾਰ ਸਕਦੇ-ਅਸਾਂ ਇਹ ਸਰਕਾਰ ਨਹੀਂ ਰੱਖਣੀ-ਅਸੀਂ ਆਪਣੀ ਸਰਕਾਰ ਬਨਾਵਾਂਗੇ" ਇਸਤ੍ਰਾਂ ਨਿਡਰਤਾ ਦੇ ਸ਼ਬਦ ਸੁਣਕੇ ਤੇ ਦੱਬਿਆਂ ਨਾ ਦੱਬਨ ਵਾਲੇ ਵਰਤਾਵ ਅਗੇ ਕਾਵਨ ਭੁਜਕੇ ਕੋਲਾ ਹੋ ਗਿਆ, ਤੇ ਉਸ ਨੇ ਸਾੜੇ ਵਿਚ ਆਕੇ ਅਗਲੀ ਕਾਰਵਾਈ ਨੂੰ ਅਮਲੀ ਰੂਪ ਦਿਤਾ।

ਨੌਂ-ਤੋਪਾਂ ਵਿਚੋਂ ਦੋ ਤੋਪਾਂ ਕੇਵਲ ਬਰੂਦ ਦੀਆਂ ਭਰਕੇ ਰਖਵਾਲੀ ਲਈ ਤਿਆਰ ਰੱਖੀਆਂ ਸਨ। ਤੇ ਬਾਕੀ ਦੀਆਂ ਸੱਤ ਤੋਪਾਂ ਨੂੰ ਕੂਕੇ ਸੂਰ ਬੀਰਾਂ ਉਤੇ ਅੱਗ ਬਰਸਾਨ ਲਈ ਤਿਆਰ ਕੀਤਾ। ਸਭ ਨਾਲੋਂ ਪਹਿਲੇ ਸੱਤਾਂ ਕੂਕੇ ਸ਼ਹੀਦਾਂ ਦੇ ਜੱਥੇ ਵਿਚ ਸੂ: ਹੀਰਾ ਸਿੰਘ ਜੀ ਅਤੇ ਸੂ: ਲਹਿਣਾ ਸਿੰਘ ਜੀ ਸਨ। ਤੋਪਾਂ ਵਲ ਪਿਠ ਕਰਕੇ, ਕੰਡ ਵਿਚ ਗੋਲਾ ਖਾਣ ਦੇ ਕਾਵਨ ਦੇ ਹੁਕਮ ਨੂੰ, ਕੂਕੇ ਸ਼ਹੀਦਾਂ ਨੇ ਬੜੇ ਮਜ਼ਾਕ ਵਿਚ ਠੁਕਰਾ ਦਿਤਾ. ਤੇ ਛਾਤੀ ਤਾਣਕੇ ਤੋਪਾਂ ਸੌਂਹੇਂ ਖੜ ਗਏ।

ਤੋਪਾਂ ਨਾਲ ਖਾਸ ਪ੍ਰਬੰਧ ਹੇਠ ਆਮ ਲੋਕਾਂ ਦੇ ਇਕਠ ਵਿਚ ਕੂਕਿਆਂ ਨੂੰ ਉਡਾਣ ਦੀ ਕਾਵਨ ਨੇ ਇਹ ਨੀਤੀ ਜਾਹਰ ਕੀਤੀ ਕਿ ਇਸ ਲੂੰ ਕੰਡੇ ਕਰਨ ਵਾਲੇ ਦ੍ਰਿਸ਼ ਨੂੰ ਤਕ ਕੇ ਲੋਕਾਂ ਦੇ ਦਿਲਾਂ ਅੰਦਰ ਕਈ ਪੁਸ਼ਤਾਂ ਸਹਿਮ ਘਰ ਕਰ ਜਾਵੇਗਾ। ਪਰ ਹੋਇਆ ਬਿਲਕੁਲ ਇਸ ਦੇ ਉਲਟ। ਹੁਕਮ ਪਾਕੇ ਜਦੋਂ ਤੋਪਚੀਆਂ ਪਲੀਤੇ ਦਾਗੇ ਤਦ, ਤਿੰਨ ਵਾਰ ਤੋਪਾਂ ਪਲੀਤਾ ਚੱਟ ਗਈਆਂ। ਇਹ ਦੇਖਕੇ ਲੋਕਾਂ ਵਿਚ ਘੁਸਰ-ਮੁਸਰ ਹੋਣ ਲੱਗੀ ਕਿ ਇਹਨਾਂ ਸੱਤਾਂ ਕੂਕਿਆਂ ਨੂੰ ਜਿੰਦਗੀ ਬਖਸ਼ ਹੋਵੇ ਗੀ। ਪੈਰ ਪੈਰ ਤੇ ਬੇ-ਇਨਸਾਫੀ ਦੀ ਖੱਡ ਵਿਚ ਡਿਗਨ ਵਾਲੇ ਕਾਵਨ ਨੂੰ ਮੁਸਕਰਾਕੇ ਸੂ: ਹੀਰਾ ਸਿੰਘ ਜੀ ਨੇ ਕਿਹਾ:-"ਇਹ ਭੀ ਅਸਾਂ ਤੁਹਾਨੂੰ ਲੱਤ ਥੱਲਿਉਂ ਲੰਘਾਣਾ ਸੀ।" ਚੌਥੀ ਵਾਰ ਪਲੀਤਾ ਦਾਗਨ ਲਈ ਕਿਹਾ, ਸੁਣਕੇ ਕਾਵਨ ਅੱਗ ਭਬੂਕਾ ਹੋ ਗਿਆ। ਮਾਰੇ ਸਾੜੇ ਦੇ ਉਸ ਇਹ ਭੀ ਨਾ ਸੋਚਿਆ ਕਿ, ਦਰਸ਼ਕਾਂ ਦਾ ਸਹਿਯੋਗ ਪ੍ਰਾਪਤ ਕਰਨ ਦੀ ਨੀਤੀ ਉਤੇ ਪਾਣੀ ਮਾਰ ਹੋ ਜਾਵੇਗੀ-ਜੇਕਰ ਚੌਥੀ ਵਾਰ ਪਲੀਤਾ ਦਾਗਣ ਦਾ ਹੁਕਮ ਦਿਤਾ। ਪਰ ਉਸ ਨੇ ਅੜਾਂਦੀ ਅਵਾਜ਼ ਵਿਚ ਤੋਪਚੀਆਂ ਨੂੰ ਪਲੀਤਾ ਦਾਗਣ ਦਾ ਹੁਕਮ ਦੇ ਦਿਤਾ। ਤੋਪਾਂ ਦੇ ਮੂੰਹਾਂ ਵਿਚੋਂ ਧਮਾਕੇ ਨਾਲ ਨਿਕਲੀ ਅੱਗ ਦੀ ਬੁਛਾੜ, ਸਤਿ ਸ੍ਰੀ ਅਕਾਲ ਦੇ ਜੈ-ਕਾਰੇ ਛਡਦੇ ਕੂਕੇ ਸਿੱਖਾਂ ਦੇ ਪੰਜ-ਭੂਤਕ ਸਰੀਰਾਂ ਉਤੇ ਪਈ, ਤੇ ਸਰੀਰ ਤੂੰਬਾ-ਤੂੰਬਾ ਹੋਕੇ ਖਿਲਰ ਗਏ। ਦਰਸ਼ਕਾਂ ਦੇ ਮਨ ਗੋਰਿਆਂ ਪ੍ਰਤੀ

ਵੈਰ ਨਫਰਤ ਨਾਲ ਭਰ ਗਏ।

ਇਸਤ੍ਰਾਂ ਅਸ਼ਨਾਨ ਕਰਕੇ ਤੋਪਾਂ ਅਗੇ ਛਾਤੀਆਂ ਤਾਣਕੇ ਖਲੋ ਜਾਂਦੇ। ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਂਦੇ ਸ਼ਹੀਦ ਪਦਵੀ ਨੂੰ ਪ੍ਰਾਪਤ ਹੁੰਦੇ। ਇਕ ਸਤਾਂ ਦੇ ਗਰੁਪ ਵਿਚ ਭਾਈ ਵਰਿਆਮ ਸਿੰਘ ਜੀ ਸਨ ਜੋ ਰਿਆਸਤ ਦੇ ਕਿਸੇ ਸ੍ਰਦਾਰ ਦੇ ਕੁਛ ਲਗਦੇ ਸਨ। ਉਹਨਾਂ ਦੀ ਜ਼ਿੰਦਗੀ ਲਈ ਸਿਫਾਰਸ਼ ਕਾਵਨ ਦੇ ਕੰਨਾਂ ਵਿਚ ਪੈ ਚੁਕੀ ਸੀ। ਜਦੋਂ ਭਾਈ ਵਰਿਆਮ ਸਿੰਘ ਜੀ ਸਾਹਮਣੇ ਆਏ ਤਦ ਉਹਨਾਂ ਨੂੰ ਇਹ ਕਹਿਕੇ ਨਿਸ਼ਾਨੇ ਤੋਂ ਹਟ ਜਾਣ ਲਈ ਕਿਹਾ ਕਿ ਉਹ ਕੱਦ ਦੇ ਮਧਰੇ ਹਨ। ਸਾਥ ਜਾਂਦਾ ਸੋਚਕੇ ਭਾਈ ਜੀ ਨੂੰ ਬੜਾ ਰੰਜ ਹੋਇਆ, ਜਦ ਏਧਰੋਂ ਓਧਰੋਂ ਰੋੜੇ ਇਕਠੇ ਕਰਕੇ ਉਹਨਾਂ ਉਪਰ ਖੜੇ ਹੋਕੇ, ਆਵਾਜ਼ਾ ਦਿਤਾ ਕਿ "ਹੁਣ ਨਿਸ਼ਾਨਾ ਠੀਕ ਬੈਠੇਗਾ" ਤਦ ਸੁਣਕੇ ਕਾਵਨ ਦੇ ਪੈਰਾਂ ਥਲਿਓਂ ਧਰਤੀ ਖਿਸਕਦੀ ਅਨੁਭਵ ਹੋਈ। ਉਹ ਸੋਚਨ ਲਗਾ ਕਿ "ਇਹ ਕਿਸ ਮਿਟੀ ਦੇ ਬਣੇ ਹਨ ?"

ਭਾਈ ਬਿਸ਼ਨ ਸਿੰਘ ਜੀ ਨੇ ਹੋਰ ਭੀ ਅਗਾਂਹ ਬਹਾਦਰੀ ਦੀ ਛਾਲ ਮਾਰਕੇ ਦੰਗ ਕਰ ਦਿਤਾ। ਉਹਨਾਂ ਦੀ ਮਸੂਮ ਉਮਰ ਉਤੇ ਜਾਲਮ ਕਾਵਨ ਦੀ ਮੇਮ ਨੂੰ ਤਰਸ ਆ ਗਿਆ। ਉਸਨੇ ਇਕ ਸ਼ਰਤ ਤੇ ਆਪਣੇ ਸ਼ਹੁਰ ਨੂੰ ਰਾਜ਼ੀ ਕਰ ਲਿਆ ਕਿ ਜੇਕਰ ਇਹ ਯੁਵਕ ਆਪਣੀ ਭੁਲ ਮੰਨ ਲਵੇ ਤੇ ਅਗੋਂ ਤੋਂ ਵਿਸ਼ਵਾਸ ਦਿਵਾਵੇ ਕਿ ਉਹ ਇਸ ਧੜੇ ਦਾ ਨਹੀਂ ਰਹੇਗਾ। ਜਬਾਨੋਂ ਕੇਵਲ ਇਤਨਾ ਕਹਿ ਦੇਵੇ ਕਿ ਉਹਦਾ ਗੁਰੂ ਰਾਮ ਸਿੰਘ ਨਾਲ ਕੋਈ ਸਨਬੰਧ ਨਹੀਂ, ਤਦ ਇਸਦੀ ਜਾਨ ਬਖਸ਼ੀ ਜਾ ਸਕਦੀ ਹੈ। ਕਾਵਨ ਨੇ ਜਦ ਆਪਣੀ ਮੇਮ ਦੀ ਮੇਹਰਬਾਨੀ ਤੇ ਆਪਣੇ ਵਲੋਂ ਸ਼ਰਤ ਰਖੀ ਤਦੋਂ ਯੁਵਕ ਅਵ-ਸਥਾ ਦੇ ਖੂਨ ਨੇ ਖੌਲਾਅ ਖਾਧਾ, ਬਿਜਲੀ ਦੀ ਤੇਜ਼ੀ ਨਾਲ ਕਾਵਨ ਉਤੇ ਝਪਟਿਆ ਤੇ ਕਾਵਨ ਨੂੰ ਦਾਹੜੀਓਂ ਫੜ ਝੰਜੋੜਿਆ। ਕਾਵਨ ਦੀ ਜਾਨ ਖਤਰੇ ਵਿਚ ਵੇਖਕੇ ਰਿਆਸਤ ਦੇ ਸਰਦਾਰਾਂਆਪਣੀ ਵਫਾਦਾਰੀ ਦਾ ਸਬੂਤ ਦਿਤਾ। ਆਪਣੀਆਂ ਲਿਸ਼ਕਦੀਆਂ ਤਲਵਾਰਾਂ ਨਾਲ ਬਿਸ਼ਨ ਸਿੰਘ ਜੀ ਦਾ ਸਰੀਰ ਟੋਟੇ ਟੋਟੇ ਕਰ ਦਿਤਾ। ਇਸਤ੍ਰਾਂ ਇਸ ਖੂਨੀ ਕਾਂਡ ਨਾਲ ੬੬ ਕੂਕੇ ਸਿੰਘਾਂ ਦੀਆਂ ਅਹੁ-ਤੀਆਂ ਹੋਈਆਂ।

ਇਸ ਸ਼ੋਕ-ਦਿਨ ਨੂੰ ਅਸਾਂ ਪੂਰੇ ੯੩ ਸਾਲਾਂ ਬਾਦ ਤੇ ਸਿੰਘਾਂ ਦੀ ਦਿਤੀ ਅਜ਼ਾਦੀ ਤੋਂ ਅਠ ਸਾਲਾਂ ਪਿਛੋਂ ਅਸਾਂ ਇਹ ਦਰਦ ਮਹਿਸੂਸਿਆ ਤੇ ਅਸਾਂ ਇਸ ਦਰਦ ਨਾਲ ਮਲੇਰ ਕੋਟਲੇ ਜਾਕੇ ਹੰਝੂ ਕੇਰੇ। ਸ਼ਰਧਾਂਜਲੀ ਅਰਪਨ ਕੀਤੀ। ਉਹ ਦਿਨ ਦੂਰ ਨਹੀਂ ਜਦ ਅਸੀਂ ਇਹਨਾਂ ਪ੍ਰਵਾਨਿਆਂ ਦੀ ਯਾਦ ਵਿਚ ਕੋਈ ਪੱਕੀ ਯਾਦਗਾਰ ਬਣਾਕੇ ਆਪਣੇ ਫ਼ਰਜ਼ ਦੀ ਪੂਰਤੀ ਕਰ ਸਕਾਂਗੇ। ਸਾਡੇ ਪਾਸ ਇਸ ਫਰਜ਼ ਦੀ ਅਜ ਤਕ ਨਾ ਪੂਰਤੀ ਦਾ ਬਹਾਨਾ ਇਹ ਭੀ ਸੀ ਕਿ ਅਸੀਂ ਗੁਲਾਮ ਸਾਂ-ਅਸੀਂ ਇਸ ਲਈ ਅਸਮਰਥ ਸਾਂ। ਪਰ ਹੁਣ ਅਸੀਂ ਆਜ਼ਾਦ ਹਾਂ।

੧੭ ਜਨਵਰੀ ਸੰਨ ੧੮੭੨ ਨੂੰ ੬੬ ਕੂਕੇ ਸ਼ਹੀਦਾਂ ਦੀ ਸ਼ਹਾਦਤ ਨਾਲ, ਦੂਸਰੇ ਭਲਕ ੧੮ ਜਨਵਰੀ ਸੰਨ ੧੮੭੨ ਦੇ ਦਿਨ ਕੂਕਾ ਜਗਤ ਉਤੇ ਬਿਜਲੀ ਕੜਕੀ ਸਾਥੋਂ ਸਾਡੇ ਪ੍ਰੀਤਮ ਦੀ ਜੁਦਾਈ ਹੋਈ-ਲੱਖਾਂ ਦਿਲਾਂ ਉਤੇ ਇਸ ਦਾ ਗਹਿਰਾ ਘਾਵ ਲੱਗਾ-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇਸ ਛਡ ਪ੍ਰਦੇਸ-ਰੰਗੂਨ(ਬਰਮਾਂ)ਜਲਾਵਤਨ ਹੋ ਗਏ। ਇਸ ਲਈ ਸਾਡੇ ਵਾਸਤੇ ਅੱਜ ਦਾ ਦਿਨ ਹੋਰ ਭੀ ਮੁਸੀਬਤਾਂ ਭਰਿਆ ਦਿਨ ਹੈ-ਜਿਸ ਦੀ ਯਾਦ ਸਾਡੇ ਦਿਲਾਂ ਅੰਦਰ ਹਮੇਸ਼ ਰਸੌਲੀ ਦੇ ਫੋੜੇ ਵਾਂਗ ਮੱਲੀ ਬੈਠੀ ਹੈ। ਮੇਰਾ ਸੀਸ ਸ਼ਰਧਾ ਨਾਲ ਆਪਣੇ ਅਮਰ-ਸ਼ਹੀਦਾਂ ਦੀ ਯਾਦ ਅੱਗੇ ਝੁਕ ਕੇ -ਵਾਪਸ ਆਉਣ ਲਈ ਕਰਾਰ ਕਰਕੇ ਗਏ ਪ੍ਰੀਤਮ ਜੀ ਦੇ ਚਰਣਾਂ ਵਿਚ ਅਰਦਾਸ ਕਰਦਾ ਹੈ ਕਿ ਸਾਨੂੰ ਭੀ ਆਪਣੇ ਆਤਮਕ ਬਲ ਵਿਚੋਂ ਕੁਝਕ ਬਖਸ਼ ਹੋਵੇ ਤੇ ਦਰਸ਼ਨ ਦੀ ਦਾਤ ਬਖਸ਼ਨ।

ਪ੍ਰਦੇਸੀ ਪੀਆ ਦੀ ਯਾਦ

[ਮਾਸਟ੍ਰ ਅਜੀਤ ਸਿੰਘ ਜੀ ਚੀਮਾਂ

ਸਿਆਲ ਦੀ ਭਰ ਜਵਾਨੀ ਦੇ ਦਿਨ ਇਕ ਇਕ ਕਰਕੇ ਬੀਤ ਗਏ, ਇਸਦਾ ਹਕਾਰਤ ਭਰਿਆ ਬੁਢੇਪਾ ਆਖਰ ਆ ਹੀ ਗਿਆ। ਬਸੰਤ ਨੇ ਸਿਆਲ ਦਾ ਜਨਾਜ਼ਾ ਆਪਣੇ ਕੰਧਿਆਂ ਤੇ ਚੁਕ ਕੇ ਕਿਸੇ ਦੂਰ ਸ਼ਮਸ਼ਾਨ ਭੂਮੀ ਵਿਚ ਜਾ ਰਖਿਆ ਹੈ। ਹਰ ਜੀਵ ਜੰਤੂ ਪਸ਼ੂ ਪੰਛੀ ਤੇ ਕੀੜੇ ਮਕੌੜੇ ਖੁਸ਼ੀ ਭਰੀ ਮਸਤੀ ਵਿਚ ਨਚ ਰਹੇ ਹਨ। ਸਿਆਲਾ ਗਰੀਬਾਂ ਤੇ ਤਾਂ ਖੁਦਾਈ ਕਹਿਰ ਹੀ ਹੋਕੇ ਵੱਸਦਾ ਹੈ। ਅਖ-ਬਾਰਾਂ ਵਿਚ ਰੋਜ਼ ਹੀ ਪੜ੍ਹੀਦਾ ਹੈ ਅੱਜ ਫਲਾਣੇ ਸ਼ਹਿਰ ਤਿੰਨ ਮੰਗਤੇ, ਫਲਾਣੇ ਸ਼ਹਿਰ ਚਾਰ ਮੰਗਤੇ ਪਾਲੇ ਦੀ ਕੁਰਬਾਨ ਗਾਹ ਤੇ ਸ਼ਹਾਦਤ ਪਾ ਗਏ। ਬਸੰਤ ਦੇ ਹੱਥ ਕੁਦਰਤ ਨੇ ਹਕੂਮਤ ਦੇ ਕੇ ਸਿਆਲ ਦੇ ਔਰੰਗਜ਼ਬੀ ਰਾਜ ਤੋਂ ਛੁਟਕਾਰਾ ਦਵਾ ਹੀ ਦਿਤਾ ਹੈ। ਔਹ ਦੇਖੋ, ਸੁਕੇ ਟੁੰਡਾਂ ਨੇ ਪੁਰਾਣੇ ਫਟੇ ਤੇ ਬੋਦੇ ਹੋਏ ਬਸਤਰ ਉਤਾਰਕੇ ਕਾਦਰ ਦਰਜ਼ੀ ਦੀ ਦੁਕਾਨ ਤੇ ਨਵੇਂ ਡਰੈੱਸ ਦਾ ਨਾਪ ਦੇ ਦਿਤਾ ਹੈ। ਇਹ ਕਿੰਨਾ ਸਿਆਣਾ ਦਰਜ਼ੀ ਹੈ, ਗਜ਼ਬ ਦੀ ਹਰੇ ਰੰਗ ਦੇ ਬਸਤਰਾਂ ਦੀ ਫਿਟਿੰਗ ਹੋਈ ਹੋਈ ਹੈ। ਔਹ ਸਰਸੋਂ ਨੂੰ ਨਵਾਂ ਇਸ਼ਕ ਦਾ ਜਜ਼ਬਾ ਫੁਟਿਆ ਜੇ, ਬਸੰਤੀ ਰੰਗ ਦੀ ਚੁੰਨੀ ਅਜੇ ਹੁਣੇ ਹੀ ਲਿਲਾਰੀ ਕੋਲੋਂ ਲਿਆਈ ਜੇ। ਸ਼ਾਇਦ ਇਹ ਵੀ ਕਿਸੇ ਦੂਰ ਬੈਠੇ ਪ੍ਰੀਤਮ ਦੀ ਔਣ ਦੀ ਸੋ ਸੁਣਕੇ ਰੰਗੀਨ ਬਸ-ਤਰਾਂ ਨਾਲ ਆਪਣੇ ਹੁਸਨਸੁਹਪਣ ਵਿਚ ਵਾਧਾ ਕਰ ਰਹੀ ਏ। ਇਸ ਬਸੰਤੀ ਰੰਗ ਦੇ ਬਸਤਰਾਂ ਵਿਚ ਮਬਲੂਸ ਹੋਈਏ ਸਰਸੋਂ! ਤੈਨੂੰ ਇਹ ਲਿਬਾਸ ਮੁਬਾਰਕ ਹੋਵੇ। ਵਿਚਾਰਾ ਘਾਹ ਵੀ ਖੇਤਾਂ ਬੰਨਿਆਂ ਦਾ ਸਿੰਗਾਰ ਲੈਕੇ ਕੋਰੇ ਕੋਲੋਂ ਡਰਦਾ ਸ਼ਿਵਾਂ ਵਾਂਗ ਕਿਸੇ ਪਹਾੜ ਦੀ ਕੰਦਰ ਵਿਚ ਜਾ ਵੜਿਆ ਸੀ। ਆਪਣੀ ਪ੍ਰੀਤਮਾਂ ਬਸੰਤ ਦੀ ਆਮਦ ਦੀ ਸੋ ਸੁਣਕੇ ਮਲਕੜੇ ਮਲਕੜੇ ਫਨੀਅਰ ਸੱਪ ਵਾਂਗ ਸਿਰੀ ਚੁਕਕੇ ਝਿੜਕਾਂ ਲੈ ਰਿਹਾ ਏ। ਇਸਦੇ ਦਿਲ ਦੀਆਂ ਉਮੀਦਾਂ ਵੀ ਸਚੇ ਆਸ਼ਕਾਂ ਵਾਂਗ ਉਭਰ ਉਭਰ ਪੈ ਰਹੀਆਂ ਹਨ। ਇਸਨੂੰ ਕੁਦਰਤ ਦੇ ਰੰਗ ਦਾ ਕੋਈ ਪਤਾ ਨਹੀਂ ਕਿ ਇਹ ਮਿਲਾਪ ਦੀ ਪਿਆਰ ਘੜੀ ਛੇਤੀ ਹੀ ਜੁਦਾਈ ਵਿਚ ਬਦਲ ਸਕਦੀ ਹੈ। ਐ ਬਸੰਤ! ਜਿਥੇ ਤੂੰ ਕਿਸੇ ਨੂੰ ਜੋਬਨ ਦੇਂਦੀ ਹੈਂ, ਕਿਸੇ ਨੂੰ ਹੁਸਨ ਕਿਸੇ ਨੂੰ ਖੁਸ਼ੀ ਤੇ ਕਿਸੇ ਨੂੰ ਨਵੀਆਂ ਉਮੀਦਾਂ ਓਥੇ ਮੇਰੇ ਦਿਲ ਵਿਚ ਕੋਈ ਪੁਰਾਣੀ ਚੰਗਆੜੀ, ਜੇੜੀ ਸਮੇਂ ਦੇ ਬੁਝੇ ਹੋਏ ਅੰਗਿਆਰਾਂ ਵਿਚ ਲੁਕੀ ਹੋਈ ਸੀ, ਉਸ ਨੂੰ ਅੱਜ ਫੇਰ ਤੂੰ ਲੂੰ ਭਬੂਕੇ ਵਾਂਗ ਬਾਲ ਦਿੱਤਾ ਹੈ। ਆਹ! ਮੇਰੇ ਪ੍ਰਦੇਸੀ ਪ੍ਰੀਤਮ, ਤੇਰੀ ਅਜ ਵਰ੍ਹੇ ਗੰਢ ਆ ਗਈ ਏ, ਤੈਨੂੰ ੯੯ ਵਰ੍ਹੇ ਹੋ ਗਏ ਹਨ ਪ੍ਰਦੇਸ ਗਿਆਂ! ਮੈਨੂੰ ਅੱਜ ਤੇਰੇ ਬਿਨਾਂ ਏ ਬਸੰਤ ਦੀ ਹਸਰਤਾਂ ਭਰੀ ਜਵਾਨੀ ਡਰਾਉਣੀ ਤੇ ਭਿਆਨਕ ਨਜ਼ਰ ਆ ਰਹੀ ਏ। ਇਸ ਤੇ ਨਵਾਂ ਨਖਾਰ ਆਇਆ ਹੈ, ਪਰ ਮੇਰੇ ਦਿਲ ਦੀ ਕਲੀ ਉਤੇ ਤੇਰੇ ਹਿਜ਼ਰ ਜੁਦਾਈ ਦਾ ਕਕਰ ਪੈ ਰਿਹਾ ਹੈ! ਮੇਰੇ ਨੈਣਾਂ ਕਮਲਿਆਂ ਨੇ ਬੇਮੌਕਾ ਬਰਸਾਤ ਲਾ ਦਿਤੀ ਏ, ਇਹ ਤੇਰਾ ਖੁਸ਼ੀਆਂ ਭਰਿਆ ਜਨਮ ਦਿਨ ਏ, ਪਰ ਮੇਰੇ ਲਈ ਤੇਰੀ ਜੁਦਾਈ ਗਮਾਂ ਦੀ ਬੁਛਾੜ ਏ,

"ਸ਼ਬੇ ਫਰਾਕ ਮੇਂ ਯੂੰ ਦਿਲ ਕਾ ਦਾਗ਼ ਜਲਤਾ ਹੈ,
ਮਕਾਨ ਖਾਲੀ ਮੇਂ ਜੈਸੇ ਚਰਾਗ਼ ਜਲਤਾ ਹੈ।
ਆਂਖ ਪੁਰਨਮ ਹੈ, ਜਿਗਰ ਜਲਤਾ ਹੈ,
ਕਿਆ ਕਿਆਮਤ ਹੈ, ਕਿ ਬਰਸਾਤਮੇ ਗਰ ਜਲਤਾ ਹੈ।

ਬਰਸਾਤ ਸਦੀਆਂ ਤੋਂ ਵਸਦੀ ਆ ਰਹੀ ਏ। ਹੁਣ ਇਸ ਦਾ ਚਾਅ ਪੂਰਾ ਹੋ ਗਿਆਏ, ਪਰ ਚੀਨੀਵਾਲੇ ਪ੍ਰੀਤਮ, ਹੁਣ ਮੇਰੇ ਨੈਣਾਂ'ਚੋਂ ਬਰਸਾਤ ਖਤਮ ਹੋਣ ਵਿਚ ਨਹੀਂ ਆਉਂਦੀ।

ਵਹੁ ਬਰਸੈਂ ਮੇਂ ਕਭੀ ਬਰਸੇਂ,

ਯਹ ਬਰਸੋਂ ਸੇ ਬਰਸਤੀ ਹੈ ।
ਮਜ਼ਾ ਬਰਸਾਤ ਕਾ ਚਾਹੋ ਤੋ ਆਂਖੋਂ ਮੇਂ ਆ ਬੈਠੋ,

ਪ੍ਰੀਤਮ ਜੀ, ਗਜ਼ਬ ਇਸ ਗਲ ਦਾ ਹੈ ਕਿ ਬਰਸਾਤ ਬਰਸਾਂ ਦੀ ਬਰਸ ਰਹੀ ਏ, ਪਰ ਤੇਰੇ ਇਸ ਚਾਤ੍ਰਕ ਦੀ ਪਿਆਸ ਦਿਨ ਬਦਿਨ ਤੇਜ਼ ਹੋ ਰਹੀ ਏ। ਕਈ ਇਹ ਗੱਲ ਕਹਿੰਦੇ ਨੇ,

"ਜੋ ਮਜ਼ਾ ਥਾ ਇੰਤਜ਼ਾਰ ਮੇਂ, ਵਹੁ ਦੇਖਾ ਨ ਵਸਲੇ ਯਾਰਮੇਂ"।ਸਾਬਰ ਨੇ ਇਸ ਨੂੰ ਇਉਂ ਵੀ ਕਿਹਾ ਹੈ, ਇਸ਼ਕ ਦੇ ਹਰ ਪੜਾਂ ਉਤੇ ਜੇ ਵਸਲੇ ਯਾਰ ਮਿਲ ਜਾਏ। ਤੇ ਉਹ ਫਿਰ ਫੈਜ਼ ਕਾਹਦਾ ਏ,

ਜੋ ਹਰ ਇਕ ਵਾਰ ਮਿਲ ਜਾਏ ।
ਮੁਹਬਤ ਪਾਕ ਉਹਦੀ ਏ ਜਿਦ੍ਹਾ ਦਿਲਦਾਰ ਓਹਲੇ ਵੇ
ਉਹ ਕੇਹੜਾ ਨਫਸ ਦਾ ਬੰਦਾ
ਜਿਦਾ ਦਿਲਦਾਰ ਮਿਲ ਜਾਏ।

ਜੇ ਕਿਸੇ ਪਿਆਸੇ ਨੂੰ ਪਾਣੀ ਤੇ ਭੁੱਖੇ ਨੂੰ ਰੋਟੀ ਨ ਮਿਲੇ ਉਸ ਦੀ ਪਿਆਸ਼ ਤੇ ਭੁੱਖ ਨਹੀਂ ਜਾ ਸਕਦੀ। ਜਿਨਾਂ ਚਿਰ ਪਿਆਰਾ ਨ ਮਿਲੇ ਮਨ ਨੂੰ ਪੂਰਨ ਸ਼ਾਂਤੀ ਨਹੀਂ ਮਿਲ ਸਕਦੀ। ਸ੍ਰੀ ਸਤਿ ਗੁਰੂ ਰਾਮ ਸਿੰਘ ਜੀ, ਹੁਣ ਤਾਂ ਸਦੀ ਹੀ ਬੀਤ ਚਲੀ ਏ, ਕੀ ਤੁਹਾਨੂੰ ਆਪਣੀ ਹੱਥੀਂ ਲਾਏ ਇਸ ਬਾਗ ਦਾ ਕਦੀ ਖਿਆਲ ਨਹੀਂ ਆਇਆ? ਕਿਸੇ ਚੀਜ਼ ਦੀ ਮੁਨਿਆਦ ਹੁੰਦੀ ਏ। ਤੇਰੇ ਹੁਕਮ ਨਾਮੇ ਵਿਚ ਆਪਣੇ ਸ਼ਬਦ ਹਨ, ਇਸ ਖਲੜੇ ਦੀ ਢਾਈ ਸੌ ਸਾਲ ਮੁਨਿਆਦ ਹੈ। ਮੈਂ ਇਹ ਗਲ ਕਿਵੇਂ ਮੰਨਾਂ ਕਿ ਏਨੀ ਅਵਸਥਾ ਦਰਗਾਹ ਚੋਂ ਆਈ ਹੋਈ ਵਿਅਕਤੀ ਦੀ ਨਹੀਂ ਹੋ ਸਕਦੀ। ਮੈਂ ਅਜੇ ਕੱਲ ਹੀ ਪੰਚ ਪ੍ਰਮੇਸ਼ਵਰ ਮਿਤੀ ੧੦-੧੨-੬੦ ਦੇ ਪੰਨਾਂ ੧੨ ਤੇ ਇਹ ਖਬਰ ਪੜ੍ਹੀ ਹੈ "ਪਿਛੇ ਰੂਸ ਨੇ ਇਹ ਦਾਵਾ ਕੀਤਾ ਸੀ ਕਿ ਦੁਨੀਆਂ ਭਰ ਵਿਚ ਇਕ ਵੱਡੀ ਉਮਰ ਦਾ ਆਦਮੀ ਜਿਸ ਦੀ ਉਮਰ ਡੇਢ ਸੌ ਸਾਲ ਦੀ ਦਸੀ ਗਈ ਹੈ। ਪਰ ਇਹ ਇਕ ਤਾਜ਼ਾ ਇਤਲਾਹ ਹੈ ਕਿ ਪਾਕਸਤਾਨ ਦੇ ਕਬਾਇਲੀ ਇਲਾਕਾ ਤੀਰਾਹ ਵਿਚ ਇਕ ਸ਼ਖਸ ਤਿੰਨ ਸੌ ਸਾਲ ਦੀ ਉਮਰ ਦਾ ਹੈ। ਦਸਿਆ ਗਿਆ ਹੈ ਕਿ ਡੇਢ ਸੌ ਸਾਲ ਹੋਇਆ ਉਹ ਸ਼ਖਸ ਹਿੰਦੋਸਤਾਨ ਵਿਚੋਂ ਤੀਰਾਹ ਆਇਆ ਸੀ ਤੇ ਇਹ ਇਕ ਪੂਜੀ ਹੋਈ ਹਸਤੀ ਹੈ। ਕੱਦ ਮਧਰਾ ਤੇ ਜੁਸਾ ਛੀਟਕਾ ਮਾੜੂਆ ਜੇਹਾ ਹੈ ਤੇ ਏਸੇ ਤੋਂ ਉਹਨਾਂ ਨੂੰ 'ਨਿਰਲੇ ਮਲੰਗ' ਅਰਥਾਤ ਦੁਬਲਾ ਫਕੀਰ ਆਖਿਆ ਜਾਂਦਾ ਹੈ।" ਜੇ ਇਸ ਸਾਇੰਸ ਦੇ ਯੁਗ ਵਿਚ ਦੁਨਿਆਵੀ ਬੰਦਿਆਂ ਦੀ ਏਨੀ ਦੀਰਘ ਆਯੂ ਹੋ ਸਕਦੀ ਹੈ ਤਾਂ ਕੀ ਮੇਰੇ ਚੀਨੀ ਅਸਵਾਰ ਦੀ ਏਨ੍ਹੀ ਆਯੂ ਹੋਣੀ ਕੋਈ ਅਸੰਭਵ ਹੈ? ਨਹੀਂ। ਚਲੋ ਇਸ ਉਦਾਹਰਨ ਨੂੰ ਵੀ ਕੋਈ ਨ ਮੰਨੇ ਤਾਂ ਕੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਬਾਰਕ ਬਚਨਾਂ ਤੋਂ ਕੋਈ ਮੁਨਕਰ ਹੋ ਸਕਦਾ ਹੈ? ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਿਹਾ ਕਰਦੇ ਸਨ। ਜਿਹੜਾ ਇਹ ਗੱਲ ਨਹੀਂ ਮੰਨਦਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਹੀਂ ਆਉਣਾ ਉਹ ਨਾਮਧਾਰੀ ਅਖਵਾਉਣ ਦਾ ਹੱਕ ਦਾਰ ਨਹੀਂ। ਚੀਨੀ ਵਾਲੇ ਪੀਆ, ਅਟੱਲ ਪ੍ਰਤਾਪੀ ਨੇ ਤੇਰੇ ਨਵਿਤ ਜੋ ਕੁਝ ਕੀਤਾ ਹੈ, ਤੁਸੀ ਉਨ੍ਹਾਂ ਦੀ ਇਸ ਘਾਲਣਾ ਨੂੰ ਮੱਦੇ ਨਜ਼ਰ ਰੱਖਕੇ ਆਉਣ ਦੀ ਕ੍ਰਿਪਾਲਤਾ ਕਰੋ। ਏਨੇ ਪਾਠ ਵਰਨੀਆਂ ਹੋਮ ਯੱਗ ਤੇ ਭਜਨ ਬੰਦਗੀ ਆਪ ਨਮਿਤ ਹੋ ਚੁਕੇ ਹਨ ਹੁਣ ਆਪ ਨੂੰ ਕੋਈ ਰੁਕਾਵਟ ਨਹੀਂ। ਮੇਰਾ ਦੇਸ਼ ਹੁਣ ਅਜ਼ਾਦ ਏ, ਕੌਣ ਨਹੀਂ ਜਾਣਦਾ ਤੁਸਾਂ ਅਜ਼ਾਦੀ ਵੇਖਣ ਲਈ ਆਪਣਾ ਸਭ ਕੁਝ ਅਜ਼ਾਦੀ ਦੇ ਹਵਨ ਯੱਗ ਵਿਚ ਆਹੂਤੀ ਦੀ ਥਾਂ ਪਾ ਦਿਤਾ ਸੀ। ਮਲੇਰ ਕੋਟਲੇ ਦਾ ਖੂਨੀ ਸਾਕਾ ਇਤਹਾਸ ਦੇ ਵਰਕਿਆਂ ਵਿਚ ਅੰਕਿਤ ਹੋ ਚੁਕਾ ਹੈ। ਰਾਏ ਕੋਟ ਤੇ ਅੰਮ੍ਰਿਤਸਰ ਦੇਸ਼ ਪਿਆਰ ਦੀ ਸ਼ਮਾਂ ਵਿਚ ਕੁਰਬਾਨ ਹੋਏ ਪ੍ਰਵਾਨਿਆ ਦੀਆਂ ਆਤਮਾਂ ਆਪ ਨੂੰ ਪੁਕਾਰ ਪੁਕਾਰ ਕੇ ਕਹਿ ਰਹੀਆਂ ਹਨ "ਚੀਨੀ ਵਾਲੇ, ਇਕ ਵਾਰ ਦੇਹ ਕਰਕੇ ਦਰਸ਼ਨ ਦਿਓ। ਭਾਰਤ ਨੂੰ ਆਜ਼ਾਦੀ ਤਾਂ ਮਿਲ ਚੁਕੀ ਹੈ ਆਪ ਦੀਆਂ ਕੁਰਬਾਨੀਆਂ ਸਦਕਾ, ਅਜ਼ਾਦ ਦੇਸ ਦੀ ਅਜ਼ਾਦ ਪਾਉਣ ਵਿਚ ਅਜੇ ਪੁਰਾਣੇ ਜ਼ਿਹਰਾਂ ਦੀ ਮਿਲਾਵਟ

ਹੈ ਤੁਹਾਡੇ ਹੱਲ ਕਰਨ ਵਾਲੇ ਮਸਲੇ ਅਜੇ ਉਸੇਤਰਾਂ ਹੀ ਹਨ। ਖੇਸ਼ ਪ੍ਰਵਰੀ,ਕੁਨਬਾ ਪ੍ਰਵਰੀ, ਰਿਸ਼ਵਤ ਬਲੈਕ ਤੇ ਚੋਰ ਬਾਜ਼ਾਰੀ ਨੂੰ ਅਜੇ ਖਤਮ ਕਰਨਾ ਹੈ। ਸਰਮਾਏਦਾਰ ਗਰੀਬ ਮਜ਼ਦੂਰਾਂ ਦੇ ਖ਼ੂਨ ਦੀ ਮਹਿੰਦੀ ਅਜੇ ਆਪਣੇ ਹੱਥਾਂ ਨੂੰ ਲਾ ਰਹੇ ਹਨ। ਪ੍ਰਾਇਆ ਹੱਕ ਬੂਰੀ ਮੱਝ ਦੀਆਂ ਧਾਰਾਂ ਸਮਝਿਆ ਜਾ ਰਿਹਾ ਏ। ਪਿਆਰ ਮੁਹੱਬਤ ਤੇ ਮਿਲਨਸਾਰੀ ਇਨਸਾਨ ਛਡ ਬੈਠੇ ਹਨ। ਬੰਦੇ ਨੂੰ ਬੰਦਾ ਨਹੀਂ ਸਮਝਿਆ ਜਾ ਰਿਹਾ।। ਈਰਖਾ ਨਿੰਦਿਆ ਸਾੜਾ ਤੇ ਚੁਗਲੀ ਨੇ ਆਪਣੇ ਪੈਰ ਪੱਕੇ ਕੀਤੇ ਹੋਏ ਹਨ। ਆ ਕੇ ਵੇਖ ਤੇ ਸਹੀ ਭੈਣੀ ਭੂੰਦੜ, ਭੈਣੀ ਸਾਹਿਬ ਬਣੀ ਹੋਈ ਏ, ਕੁਪਾਂ ਵਾਲਾ ਟੋਭਾ ਰਾਮਸਰ ਬਣਿਆ ਹੋਇਆ ਏ, ਪ੍ਰੰਤੂ ਪਰ ਅਜੇਹੀ ਅਵਸਥਾ ਵੀ ਉਭਰ ਰਹੀਏ ਕਿ ਹੁਣ ਆਪ ਦੇ ਆਉਣ ਦੀ ਆਵਸ਼ਕਤਾ ਦਿਨ ਬਦਿਨ ਵਧ ਰਹੀ ਏ। ਮੇਰੀ ਅਰਦਾਸ ਹੈ ਕਿ ਦਰਸ਼ਨ ਦਿਓ। ਇਹ ਪੁਰਾਣੀ ਰਵਾਇਤ ਹੈ ਕਿ ਤੁਸੀਂ ਸੇਵਕਾਂ ਦੀ ਅਰਦਾਸ ਸੁਣਦੇ ਆਏ ਹੋ,ਪਛਮੀ ਵਿਦਵਾਨ ਟੈਨੀਸਨ ਵੀ ਤਸਦੀਕ ਕਰ ਰਿਹਾ ਹੈ :

"More things are wrought by prayer than this world dreems of"

ਏਦੂੰ ਵਧ ਚੀਜ਼ਾਂ ਅਰਦਾਸ ਨਾਲ ਕੀਤੀਆਂ ਜਾ ਸਕਦੀਆਂ ਹਨ ਜਿਨੀਆਂ ਕਿ ਦੁਨੀਆਂ ਖਾਬ ਲੈ ਸਕਦੀ ਹੈ। ਸੋ ਪਾਤਸ਼ਾਹ ਜੀ ਮੇਰੇ ਦਿਲ ਦੀ ਡੂੰਘੀ ਤਹਿ ਵਿਚੋਂ ਇਹ ਅਰਦਾਸ ਹੈ ਕੇ ਦਰਸ਼ਨ ਦੀ ਦਾਤ ਦਿਓ। ਕਦੀ ਕਦੀ ਆਪ ਦੇ ਆਉਣ ਦੇ ਝੌਲੇ ਪੈਂਦੇ ਹਨ। ਕਦੀ ਕਿਸੇ ਮਹਾਂ ਪੁਰਖ ਤੋਂ ਸੁਣੀਂਦਾ ਹੈ ਤੇ ਕਦੇ ਕਿਸੇ ਕੋਲੋਂ ਕਿ ਆਪ ਆ ਰਹੇ ਹੋ, ਪਰ ਪਤਾ ਨਹੀਂ ਉਨਾਂ ਦੇ ਦਿਲ ਚੋਂ ਸੱਚੀ ਆਵਾਜ਼ ਨਹੀਂ ਆਉਂਦੀ ਜਾ ਆਪ ਲਾਰਾ ਲਾਕੇ ਇਹ ਪ੍ਰੋਗਰਾਮ ਤਬਦੀਲ ਕਰ ਲੈਂਦੇ ਹੋ। ਕੋਈ ਚੀਜ਼ ਹੱਦ ਤੋਂ ਵੱਧ ਜਾਏ ਤਾਂ ਉਹ ਠੀਕ ਨਹੀਂ ਹੁੰਦੀ। ਸ੍ਰੀ ਰਾਮ ਚੰਦਰ ਜੀ ਨੇ ਚੌਦਾਂ ਸਾਲ ਦਾ ਲਾਰਾ ਲਾਇਆ ਸੀ ਪਰ ਆਪ ਨੂੰ ਗਿਆਂ ਛੇ ਚੌਦੇ ਬੀਤਨ ਲਗੇ ਹਨ। ਆਪ ਦੀ ਯਾਦ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ "ਪੀਆ ਮਿਲਨ ਦੀ ਆਸ" ਤੇ "ਘਰ ਨਹੀਂ ਆਵੇ" ਆਸਾ ਜੀ ਦੀ ਵਾਰ ਤੋਂ ਪਿਛੋਂ ਆਪਣੀ ਮੁਬਾਰਕ ਰਸਨਾਂ ਤੋਂਪੜ੍ਹਿਆਕਰਦੇ ਸਨ ਤਾਂ ਆਪ ਸੱਚੀਮੁਚੀ ਦੀਵਾਨ ਵਿਚ ਹਾਜ਼ਰ ਪ੍ਰਤੀਤ ਹੋਇਆ ਕਰਦੇ ਸੋ।

ਆਹ, ਹੁਣ ਉਹ ਵੀ ਮੇਰਾ ਅਟੱਲ ਪ੍ਰਤਾਪੀ ਸਾਨੂੰ ਛੱਡ ਕੇ ਚਲਾ ਗਿਆ ਹੈ ਜਿਸ ਮੇਰੀ ਕਲਮ ਨੂੰ ਤਾਕਤ ਬਖਸ਼ੀ ਹੈ, ਮੈਨੂੰ ਕਵਿਤਾ ਲਿਖਣ ਦਾ ਢੰਗ ਬਖਿਸ਼ਆ ਹੈ। ਉਸ ਦੀ ਕ੍ਰਿਪਾ ਨਾਲ ਆਪ ਦੀ ਯਾਦ ਪ੍ਰੀਤਮ ਜੀ ਘੜੀ ਮੁੜੀ ਆਉਂਦੀ ਹੈ। ਆਪਦੀ ਵਰ੍ਹੇਗੰਢ ਨੇ ਪੁਰਾਣੇ ਅਲੇ ਹੋਏ ਜੁਦਾਈ ਦੇ ਜਖਮਾਂ ਉਤੇ ਫੇਰ ਨਸ਼ਤਰ ਫੇਰ ਦਿਤੀ ਹੈ। ਕਹਿੰਦੇ ਹਨ ਹਨੂੰਮਾਨ ਨੇ ਛਾਤੀ ਪਾੜੀ ਤਾਂ ਵਿਚੋਂਰਾਮ ਦੀ ਅਵਾਜ਼ ਆਉਂਦੀ ਸੀ ਪਰ ਮੇਰੇ ਰੋਮ ਰੋਮ ਵਿਚੋਂ ਆਪਦਾ ਨਾਮ ਨਿਕਲ ਰਿਹਾ ਹੈ। ਅਸੀਂ ਆਪਦੇ ਹੀ ਹਾਂ, ਚੰਗੇ ਹਾਂ ਮੰਦੇ ਹਾਂ ਆਪਦੇ ਹੀ ਹਾਂ, "ਮੰਦਾ ਕੂਤਾ ਖਸਮੇ ਗਾਲ" ਸੋ ਆਪ ਸਾਨੂੰ ਆਪਣੇ ਚਰਨਾਂ ਦੇ ਭੌਰੇ ਬਣਾਈ ਰਖੋ। ਸਾਡਾ ਸਿਦਕ ਤੇ ਭਰੋਸਾ ਕਾਇਮ ਰਖੋ। ਮੈਂ ਜਿੰਨਾਂ ਚਿਰ ਜ਼ਿੰਦਗੀ ਦੇ ਸਫਰ ਨੂੰ ਪੂਰਾ ਕਰਨ ਦਾ ਯਤਨ ਕਰਨਾ ਹੈ ਓਨਾ ਚਿਰ ਆਪਦੇ ਅਫ਼ਸਾਨੇ ਹੀ ਯਾਦ ਆਉਣਗੇ:

ਜੀਏਂਗੇ ਜਬ ਤਕ ਤੇਰੇ ਅਫਸਾਨੇ ਯਾਦ ਆਏਂ ਗੇ।
ਕਸਕ ਬਣ ਕਰ ਮੁਹਬਤ ਕੇ ਤਰਾਨੇ ਯਾਦ ਆਏਂ ਗੇ।
ਮੁਝੇ ਤੋ ਜਬ ਤਕ ਜੀਨਾਂ ਹੈ ਤੇਰੀ ਯਾਦੋਂ ਮੇਂ ਜੀਣਾ ਹੈ
ਤੁਝੇ ਭੀ ਕਿਆ ਕਭੀ ਗੁਜ਼ਰੇ ਜ਼ਮਾਨੇ ਯਾਦ ਆਏਂਗੇ ?
ਜਬ ਗੂੰਜੇ ਗੀ ਸ਼ਹਿਨਾਈ ਤੋ ਲੇਗਾ ਦਰਦ ਅੰਗੜਾਈ
ਹਜ਼ਾਰੋਂ ਗ਼ਮ ਤੇਰੇ ਗ਼ਮ ਕੇ ਬਹਾਨੇ ਯਾਦ ਆਏਂਗੇ।

ਤੇਰੀ ਹੈ ਅਨੋਖੜੀ ਸ਼ਾਨ ਸਤਿਗੁਰ

(ਸ੍ਰੀ ਰਾਮ ਚੰਦ ਜੀ "ਠਾਕਰ" ਲੁਹਾਰਾਂ)

ਸੇਵਕ ਆਖਦਾ ਜੋੜ ਕੇ ਹੱਥ ਦੋਵੇਂ,
ਮੇਰੇ ਵਲ ਕਰੋ ਜਰਾ ਧਿਆਨ ਸਤਿਗੁਰ।
ਦਇਆ ਕਰੋ ਮੁਝ ਆਜਜ਼ ਮਸਕੀਨ ਉਤੇ,
ਬਾਲਕ ਤੇਰਾ ਹਾਂ ਕਰੋ ਕਲਿਆਨ ਸਤਿਗੁਰ।
ਨਈਆ ਅਟਕੀ ਹੈ ਵਿਚ ਮੰਝਧਾਰ ਮੇਰੀ,
ਕਰੋ ਮਿਹਰਬਾਨੀ ਮਿਹਰਬਾਨ ਸਤਿਗੁਰ।
'ਠਾਕਰ' ਚਰਨਾਂ ਤੇ ਸੀਸ ਨਿਵਾ ਆਖੇ,
ਤੇਰੀ ਹੈ ਅਨੋਖੜੀ ਸ਼ਾਨ ਸਤਿਗੁਰ।
ਬਖਸ਼ ਦਿਓ ਮੇਰੇ ਜੀ ਗੁਨਾਹ ਸਾਰੇ,
ਮੈਂ ਪਾਪੀ ਤੂੰ ਬਖਸ਼ਨ ਹਾਰ ਸਤਿਗੁਰ।
ਤੇਰੇ ਬਾਝ ਨਾ ਰਿਹਾ ਹੈ ਕੋਈ ਦਰਦੀ,
ਢੂੰਡ ਆਇਆ ਮੈਂ ਸਭ ਸੰਸਾਰ ਸਤਿਗੁਰ।
ਆਇਆ ਦਰ ਤੇਰੇ ਗੁਨਾਹਗਾਰ ਹਾਂ ਮੈਂ,
ਮੇਰੇ ਅਉਗੁਣਾਂ ਨੂੰ ਨਾ ਚਿਤਾਰ ਸਤਿਗੁਰ।
'ਠਾਕਰ' ਚਰਨਾਂ ਤੇ ਸੀਸ ਨਿਵਾ ਆਖੇ,
ਮੈਨੂੰ ਤਾਰ ਦੇਵੋ ਤਾਰਨਹਾਰ ਸਤਿਗੁਰ।

ਲੜ ਲਗਿਆਂ ਨੂੰ ਬੰਨੇਂ ਚਾਹੜ ਦੇ ਆ !

[ਗੁਰਦਿਆਲ ਸਿੰਘ ਜੀ ਦਰਦੀ ਪਿੰਡ ਪਵਾਰ

ਕਦੀ ਆ ਆਕੇ ਅਖੀਂ ਵੇਖ ਤਾਂ ਸਹੀ ਇਕ ਵਾਰ ਸਾਂਈਆਂ ਲਾਈਆਂ ਵਾੜੀਆਂ ਨੂੰ।
ਹਰਿਆ ਤੇਰੇ ਪਰਤਾਪ ਨੇ ਫੇਰ ਕੀਤਾ ਸ਼ਾਖਾਂ ਸੁਕੀਆਂ ਖਿਜ਼ਾਂ ਉਜਾੜੀਆਂ ਨੂੰ।
ਵਾਂਗ ਢੀਗਰਾਂ ਚਮਨ ਬਰਬਾਦ ਸਨ ਜੋ ਮੁੜਕੇ ਫੁਲ ਲਗੇ ਉਹਨਾਂ ਝਾੜੀਆਂ ਨੂੰ।
ਐਪਰ ਕੰਤ ਬਿਨ ਕਾਹਦੀ ਬਸੰਤ ਵੇ ਅੱਜ ਸਾਰਾ ਦੇਸ ਸੁੰਞਾਂ ਦਿਸੇ ਲਾੜੀਆਂ ਨੂੰ।
'ਦਰਦੀ' ਨਹੀਂ ਸਵਰਗ ਦੀ ਚਾਹ ਕੋਈ ਮੈਲ ਦੂਈ ਦਵੈਤ ਦੀ ਝਾੜ ਦੇ ਆ।
ਚੀਨੀ ਵਾਲਿਆ ਏਹੋ ਅਰਦਾਸ ਸਾਡੀ ਲੜ ਲਗਿਆਂ ਨੂੰ ਬੰਨੇਂ ਚਾਹੜ ਦੇ ਆ।

ਮਾਨਵਤਾ ਦਾ ਫਖਰ ਬਾਬਾ ਰਾਮ ਸਿੰਘ

[ਸ੍ਰ: ਅਮਰ ਸਿੰਘ ਜੀ ਦੁਸਾਂਝ

ਸ੍ਰੀ ਦੁਸਾਂਝ ਜੀ ਰੋਜ਼ਾਨਾ 'ਅਕਾਲੀ ਪਤ੍ਰਿਕਾ' ਜਲੰਧਰ ਦੇ ਵਿਦਵਾਨ ਸੰਪਾਦਕ ਹਨ। ਵਿਸ਼ਾਲ ਦਿਲ ਵਕਤਾ ਤੇ ਜਜ਼ਬੇ ਜਗਾਊ ਲੇਖਕ ਹਨ। ਆਪ ਉਹਨਾਂ ਕਦਰਦਾਨਾਂ ਚੋਂ ਹਨ ਜੋ ਆਪਣੇ ਬਿਗਾਨੇ ਨੂੰ ਉਸਦੇ ਗੁਣਾਂ ਤੋਂ ਜਾਂਚਦੇ ਹਨ। ਸਾਡੇ ਲਈ ਲਿਖੇ ਇਸ ਲੇਖ ਵਿਚੋਂ ਆਪ ਨੂੰ ਸ੍ਰੀ ਜੀ ਦੀ ਆਤਮਾ ਦਾ ਝਲਕਾਰਾ ਮਿਲੇਗਾ। ਲੇਖ ਵਿਚ ਦੂੰਹ ਗੱਲਾਂ ਨਾਲ ਅਸੀਂ ਸਹਿਮਤ ਨਹੀਂ। ਪਹਿਲੀ ਕਿ ਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਕਿਸੇ ਇਸਤ੍ਰੀ ਨੂੰ ਅੰਮ੍ਰਿਤ ਛਕਾਇਆ ਗਿਆ। ਇਤਹਾਸ ਏਸ ਤਥ ਦੀ ਗਵਾਹੀ ਨਹੀਂ ਦਿੰਦੇ। ਦੂਜੇ ਕਿ "ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਦੇ ਰੂਬਰੂ" ਦਾ ਮਤਲਬ, ਗੈਰ ਨਾਮਧਾਰੀ ਸਿਖਾਂ ਵਾਲੇ ਅੱਜ ਕੱਲ ਦੇ ਵਿਆਹ ਢੰਗ ਦਾ ਹੋਵੇ। ਸਤਿਗੁਰੂ ਰਾਮ ਸਿੰਘ ਜੀ ਨੇ ਬ੍ਰਾਹਮਣੀ ਵਿਆਹਾਂ ਤੋਂ ਉਲਟ, ਗ੍ਰੰਥ ਸਾਹਿਬ ਜੀ ਤੋਂ ਲਾਵਾਂ ਨਾਲ, ਗੁਰਬਾਣੀ ਦੇ ਪਾਠ ਨਾਲ ਕੀਤੇ ਹਵਨ-ਕੁੰਡ ਦੁਆਲੇ ਵੇਦੀ ਹੇਠ, ਸਾਧ ਸੰਗਤ ਦੇ ਰੂਬਰੂ ਅਨੰਦ ਕਰਨ ਦੀ ਪ੍ਰਪਾਟੀ ਪਾਈ। [ਸੰਪਾਦਕ

੧੮੧੬ ਦੀ ਬਸੰਤ ਪੰਚਮੀ ਦੀ ਸੁਹਾਵਨੀ ਤੇ ਪਿਆਰੀ ਰੁੱਤ ਸੀ! ਸਰ੍ਹੋਂ ਦੇ ਫੁਲਾਂ ਨੇ ਮੁਟਿਆਰ ਕੁਦਰਤ ਦੇ ਮੋਢਿਆਂ ਤੇ ਪੀਲੇ ਰੰਗ ਦੀ ਫੁਲਕਾਰੀ ਵਲ੍ਹੇਟੀ ਹੋਈ ਸੀ ਜਿਸਨੂੰ ਤੱਕ ਕੇ ਫਰਿਸ਼ਤੇ ਭੀ ਇਸ ਦੇ ਅਲੌਕਿਕ ਹੁਸਨ ਨੂੰ ਨਮਸਕਾਰ ਕਰਨ ਲਈ ਉਤਾਵਲੇ ਸਨ, ਭੈਣੀ ਇਕ ਨਿੱਕਾ ਜਿਹਾ ਪਿੰਡ ਹੈ ਜ਼ਿਲਾ ਲੁਧਿਆਨਾਂ ਵਿੱਚ - ਇੱਥੇ ਮਿਹਨਤ ਕਸ਼ ਘਰਾਣੇ ਵਿਚ ਬਾਬਾ ਰਾਮ ਸਿੰਘ ਨੇ ਜਨਮ ਲੀਤਾ, ਇਸ ਬਾਲਕ ਨੇ ਸੰਜਮ ਭਜਨ ਤੇ ਬੀਰਤਾ ਤਿੰਨਾਂ ਦੀ ਦਾਤ ਝੋਲੀ ਵਿਚ ਪਾਕੇ ਪੰਜਾਬ ਦੀ ਆਤਮਾਂ ਨੂੰ ਵੰਗਾਰਿਆ, ਇਸ ਨੇ ਕਿਹਾ, ਇਹ ਪੰਥ ਸੰਤ-ਸਿਪਾਹੀਆਂ ਦਾ ਹੈ- ਸਰਬੰਸ ਵਾਰਕੇ ਇਸ ਨਿਰਮਲ ਪੰਥ ਦੀ ਨੀਂਹ ਰੱਖੀ ਗਈ। ਇਸ ਲਈ ਇਸਦੀ ਕਥਨੀ ਤੇ ਕਰਨੀ ਉਜਲ ਤੇ ਸ੍ਵੱਛ ਹੋਣੀ ਚਾਹੀਦੀ ਹੈ। ਆਪ ਨੇ ਨਾਮਧਾਰੀ ਪੰਥ ਨੂੰ ਹੇਠ ਲਿਖੀ ਮਰਯਾਦਾ ਤੇ ਤੁਰਨ ਦੀ ਤਾਕੀਦ ਕੀਤੀ :-

(੧) ਚਾਹ ਨਹੀਂ ਪੀਣੀ, ਸ਼ਰਦਾਈ ਬਾਦਾਮਾਂ ਵਾਲੀ ਛਕਣੀ।

(੨) ਸ਼ਰਾਬ ਨਾਲ ਪ੍ਰੀਤ ਨਹੀਂ ਕਰਨੀ ਹਾਂ ਨਾਮ ਦੀ ਸ਼ਰਾਬ ਦੇ ਜਾਮ ਭਰ ਭਰਕੇ ਪੀਣੇ! ਜਦੋਂ ਖਲਕਤ ਘੂਕ ਸੁਤੀ ਹੋਵੇ ਤਾਂ ਅਕਾਲ-ਪੁਰਖ ਦਾ ਸਿਮਰਨ ਕਰਨਾਂ ਤੇ ਉਸਦੀ ਮਿੱਠੀ ਗੋਦ ਦੀ ਅਨੰਦ ਮਾਨਣਾਂ।

(੩) ਰੋਜ਼ਾਨਾਂ ਕੇਸੀ ਇਸ਼ਨਾਨ ਕਰਨਾਂ ਤੇ ਗੁਰਮਖੀ ਦਸਤਾਰ ਸਜਾਕੇ ਸੰਸਾਰ ਵਿਚ ਵਿਚਰਨਾਂ!

ਸਿੱਖੀ ਦਾ ਪ੍ਰਮੁਖ ਚਿੰਨ੍ਹ ਕੇਸ਼ ਹਨ-ਜਿਸ ਸਿੱਖ ਦੇ ਸਿਰ ਵਿਚ ਜੂੰਆਂ ਤੇ ਮੈਲ ਹੈ ਉਹ ਕੇਸ਼ਾਂ ਦੀ ਫਿਲਾਸਫੀ ਨੂੰ ਨਹੀਂ ਸਮਝਦਾ ਅਤੇ ਸਿਖੀ ਦੀ ਖੁਲ੍ਹਮ ਖੁਲਾ ਹੱਤਕ ਕਰਦਾ ਹੈ।

(੪) ਤ੍ਰਹੌਲੇ ਦਾ ਕੜਾਹ ਪ੍ਰਸ਼ਾਦ ਅਤੇ ਲੰਗਰ ਸ਼ੁਧ ਘਿਉ ਨਾਲ ਤਿਆਰ ਕੀਤਾ ਜਾਵੇ। ਤ੍ਰਏ ਕੌਲੀਆਂ ਵਾਲੇ ਬਾਲ ਨਾਮਧਾਰੀਆਂ ਵਿਚ ਘਟ ਪ੍ਰਚੱਲਤ ਹਨ- ਬਾਬਾ ਦਰਬਾਰਾ ਸਿੰਘ ਜੀ ਜਦੋਂ ਮਹਾਰਾਜ ਰਾਮ ਸਿੰਘ ਜੀ ਨੂੰ ਰੰਗੂਨ ਮਿਲਕੇ ਆਏ ਤਾਂ ਉਥੇ ਹੋਰ ਬਚਨਾਂ ਤੋਂ ਛੁਟ ਇਹ ਬਚਨ ਭੀ

ਕੀਤਾ ਕਿ ਭੈਣੀ ਸਾਹਿਬ ਵਿਖੇ ਮੋਟਾ ਪ੍ਰਸ਼ਾਦਾ ਤੇ ਕਰੜਾ ਦਾਲਾ ਵਰਤਾਇਆ ਜਾਏ। ਇਸ ਅਨੁਸਾਰ ਅਜ ਤਕ ਦਾਲਾ ਤਾਂ ਕਰੜਾ ਹੀ ਵਰਤਦਾ ਹੈ ਪ੍ਰੰਤੂ ਗੜਵੇ ਨਾਲ ਤਤਾ ਕੀਤਾ ਹੋਇਆ ਘਿਓ ਜਦੋਂ ਲੰਗਰ ਦਾ ਜਥੇਦਾਰ ਧਾਰ ਬੰਨ੍ਹ ਕੇ ਪ੍ਰੇਮ ਨਾਲ ਪਾਉਂਦਾ ਹੈ ਤਾਂਧੰਨਯ ਨਾਮਧਾਰੀ ਲੰਗਰ ਦੇ ਸ਼ਬਦ ਆਮੁਹਾਰੇ ਹੀ ਮੁਖ ਤੋਂ ਨਿਕਲਦੇ ਹਨ ।

(੫) ਨਾਮਧਾਰੀ ਖੱਦਰ ਦੇ ਵਿਸ਼ਵਾਸੀ ਧਾਰਨੀ ਹਨ। ਵਰਤਮਾਨ ਸਮੇ ਦੋ ਪ੍ਰਕਾਰ ਦੇ ਖੱਦਰ ਪੋਸ਼ ਹਨ ਇਕ ਉਹ, ਜੋ ਇਸਨੂੰ ਸਾਧਨ ਬਣਾਕੇ ਕੋਟੇ ਤੇ ਪਰਮਿਟ ਬਟੋਰਦੇ ਫਿਰਦੇ ਹਨ ਦੂਜੇ ਉਹ, ਜਿਨ੍ਹਾਂ ਦਾ ਨਿਸਚਾ ਹੈ ਕਿ ਖਦਰ ਦੀ ਹੌਸਲਾ ਅਫਜ਼ਾਈ ਨਾਲ ਸਾਦਗੀ ਭੀ ਰਹਿੰਦੀ ਹੈ ਅਤੇ ਬੁਣੇ ਤੇ ਕਿਰਤੀ ਜੁਲਾ-ਹਿਆਂ ਦਾ ਰੋਜ਼ਗਾਰ ਵੀ ਚਲਦਾ ਹੈ। ਨਾਮਧਾਰੀ ਕੋਟੇ ਪ੍ਰਾਪਤ ਕਰਨ ਵਾਲਾ ਵਹੀਰ ਨਹੀਂ ਇਹ ਪੰਜਾਬ ਦੀ ਇਕਾਨਮੀ ਦੇ ਨੁਕਤਾ ਖਿਆਲ ਨਾਲ ਸ਼ੁਧ ਖਦਰ ਦੀ ਵਰਤੋਂ ਕਰਦੇ ਹਨ।

(੬) ਇਸਤ੍ਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਰਸਮ ਬਾਬਾ ਰਾਮ ਸਿੰਘ ਦੇ ਸਮੇ ਤੋਂ ਪਹਿਲਾਂ ਸਿਖਾਂ ਵਿਚ ਘੱਟ ਸੀ ਜੇ ਸੀ ਭੀ ਤਾਂ ਇਸ ਉਤੇ ਫਖਰ ਤੇ ਅਭਿਮਾਨ ਨਹੀਂ ਸੀ ਕੀਤਾ ਜਾਂਦਾ। ਬਾਬਾ ਜੀ ਨੇ ਇਸਦੀ ਪ੍ਰਪਾਟੀ ਚਲਾਕੇ ਇਸ-ਤ੍ਰੀਆਂ ਨੂੰ ਉਹੀ ਸਮਾਨਤਾ ਸਿਖ ਸਮਾਜ ਵਿਚ ਪਰ-ਦਾਨ ਕੀਤੀ ਜਿਸਦੀਆਂ ਇਹ ਪਾਤ੍ਰ ਹਨ ।

(੭) ਸਿਖਾਂ ਵਿਚ ਆਮ ਰਿਵਾਜ ਵੇਦੀ ਦਾ ਵਿਆਹ ਦਾ ਸੀ। ਜਿਸ ਵਿਚ ਬ੍ਰਾਹਮਣ ਕਰਤਾ ਧਰਤਾ ਹੁੰਦਾ ਸੀ। ਮਹਾਰਾਜ ਰਾਮ ਸਿੰਘ ਨੇ ਹੋਕਾ ਦੇ ਕੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਦੇ ਰੂਬਰੂ ਅਨੰਦ ਕਾਰਜ ਹੋਣ ਚਾਹੀਦਾ ਹੈ।

ਅਨੰਦ ਕਾਰਜ ਅਜ ਕਲ ਫਿਰ ਮਹਿੰਗੇ ਹੋ ਰਹੇ ਹਨ। ਉਸਦਾ ਕਾਰਨ ਇਹ ਹੈ ਕਿ ਜਿਵੇਂ ਹਿੰਦੂ ਸਮਾਜ ਵਿਚ ਇਕ ਪੰਡਿਤ ਕਲਾਸ ਪੈਦਾ ਹੋ ਗਈ ਸੀ ਇਸੇ ਪ੍ਰਕਾਰ ਸਿਖ ਸਮਾਜ ਵਿਚ ਇਕ ਅਜੇਹੀ ਸ਼੍ਰੇਣੀ ਪੈਦਾ ਹੋ ਗਈ ਹੈ ਜਿਸਨੇ ਧਰਮ ਨੂੰ ਉਪਜੀਵਕਾ ਤੇ ਰੋਜ਼ੀ ਦਾ ਸਾਧਨ ਬਣਾ ਰਖਿਆ ਹੈ। ਨਾਮਧਾਰੀਆਂ ਦੀ ਇਹ ਸਿਫਤ ਹੈ ਕਿ ਅਜ ਭੀ ਸੰਗਤ ਦੇ ਸਾਹਮਣੇ ਕਾਕੇ ਤੇ ਕਾਕੀ ਦਾ ਅਨੰਦ ਕਾਰਜ ਸਵਾ ਰੁਪਏ ਵਿਚ ਕੀਤਾ ਜਾਂਦਾ ਹੈ। ਬਾਲ ਵਿਆਹ ਰੋਕ ਕੇ ਅਤੇ ਵਿਧਵਾ ਵਿਆਹ ਦੀ ਆਗਿਆ ਦੇਕੇ ਇਸਦੇ ਆਗੂਆਂ ਨੇ ਇਸਤ੍ਰੀ ਜ਼ਾਤੀ ਤੇ ਕਾਫੀ ਉਪਕਾਰ ਕੀਤਾ ।

(੮) 'ਨਾ ਮਿਲਵਰਤਨ' ਦੇ ਇਤਿਹਾਸਕ ਸ਼ਬਦ ਬਾਰੇ ਆਮ ਚਰਚਾ ਇਹ ਹੈ ਕਿ ਇਸ ਸ਼ਬਦ ਦੀ ਗਾਂਧੀ ਜੀ ਦੀ ਸਾਬਰਮਤੀ ਫੈਕਟਰੀ ਵਿਚ ਘਾੜਤ ਘੜੀ ਗਈ। ਪ੍ਰੰਤੂ ਭਾਰਤ ਦੇ ਨੇਕ-ਦਿਲ ਪ੍ਰਧਾਨ ਸ੍ਰੀ ਰਾਜਿੰਦਰ ਪ੍ਰਸ਼ਾਦ ਨੇ ੧੯੩੫ ਈਸਵੀ ਵਿਚ ਇਕ ਲੇਖ ਦੁਆਰਾ ਇਹ ਸਵੀਕਾਰ ਕੀਤਾ ਕਿ 'ਨਾਮਿਲਵਰਤਨ' ਦੀ ਕਾਢ ਬਾਬਾ ਰਾਮ ਸਿੰਘ ਦੇ ਦਿਮਾਗ ਵਿਚੋਂ ਨਿਕਲੀ ਤੇ ਉਨ੍ਹਾਂ ਦੀ ਸੰਪ੍ਰ-ਦਾਇ ਨੇ ਇਸ ਉਤੇ ਪੂਰਾ ਪਹਿਰਾ ਦਿਤਾ।

੯. ਗਊ ਤੇ ਗਰੀਬ ਦੀ ਇਹ ਜਮਾਤ ਪਖੀ ਹੈ।

੧੦. ਨਜ਼ਰੀਆ ਵਿਸ਼ਾਲ ਤੇ ਕੌਮਾਂਤਰੀ ਸੀ, ਰੂਸ ਦੀ ਨੀਊਜ਼-ਏਜੰਸੀ ਤਾਸ ਨੇ ਇਹ ਖਬਰ ਪਿਛੇ ਜਿਹੇ ਪ੍ਰਕਾਸ਼ਿਤ ਕਰਾਈ ਸੀ ਕਿ ਬਾਬਾ ਰਾਮ ਸਿੰਘ ਨੇ ਅੰਗ੍ਰੇਜ਼ੀ ਸਾਮਰਾਜ ਨੂੰ ਦੇਸ਼-ਨਿਕਾਲਾ ਦੇਣ ਲਈ ਬਾਬਾ ਗੁਰਚਰਨ ਸਿੰਘ ਨੂੰ ਰੂਸ ਭੇਜਿਆ ਤਾਕਿ ਰੂਸ ਤੇ ਪੰਜਾਬ ਦੇ ਸਾਂਝੇ ਬਲ ਨਾਲ ਅੰਗ੍ਰੇਜ਼ਾਂ ਦਾ ਬੋਰੀਆਬਿਸਤਰਾ ਗੋਲ ਕੀਤਾ ਜਾਏ। ਪੰਜਾਬ ਦੇ ਨਗਰ ਨਗਰ ਤੇ ਗਲੀ ਗਲੀ ਵਿਚ ਇਹ ਗੀਤ ਹਾਲੀ ਤੇ ਵਾਗੀ ਗਾਉਂਦੇ ਫਿਰਦੇ ਹਨ—

ਜਦ ਰੂਸ ਪੰਜਾਬੇ ਆਵੇ।

ਇਹ ਗੀਤ ਨਾਮਧਾਰੀਆਂ ਦੀ ਇਛਾ ਤੇ ਅਧਾ-ਰਿਤ ਪੇਸ਼ੀਨ ਗੋਈ ਦਾ ਸੂਚਿਕ ਹੈ । ਦੱਸਿਆ ਜਾਂਦਾ ਹੈ ਕਿ ਨੈਪਾਲ, ਭੂਟਾਨ ਤੇ ਕਸ਼ਮੀਰ ਨਾਲ ਭੀ ਉਹਨਾਂ ਦਾ ਪੂਰਾ ਤਾਲ ਮੇਲ ਸੀ।

(੧੧) ਇਸ ਸੰਪ੍ਰਦਾਇ ਦੀ ਦੂਰ-ਅੰਦੇਸ਼ੀ

ਸ਼ਲਾਘਾ ਯੋਗ ਹੈ-ਦੇਸ਼ ਦੀ ਵੰਡ ਤੋਂ ਪਹਿਲਾਂ ਸਵ-ਰਗੀਯ ਬਾਬਾ ਪ੍ਰਤਾਪ ਸਿੰਘ ਜੀ ਨੇ ਨਾਮਧਾਰੀਆਂ ਨੂੰ ਇਹ ਇਸ਼ਾਰਾ ਕਰ ਦਿੱਤਾ ਸੀ ਕਿ ਸਰਸੇ ਤੇ ਰਵਾਲਸਰ ਆਦਿ ਸੁਰੱਖਯਤ ਥਾਵਾਂ ਵਿੱਚ ਆ ਕੇ ਵੱਸ ਜਾਣ ਕਿਉਂਕਿ ਅਜਿਹਾ ਘਲੂਘਾਰਾ ਵਾਪ-ਰੇਗਾ ਕਿ ਮਾਵਾਂ ਪੁੱਤ ਨਹੀਂ ਸੰਭਾਲਣਗੀਆਂ ।

(੧੨) ਇਹ ਸੰਪ੍ਰਦਾਇ ਮਰ ਜੀਵੜਿਆ ਦੀ ਹੈ ! ਮਲੇਰ ਕੋਟਲੇ ਦੀ ਰੌੜ ਵਿੱਚ ਜਿਸ ਸੂਰਮਗਤੀ ਨਾਲ ੬੬ ਕੂਕਿਆਂ ਨੇ ਧਰਮ ਹੇਤ ਸੀਸ ਵਾਰੇ, ਇਹ ਰਹਿੰਦੀ ਦੁਨੀਆਂ ਤੱਕ ਸੰਸਾਰ ਦੀ ਇਕ ਵਚਿੱਤਰ ਅਮਰ ਕਹਾਣੀ ਬਣੀ ਰਹੇਗੀ !

(੧੩) ਇਸ ਸੰਪ੍ਰਦਾਇ ਦਾ ਆਦਰਸ਼ ਹਿੰਦੂ ਸਿੱਖ ਏਕਤਾ ਸੀ, ਅੱਜ ਹੈ ! ਤੇ ਭਵਿੱਖਤ ਵਿਚ ਅਜਿਹੀ ਪਾਲਿਸੀ ਧਾਰਨ ਕਰੀ ਰੱਖਣ ਦੀ ਪੂਰੀ ਆਸ ਬਾਬਾ ਜਗਜੀਤ ਸਿੰਘ ਜੀ ਤੋਂ ਕੀਤੀ ਜਾਣੀ ਚਾਹੀਦੀ ਹੈ ।

ਇਸ ਸੰਪ੍ਰਦਾਇ ਦੇ ਹੈਡ-ਕੁਆਰਟਰਜ਼ ਭੈਣੀ ਸਾਹਿਬ ਵਿਚ ਹਨ-ਇੱਥੇ ਕੋਈ ਉਚੀਆਂ ਅਟਾਰੀਆਂ ਤੇ ਆਲੀਸ਼ਾਨ ਇਮਾਰਤਾਂ ਨਹੀਂ ਹਨ, ਕਚੇ ਕੋਠੇ ਤੇ ਸਾਧੂਆਂ ਦੀਆਂ ਝੌਂਪੜੀਆਂ ਹਨ । ਪ੍ਰੰਤੂ ਅਸਾਂ ਤਕਿਆ, ਇਤਿਹਾਸ ਨੇ ਤਕਿਆ, ਤੇ ਇਤਿਹਾਸਕਾਰ ਨੇ ਤਕਿਆ ਕਿ ਨਾਮਧਾਰੀ ਮਾਲਾ ਇੰਨੀ ਸ਼ਕਤੀਸ਼ਾਲੀ ਹੈ ਕਿ ਜ਼ਮਾਨੇ ਦੇ ਝੱਖੜ ਤੇ ਤੂਫਾਨ ਇਸਦਾ ਵਾਲ ਵਿੰਗਾ ਨਹੀਂ ਕਰ ਸਕੇ ।

੧੮੫੭ ਈਸਵੀ ਦੀ ਵੈਸਾਖੀ ਵਾਲੇ ਦਿਨ ਮਹਾਰਾਜ ਰਾਮ ਸਿੰਘ ਨੇ ਨਾਮਧਾਰੀ ਸੰਪ੍ਰਦਾਇ ਦਾ ਪ੍ਰਾਰੰਭ ਕੀਤਾ। ਉਸ ਦਿਨ ਤੋਂ ਲੈਕੇ ੧੯੪੭ ਤੀਕ ਲਗਾਤਾਰ ੯੦ ਸਾਲ ਸ੍ਰੀ ਰਾਬੇਂਦਰ ਨਾਥ ਟੈਗੋਰ ਦੇ ਕਥਨ ਅਨੁਸਾਰ ਵਖੀਆਂ ਦੀਆਂ ਪਸ-ਲੀਆਂ ਬਾਲਕੇ ਕੂਕਿਆਂ ਨੇ ਉਹ ਸ਼ਮ੍ਹਾਂ ਜਲਾਈ ਰਖੀ ਜਿਸਦੇ ਸਿਟੇ ਦੇ ਤੌਰ ਤੇ ਅਮਨ, ਆਜ਼ਾਦੀ, ਜਮਹੂਰੀਅਤ ਤੇ ਸਾਂਝੀਵਾਲਤਾ ਨੂੰ ਨੂਰੀ ਲੋਅ ਤੇ ਰੁਸ਼ਨਾਈ ਪ੍ਰਾਪਤ ਹੋਈ । ਯਾਰੋ, ਕਿੰਨਾ ਕਹਿਰ ਹੈ ਕਿ ੫੦ ਵਰ੍ਹੇ ਪੁਲਸੀ ਚੌਂਕੀ ਭੈਣੀ ਸਾਹਿਬ ਵਿਚ ਬੈਠੀ ਰਹੀ ਤਾਕਿ ਕੂਕਿਆਂ ਦੀਆਂ ਸਰਗਰਮੀਆਂ ਨੂੰ ਸਿਫਰ ਕਰ ਦਿਤਾ ਜਾਵੇ । ਪ੍ਰੰਤੂ:

ਜਿਸਕੇ ਸਿਰਿ ਊਪਰ ਤੂੰ ਸਵਾਮੀ
ਸੋ ਦੁਖ ਕੈਸਾ ਪਾਵੈ ।

ਵਾਲੀ ਈਸ਼ਵਰੀ ਖੇਡ ਵਰਤਣੀ ਸੀ ਸੋ ਵਰਤੀ।

ਅੱਜ ਤੋਂ ੧੪੬ ਵਰਸ਼ ਪੇਸ਼ਤਰ ਮਹਾਰਾਜ ਰਾਮ ਸਿੰਘ ਦਾ ਜਨਮ ਹੋਇਆ, ਤੇ ਅੰਗਰੇਜ਼ ਰੀਕਾ-ਰਡ ਅਨੁਸਾਰ ੧੮੮੫ ਈਸਵੀ ਵਿਚ ਆਪ ਕਾਲ ਵੱਸ ਹੋਏ ।

ਨਾਮਧਾਰੀਆਂ ਦਾ ਇਹ ਧਾਰਮਕ ਨਿਸਚਾ ਹੈ ਕਿ ਆਪ ਸਣਦੇਹ ਅਲੋਪ ਹੋ ਗਏ । ਰੰਗੂਨ ਵਿਚ ਤੇ ਮਰਗੋਈ ਜੇਲ੍ਹ ਵਿਚ ਆਪਨੂੰ ਨਜ਼ਰਬੰਦ ਰਖਿਆ ਗਿਆ । ੧੮੫੭ ਦੇ ਗਦਰ ਦੀ ਅਸਫਲਤਾ ਕਾਰਨ ਭਾਰਤ ਦੇ ਆਖਰੀ ਬਾਦਸ਼ਾਹ ਬਹਾਦਰਸ਼ਾਹ ਜ਼ਫਰ ਨੂੰ ਰੰਗੂਨ ਵਿਚ ਕੈਦ ਰਹਿਣਾ ਪਿਆ । ਇਸ ਕਵੀ ਬਾਦਸ਼ਾਹ ਨੇ ਅਤਿ ਨਿਰਾਸਤਾ ਵਿਚ ਇਹ ਸ਼ੇਅਰ ਲਿਖਿਆ:

ਬਸ ਜ਼ਫਰ ਅਬ ਹੋ ਚੁਕੀ
ਹੈ ਤੇਗ ਹਿੰਦੁਸਤਾਨ ਕੀ।

ਉਪ੍ਰੰਤ ਬਾਬਾ ਰਾਮ ਸਿੰਘ ਨੇ ਚੜ੍ਹਦੀ ਕਲਾ ਵਿਚ ਇਥੇ ਨਜ਼ਰਬੰਦੀ ਦੇ ਦਿਨ ਬਤੀਤ ਕੀਤੇ ।

ਅੱਜ ਉਨ੍ਹਾਂ ਦੇ ਜਨਮ ਦਿਨ ਉਤੇ ਅਸੀਂ ਭਾਰਤ ਤੇ ਪੰਜਾਬ ਸਰਕਾਰ ਨੂੰ ਹੇਠ ਲਿਖੇ ਮਸ਼ਵਰੇ ਦੇਣੇ ਜ਼ਰੂਰੀ ਖਿਆਲ ਕਰਦੇ ਹਾਂ:

ੳ. ਬਾਬਾ ਰਾਮ ਸਿੰਘ ਜੀ ਦੀ ਸ਼ਾਨ ਦੇ ਲਾਇਕ ਉਨ੍ਹਾਂ ਦੀ ਅਦੁਤੀ ਯਾਦਗਾਰ ਬਣਾਈ ਜਾਵੇ ।

ਅ. ਜਿਨ੍ਹਾਂ ੬੬ ਕੂਕਿਆਂ ਨੇ ਤੋਪਾਂ ਦੇ ਸਾਹਮਣੇ ਹੱਸ ਹੱਸ ਸ਼ਹੀਦੀਆਂ ਪਾਈਆਂ ਉਨ੍ਹਾਂ ਦੀ ਯਾਦ ਵਜੋਂ ਕੋਈ ਅਜੇਹੀ (Institution) ਖੋਲੀ ਜਾਵੇ ਜਿਸਤੋਂ ਨੌਜਵਾਨ ਨਸਲ ਪ੍ਰੇਰਿਤ ਤੇ ਪ੍ਰਭਾਵਤ ਹੋ ਸਕੇ ।

ਬਾਰ੍ਹਵਾਂ ਨਾਨਕ

[ਵਾਰੰਟ ਔਫੀਸਰ ਪਿਆਰਾ ਸਿੰਘ ਜੀ ਵਿਰਦੀ ਫੀਲਡ ਪੋਸਟ ਮਾਸਟਰ

ਇਕ ਤੋਂ ਬਾਦ ਦੂਜਾ, ਦੂਜੇ ਤੋਂ ਬਾਦ ਤੀਜਾ ਨਾਨਕ ਭਾਵ ਦਸਵੇਂ ਨਾਨਕ ਤਕ ਆਪਣੇ ਆਪਣੇ ਸਮੇਂ ਲਗਾ ਤਾਰ ਕਲਿਜਗੀ ਜੀਵਾਂ ਨੂੰ ਨਾਮ ਸਿਮਰਨ ਕਰਾਂਉਂਦੇ ਰਹੇ ਤੇ ਮਨਾਂ ਤੋਂ ਰੱਬ ਦੀ ਹੋਂਦ ਭੁਲਣ ਨਾ ਦਿਤੀ। ਦਸਵੇਂ ਨਾਨਕ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸੋਚਿਆ ਕਿ ਕਿਨਾ ਕੁ ਚਿਰ ਇਸ ਕਲਿਜੁਗ ਦੇ ਜੀਵਾਂ ਨੂੰ ਹਾਲੀ ਵਾਂਗ ਹਿਕਦੇ ਰਹਾਂ ਗੇ। ਕੀ ਇਹ ਬਿਨਾਂ ਰਹਿਬਰ ਤੋਂ ਅਗੇ ਚਲ ਸਕਦੇ ਹਨ, ਕਿ ਪੰਜਾਬੀ ਕਹਾਵਤ "ਖੇਤੀ ਖਸਮਾਂ ਸੇਤੀ" ਸਚੀ ਹੈ। ਆਪ ਨੇ (ਦਸਵੇਂ ਨਾਨਕ) ਸਿਖਾਂ ਨੂੰ ਇਕ ਪਰਚਾ ਪਾਇਆ, ਵੇਖਣ ਵਾਸਤੇ ਕਿ ਬਿਨਾਂ ਗੁਰੂ ਤੋਂ ਸਿਖੀ ਕਿਸਤਰਾਂ ਚਲੇ ਗੀ। ਸੰਨ ੧੭੦੮ ਈਸਵੀ ਨੂੰ ਆਪ ਨੇ ਸਿਖਾਂ ਨੂੰ ਗੋਰਖ ਧੰਦੇ ਵਿਚ ਪਾ ਕੇ ਆਪ ਅਲੋਪ ਹੋ ਕੇ ਆਪਣੀ ਸਿਖੀ ਦੀ ਹਾਲਤ ਵੇਖਦੇ ਰਹੇ। ਜਿਆਦਾ ਦੇਰ ਆਪ ਨਾਭੇ ਦੇ ਇਲਾਕੇ ਵਿਚ ਸ੍ਰੀ ਅਜਾਪਾਲ ਸਿੰਘ ਜੀ ਦੇ ਨਾਮ ਨਾਲ ਸਤਿਕਾਰੇ ਜਾਂਦੇ ਰਹੇ। ਸਦੀ ਪੌਣੀ ਸਦੀ ਆਪ ਨੇ ਅਲੋਪ ਰਹਿ ਕੇ ਸਿਖੀ ਦੇ ਕਈ ਰੰਗ ਪਲਟਦੇ ਵੇਖੇ। ਗਿਆਨੀ ਗਿਆਨ ਸਿੰਘ ਜੀ ਦੀ ਜ਼ਬਾਨੀ ਉਸ ਵੇਲੇ ਦੀ ਸਿਖੀ ਦੀ ਇਹ ਦਸ਼ਾ ਸੀ।

ਕਬਿਤ-

ਔਰੈਂ ਰੀਤ ਔਰੈਂ ਮੀਤ ਔਰੈਂ ਪ੍ਰਤੀਤ ਪ੍ਰੀਤਿ
ਖਾਨ ਪਹਿਰਾਨ ਗਯਾਨ ਮਾਨ ਔਰੈਂ ਜਨਕੇ।
ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ ਅੱਛੇਂ,
ਕੱਛੇਂ ਤਜ ਗਏ ਧੋਤੀ ਸੁਬੂ ਤੰਗ ਤਨਕੇ।
ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ,
ਜਿਨੈਂ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।
ਸਿਖੀ ਦਸ਼ਮੇਸ਼ ਕੀ ਸੁ ਕੀਆ ਪਰਵੇਸ਼ ਕੀ,
ਅਸਿੱਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੈ।

ਜਦੋਂ ਸਿਖ ਪੰਥ ਦੀ ਇਹੋ ਜਹੀ ਹਾਲਤ ਹੋ ਗਈ ਬੇ ਸ਼ੁਮਾਰ ਪਾਪ ਅਤੇ ਉਪਦਰਵ ਹੋਣ ਲਗੇ, ਤੇ ਸਿਖੀ ਦੀ ਲਹਿਲਹਾਂਦੀ ਹੋਈ ਫੁਲਵਾੜੀ ਮੁਰਝਾਉਣ ਲਗੀ ਤਾਂ ਅਲੋਪ ਹੋਇ ਸਤਿਗੁਰੂ ਨੇ ਦੇਖਿਆ ਇਹ ਸਿਖੀ ਜੀਂਦੇ ਜਾਗਦੇ ਸਤਿਗੁਰੂ ਦੇ ਡੰਡੇ ਤੋਂ ਬਿਨਾ ਨਹੀਂ ਚਲ ਸਕਦੀ। ਤੇ ਅਲੋਪ ਰਹਿਣ ਵਿਚ ਕੋਈ ਫਾਇਦਾ ਨਹੀਂ, ਹੁਣ ਜ਼ਾਹਰ ਹੋਣਾ ਚਾਹੀਦਾ ਹੈ ਕਿਸੇ ਦੂਸਰੇ ਰੂਪ ਵਿਚ। ਆਪ ਦੇ ਖਿਆਲ ਗੁਰੂ ਪਰਤਾਪ ਸੂਰਜ ਵਿਚ ਇਸ ਤਰਾਂ ਲਿਖੇ ਹਨ।

ਬੇਰ ਗਿਆਰਵੀਂ ਹਮ ਚਲ ਆਵਹਿਂ।
ਤਿਸਤੇ ਕੋਇ ਕ ਹਮ ਲਖ ਪਾਵਹਿਂ।
ਪੰਥ ਖਾਲਸਾ ਖੇਤੀ ਮੇਰੀ।

ੲ. ਨਾਮਧਾਰੀ ਲਹਿਰ ਦਾ ਇਤਿਹਾਸ ਕਿਸੇ ਚੰਗੇ ਲੇਖਕ ਤੋਂ ਅੰਕਿਤ ਕਰਾਇਆ ਜਾਵੇ।

ਇਸਦੇ ਆਗੂ ਆਦਰਨੀਜ ਬਾਬਾ ਜਗਜੀਤ ਸਿੰਘ ਪ੍ਰਤੀ ਪ੍ਰਾਰਥਨਾ ਹੈ ਕਿ ਦਿਆਲਬਾਗ ਵਾਂਗ ਕੋਈ ਇੰਡਸਟਰੀ ਚਾਲੂ ਕਰਨ ਵੱਲ ਤੁਵੱਜਾ ਦੇਣ, ਤਾਕਿ ਗਰੀਬ ਬਚੇ ਨਾਮ ਸਿਮਰਨ ਦੇ ਨਾਲ ਨਾਲ ਉਦਰ-ਪੂਰਨਾ ਭੀ ਕਰ ਸਕਣ।

ਅੰਤ ਵਿਚ ਅਸੀਂ ਮਾਨਵ ਜਾਤੀ ਨੂੰ ਵਧਾਈ ਪੇਸ਼ ਕਰਦੇ ਹਾਂ, ਜਿਸਨੇ ਬਾਬਾ ਰਾਮ ਸਿੰਘ ਦੇ ਰੂਪ ਵਿਚ ਇਕ ਫਖਰ ਯੋਗ ਵਿਯਕਤੀ ਨੂੰ ਪ੍ਰਗਟ ਕੀਤਾ।

ਕਰਹੁੰ ਸੰਭਾਲਣ ਮੈਂ ਤਿਸ ਬੇਰੀ ।

ਸਤਿਗੁਰੂ ਨੂੰ ਸਿਖੀ ਨਾਲ ਕਿੰਨਾ ਪਿਆਰ ਹੈ। ਚੋਲੇ ਬਦਲ ਬਦਲ ਕੇ ਦੁਨਿਆਵੀ ਜੀਵਾਂ ਦੀ ਸਾਰ ਲੈਂਦਾ ਹੈ। ਪੰਥ ਖਾਲਸੇ ਦੀ ਮੁਰਝਾਈ ਹੋਈ ਆਨ ਤੇ ਸ਼ਾਨ ਨੂੰ ਸਰ ਸਬਜ ਕਰਨ ਵਾਸਤੇ ਆਪ ਨੇ ਗਿਆਰਵੇਂ ਨਾਨਕ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਦੇਕੇ ਕਿਹਾ ਕਿ ਇਸ ਸਿਖੀ ਦੀ ਸ਼ਾਨ ਨੂੰ ਉਚਿਆਂ ਕਰਨ ਵਾਸਤੇ ਫੇਰ ਕਲਿਜੁਗ ਵਿਚ ਬਾਰ੍ਹਵੇਂ ਰੂਪ ਵਿਚ "ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੋ" (ਗੁਰੂ) ਰਾਮ ਸਿੰਘ ਦੇ ਅਵਤਾਰ ਵਿਚ ਪਰਵੇਸ਼ ਕਰਾਂਗਾ । "ਮੈਂ ਫੇਰ ਕਰੇਂਗਾ ਖਾਲਸਾ ਵਸੇ ਵਿਚ ਪੰਜਾਬ।" ਆਪਣੀ ਪਿਆਰੀ ਸਿਖੀ ਨੂੰ ਮੁੜ ਉਜਾਗਰ ਤੇ ਸਰ ਸਬਜ ਕਰਨ ਵਾਸਤੇ ਬਾਰ੍ਹਵੇਂ ਨਾਨਕ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਰੂਪ ਵਿਚ ਇਸ ਕਲਜੁਗੀ ਧਰਤੀ ਤੇ ਆਪਣੇ ਮਹਾਂ ਵਾਕ "ਸਾਰਾ ਕਲਜੁਗ ਭੋਗਸੀ ਨਾਨਕ ਧਰ ਅਵਤਾਰ।" ਨੂੰ ਪੂਰਾ ਕਰਨ ਵਾਸਤੇ ਤੇ ਕਲਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਪੰਜਾਬ ਦੀ ਪਵਿਤਰ ਧਰਤੀ ਸ੍ਰੀ ਭੈਣੀ ਸਾਹਿਬ (ਜਿਲਾ ਲੁਧਿਆਨਾ) ਵਿਖੇ ਪਿਤਾ ਜਸਾ ਸਿੰਘ ਜੀ ਦੇ ਘਰ ਸੰਮਤ ੧੮੭੨ ਬਿਕਰਮੀ ਤਿਥਿ ਮਾਘ ਸੁਦੀ ਪੰਚਮੀ ਵਾਲੀ ਰਾਤ ਅੰਮ੍ਰਿਤ ਵੇਲੇ ਪਰਵੇਸ਼ ਕੀਤਾ।

ਸੰਨ ੧੮੫੭ ਦੀ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਬਾਰ੍ਹਵੇਂ ਨਾਨਕ ਨੇ ਫਿਰ ਨਵੇਂ ਸਿਰੇ ਮਰੀ ਹੋਈ ਸਿਖੀ ਨੂੰ ਅਮਰ ਕਰਨ ਵਾਸਤੇ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਨਾਲ ਹੀ ਨਾਮ ਰੂਪੀ ਜਸ ਦੇ ਛਿਟੇ ਦੇਕੇ ਕਾਂਇਆਂ ਪਲਟ ਦਿਤੀ। ਪਹਿਲੇ ਪੰਜ ਸਿੰਘ ਜਿਨਾਂ ਨੂੰ ਦਾਤ ਸਤਿਗੁਰਾਂ ਪਾਸੋਂ ਮਿਲੀ ਉਹ ਇਹ ਹਨ:

੧. ਭਾਈ ਕਾਹਨ ਸਿੰਘ ਜੀ ਨਿਹੰਗ ਪਿੰਡ ਚੱਕ ਰਿਆਸਤ ਮਲੇਰ ਕੋਟਲਾ।

੨. ਭਾਈ ਲਾਭ ਸਿੰਘ ਰਾਗੀ ਅੰਮ੍ਰਿਤਸਰ।

੩. ਭਾਈ ਲਹਿਣਾ ਸਿੰਘ ਪਿੰਡ ਵਰਿਆਂਹ, ਜਿਲਾ ਅੰਮ੍ਰਿਤਸਰ।

੪. ਭਾਈ ਆਤਮਾ ਸਿੰਘ ਪਿੰਡ ਆਲੇ ਮੁਹਾਰ, ਜਿਲਾ ਸਿਆਲਕੋਟ।

੫. ਭਾਈ ਸੁਧ ਸਿੰਘ ਪਿੰਡ ਦੁਰਗਾਪੁਰ, ਜਿਲਾ ਜਲੰਧਰ।

ਫਿਰ ਹੋਰ ਬਹੁਤ ਸਾਰੇ ਸਿੰਘਾਂ ਨੇ ਅੰਮ੍ਰਿਤ ਛਕਿਆ । ਅੰਮ੍ਰਿਤ ਛਕਾਉਣ ਤੋਂ ਉਪਰੰਤ ਜੋ ਆਪਨੇ ਧਰਮ ਪਰਚਾਰ ਕਰਕੇ ਨਾਮਨਾ ਖਟਿਆ ਉਸ ਸੰਬੰਧੀ ਪ੍ਰਸਿਧ ਵਿਦਵਾਨ ਸ੍ਰੀਮਾਨ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਰਚਿਤ ਗਰੰਥ ਪੰਥ ਪ੍ਰਕਾਸ਼ ਵਿਚ ਇਉਂ ਦਸਿਆ ਹੈ:

ਪਾਇ ਇਹ ਹੁਕਮ ਪਰਮੇਸ਼ ਕਾ ਵਸ਼ੇਸ਼ ਫਿਰ
ਰਾਮ ਮਿਰਗੇਸ਼ ਉਪਦੇਸ਼ ਦੇਣ ਲਾਗਯੋ।
ਫੈਲਿਓ ਜਸਭਾਰੀ ਸਿਖ ਥੀਏ ਤਾਹਿੰਕੇ ਅਪਾਰੀ
ਸਿੰਘ ਪੰਥ ਬਿਰਧਾਨੋ ਨਾਮ ਰਸ ਪਾਗਯੋ।
ਹੁਕੇ ਛੁਡਵਾਏ ਰਖਵਾਏ ਕੇਸ ਮੋਨਿਓਂ ਕੇ
ਸੁਧਾ ਛਕ ਥਾਏ ਸਿੰਘ ਭਾਗ ਜਿਨੈ ਜਾਗਯੋ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ
ਠਗੀ ਤਜ ਥੀਏ ਸੰਤ ਸਤਿਜੁਗ ਆ ਗਯੋ।

ਆਪਦੇ ਸੁਨਹਿਰੀ ਅਸੂਲਾਂ ਨੂੰ ਵੇਖਕੇ ਬਹੁਤ ਸਾਰੇ ਮੁਸਲਮਾਨ ਵੀ ਨਾਮਧਾਰੀ ਸੰਪਰਦਾ ਵਿਚ ਸ਼ਾਮਲ ਹੋ ਗਏ । ਮੋਲਵੀ ਗੁਲਾਮ ਭੀਖ ਜਲੰਧਰੀ ਆਪਣੀ ਉਰਦੂ ਦੀ ਅਨਛਪੀ ਪੁਸਤਕ ਤਾਰੀਖ ਵਾਕਰੀ ਵਿਚ ਲਿਖਦਾ ਹੈ:

"ਨਾਨਕ ਸ਼ਾਹ ਕੀ ਤਰ੍ਹਾਂ (ਗੁਰੂ) ਰਾਮ ਸਿੰਘ ਭੀ ਹਰ ਕੌਮ ਔਰ ਹਰ ਜਾਤ ਕੇ ਆਦਮੀ ਕੋ ਆਪਣੇ ਮਜ਼ਬ ਵਾ ਫਿਰਕੇ ਮੇਂ ਮਿਲਾ ਲੇਤਾ ਰਹਾ। ਮੁਸਲਮਾਨੋਂ ਕੋ ਵੀ ਕੂਕਾ ਕਰ ਲੇਤਾ ਹੈ।............ ਅਕਾਇਦ ਉਨ ਕੇ ਸਾਫ ਔਰ ਆਸਾਨ ਹੈਂ। ਗੁਰੂ ਗੋਬਿੰਦ ਸਿੰਘ ਕੋ ਆਪਣਾ ਦੇਵਤਾ ਮਾਨਤੇ ਹੈਂ। ਹਰ ਕਿਸਮ ਕੀ ਬੁਰਾਈ ਕੋ ਗੁਨਾਹ ਜਾਨਤੇ ਹੈਂ। ਚੋਰੀ ਜ਼ਨਾਕਾਰੀ, ਸ਼ਰਾਬਖੋਰੀ ਔਰ ਕੁਲ ਮੁਸਕਰਾਤੇ ਫਸਾਦ, ਗੋਸ਼ਤ ਔਰ ਝੂਟ ਉਨ ਕੇ ਕਤਈ ਗੁਨਾਹ ਹੈਂ। ਜੋ ਕੋਈ ਕੂਕਾ ਹੋਤਾ ਹੈ, ਔਰ ਫਿਰ

ਮਜ਼ਬ ਅਖਤਿਆਰ ਕਰਤਾ ਹੈ ਉਸਕੇ ਊਪਰ ਅਤਾ-ਇਤ ਗੁਰੂ ਕੀ, ਔਰ ਪਾਬੰਦੀ ਅਕਾਇਦ ਕੀ ਔਰ ਸ਼ਫਾਕਾਜੀ ਔਰ ਜਾਨਫਸ਼ਾਨੀ ਜਬਰਨ ਲਾਜਮੀ ਕਰਾਤੇ ਹੈਂ। ਬੜਾ ਮਕੂਲਾ ਉਨਕਾ ਯਿਹ ਹੈ 'ਮਰਨਾ ਕਬੂਲ ਕਰੋ, ਜੀਨੇ ਕੀ ਖਾਹਸ਼ ਛੋੜੋ, ਆਪਣੇ ਆਪਕੋ ਖਾਕ ਸਮਝੋ, ਤਬ ਕੂਕਾ ਬਨੋ।'... ਉਨਕੋ ਤਮਾਮ ਉਮਰ ਨੇਕੀ ਔਰ ਨੇਕ ਚਲਨੀ ਕੀ ਤਾਕੀਦ ਕੀ ਜਾਤੀ ਹੈ। ਕੂਕਾ ਕੇ ਫਿਰਕਾ ਮੇਂ ਕਿਸੀ ਨੇ ਮੱਕਾਰ ਔਰ ਬਦ-ਇਖਲਾਕ ਕਮ ਦੇਖਾ ਹੋਗਾ। ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕਰ ਮਾਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ। ਗਾਉਂ ਕੇ ਗਾਉਂ ਔਰ ਮੌਜ਼ਿਆ ਕੇ ਮੌਜ਼ਿਆ ਕੂਕੇ ਹੋ ਗਏ।"

ਸਰਦਾਰ ਕਪੂਰ ਸਿੰਘ ਜੀ ਆਈ. ਸੀ. ਐਸ. ਆਪਣੀ ਪੁਸਤਕ ਸਪਤਸ੍ਰਿੰਗ ਵਿਚ ਲਿਖਦੇ ਹਨ:

"ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ (ਗੁਰੂ) ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ, ਜਿੰਨਾਂ ਨੇ ਸਮਾਜ ਵਿਚ ਮਰਦ ਤੇ ਇਸਤ੍ਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪਰਚਾਰ ਕੀਤਾ ਤੇ ਆਪਣੇ ਪਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ, ਤਾਂ ਓਹਨਾਂ ਦਾ ਇਕ ਇਹ ਪਰ-ਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾ-ਬਰ ਦੇ ਹਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰਦੇ ਸਰੋਮਣੀ ਸੁਧਾਰਕ ਦੀ ਸਫ ਵਿਚ ਖੜਾ ਕਰ ਦਿੰਦਾ ਹੈ।

ਆਪ ਜੀ ਬਾਬਤ ਇਕ ਉਰਦੂ ਦਾ ਲਿਖਾਰੀ ਮੁਨਸ਼ੀ ਕਨ੍ਹੈਯਾ ਲਾਲ ਆਪਣੀ ਪੁਸਤਕ, ਕੁੱਲੀ-ਆਤਿ ਅਲਖਧਾਰੀ ਵਿਚ ਲਿਖਦਾ ਹੈ :

"ਭਾਵੇਂ ਹਜਰਤ ਮਸੀਹ ਤੇ ਭਾਈ (ਗੁਰੂ) ਰਾਮ ਸਿੰਘ ਕੌਮ ਵਿਚ ਬਰਾਬਰ ਅਰਥਾਤ ਜਾਤ ਦੇ ਤਰਖਾਣ ਸਨ ਪਰ (ਗੁਰੂ) ਰਾਮ ਸਿੰਘ ਕੁਝ ਪੜ੍ਹਿਆ ਹੋਇਆ ਵੀ ਸੀ ਅਤੇ ਜਾਦੂ ਬਿਆਨੀ ਰਖਦਾ ਸੀ। ਇਸੇ ਲਈ ਥੋੜੇ ਜਿਹੇ ਸਮੇਂ ਵਿਚ ਹੀ ਉਸ ਨੇ ਹਜਾਰਾਂ ਅੱਛੀ ਕੌਮ ਦੇ ਲੋਕਾਂ ਨੂੰ ਚੇਲੇ ਬਨਾ ਲਿਆ ਸੀ। ਹਜਰਤ ਮਸੀਹ ਨੇ ਮੂੰਹੋਂ ਜਰੂਰ ਕਹਿਆ ਕਿ ਮੈਂ ਯਹੂਦੀਆਂ ਦਾ ਬਾਦਸ਼ਾਹ ਹਾਂ ਅਤੇ ਖੁਦਾ ਦਾ ਬੇਟਾ, ਪਰ ਅਜੇ ਹੱਥ ਤਲਵਾਰ ਦੇ ਕਬਜੇ ਉਤੇ ਨਹੀਂ ਗਿਆ ਸੀ ਕਿ ਰੂਮ ਦੇ ਬਾਦ-ਸ਼ਾਹ ਨੇ ਉਸ ਉਤੇ ਜੁਲਮ ਢਾਹ ਦਿਤਾ। ਇਹੋ ਹਾਲ ਅੰਗਰੇਜ਼ੀ ਰਾਜ ਵਿਚ ਬਾਬਾ (ਗੁਰੂ) ਰਾਮ ਸਿੰਘ ਨਾਲ ਹੋਇਆ।

(ਕੁੱਲੀਆਤਿ ਅਲਖਧਾਰੀ ਤੀਜਾ ਭਾਗ ੧੯੯੦ ਪੰਨਾ ੪੩੯

ਅੰਗਰੇਜ਼ ਚਾਹੇ ਆਪ ਜੀ ਦਾ ਵਿਰੋਧੀ ਸੀ ਪਰ ਜਿਥੇ ਆਪ ਜੀ ਦੀਆਂ ਸਿਫਤਾਂ ਦਾ ਸਵਾਲ ਆਉਂਦਾ ਹੈ ਉਥੇ ਉਸ ਦੀ ਕਲਮ ਦੀ ਨੋਕ ਵੀ ਫਿਦਾ ਹੋ ਜਾਂਦੀ ਹੈ ਤੇ ਹੇਠ ਲਿਖੇ ਹੋਏ ਸ਼ਬਦ ਕਹੇ ਬਗੈਰ ਰਹਿ ਨਹੀਂ ਸਕਦੀ। ਇਹ ਮਿਸਟਰ ਜੇ-ਡਬਲਯੂ- ਮੈਕਲਬ. ਕਮਿਸ਼ਨਰ ਅੰਬਾਲਾ ਦੀ ਆਪਣੀ ਰੀਪੋਰਟ ਹੈ ਜਿਹੜੀ ਉਸ ਨੇ ੫ ਨਵੰਬਰ ੧੮੭੧ ਨੂੰ ਪੰਜਾਬ ਦੇ ਸੈਕਟਰੀ ਨੂੰ ਭੇਜੀ ਹੈ।

"ਉਹ ਇਕ ਅਜਿਹੇ ਪੰਥ ਦਾ ਆਗੂ ਸੀ ਤੇ ਆਪਣੇ ਮੁਭਾ ਅਨੁਸਾਰ ਸਿਖ ਰਾਜ ਨੂੰ [illegible] ਸੁਰਜੀਤ ਕਰਨ ਦੀ ਹੈਸੀਅਤ ਵਿਚ ਅੰਗ[illegible] ਰਾਜ ਦਾ ਵੈਰੀ ਹੈ। ਪਹਿਲਾਂ ਉਸ ਨੂੰ ਸੰਤ [illegible] ਗੁਰੂ ਨਾਨਕ ਦਾ ਰੂਪ ਸਮਝਿਆ ਜਾਂਦਾ ਸੀ [illegible] ਹੁਣ ਉਹ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰ[illegible]ਆ ਜਾਂਦਾ ਹੈ। (ਗੁਰੂ) ਰਾਮ ਸਿੰਘ ਸਧਾਰਨ ਫਕੀਰਾਂ ਦੀ ਹੈਸੀਅਤ ਨਹੀਂ ਰਖਦਾ। ਉਹ ਤੁਹਾਨੂੰ ਅਧੀ ਦਰਜਨ ਅਸਵਾਰਾਂ ਨਾਲ ਮਿਲਦਾ ਹੈ ਅਤੇ ਕਈ ਵੀਹਾਂ ਆਦਮੀ ਉਸਦੇ ਅਗੇ ਪਿਛੇ ਹੁੰਦੇ ਹਨ। ਉਹ ਆਪਣੇ ਸੂਬਿਆਂ ਦੇ ਘੇਰੇ ਵਿਚ ਜਿਨ੍ਹਾਂ ਨੇ ਸੋਹਣੇ ਚਿਟੇ ਬਸਤਰ ਪਹਿਨੇ ਹੁੰਦੇ ਹਨ, ਤੁਹਾਡੇ ਕੈਂਪ ਵਿਚ ਬਾਦਸ਼ਾਹੀ ਠਾਠ ਨਾਲ ਦਾਖਲ ਹੁੰਦਾ ਹੈ।

(ਗੁਰੂ) ਰਾਮ ਸਿੰਘ ਚਲਾਕ ਆਦਮੀਆਂ ਦੇ

ਮਹਾਰਾਜ ਬਾਬਾ ਰਾਮ ਸਿੰਘ ਜੀ ਦਾ

ਅਜ਼ਾਦੀ ਲਹਿਰ ਵਿੱਚ ਹਿੱਸਾ

[ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਕਾ

ਜਿਸ ਨੇ ਅੰਗ੍ਰੇਜ਼ ਦੇ ਖਿਲਾਫ ਭਾਰਤ ਵਿਚ ਸੰਨ ੫੭ ਤੋਂ ਪਿਛੋਂ ਸਭ ਤੋਂ ਪਹਿਲਾਂ ਅਵਾਜ਼ ਪੈਦਾ ਕੀਤੀ; ਉਹ ਮਹਾਂ ਪੁਰਸ਼ "ਸਿਖ" ਸੀ ਜਿਸ ਦਾ ਸ਼ੁਭ ਨਾਉ ਸ੍ਰੀਮਾਨ ੧੦੮ ਗੁਰਮੁਖ ਪਿਆਰੇ ਪੰਥ ਰਤਨ ਮਹਾਰਾਜ ਰਾਮ ਸਿੰਘ ਸਾਹਿਬ ਸੀ। ਮਹਾਰਾਜ ਬਾਬਾ ਰਾਮ ਸਿੰਘ ਜੀ ਨੇ ਦੇਸ ਦੇ ਕਈ ਨਕਸ਼ੇ ਤਕੇ ਸਨ। ਮਿਸਲਾਂ ਦੀ ਹਕੂਮਤ ਤਕੀ; ਪੰਜਾਬ ਤੇ ਚੜ੍ਹਿਆ ਮਹਾਂ ਪ੍ਰਤਾਪ ਵਾਨ ਸੂਰਜ ਮਹਾਰਾਜਾ ਰਣਜੀਤ ਸਿੰਘ ਜੀ 'ਸ਼ੇਰੇ ਪੰਜਾਬ' ਦਾ ਸਿਖ ਰਾਜ ਅੱਖੀਂ ਵੇਖਿਆ; ਅੰਤ ਗਦਾਰ ਡੋਗਰਿਆਂ ਦੀਆਂ ਕਾਰ ਸ਼ੈਤਾਨੀਆਂ ਕਾਰਨ,ਸਿਖਾਂ ਨੂੰ ਗੁਲਾਮੀ ਦੀ ਜ਼ੰਜੀਰ ਪਹਿਨੀ ਬੈਠੇ ਵੇਖਿਆ; ਆਪ ਜੀ ਦੇ ਦਿਲ ਵਿਚ ਸਿਖੀ ਤਥਾ ਗੁਰਮਤਿ ਪਿਆਰ, ਦੇਸ ਭਗਤੀ ਦਾ ਜਜ਼ਬਾ ਅਪਾਰ ਸੀ। ਆਪ ਖਾਲਸਾ ਦਰਬਾਰ ਵਿਚ ਫੌਜੀ ਸਿਪਾਹੀ ਰਹਿ ਚੁਕੇ ਸਨ। ਆਪ ਜੀ ਨੂੰ ਪਤਾ ਸੀ ਦੇਸ ਦੀ ਜ਼ਰਰਾ ੨ ਧਰਤੀਦੀ ਕਦਰ ਦਾ; ਆਪ ਜੀ ਨੇ ਭਾਰਤ ਦੀ ਇੰਚ ੨ ਧਰਤੀ ਬਦਲੇ, ਭਿਆਨਕ ਸੂਹੱਦਾਂ ਉੱਤੇ ਪਹਿਰੇ ਦਿਤੇ ਹੋਏ ਸਨ। ਆਪ ਜੀ ਦੀ ਜ਼ਮੀਰ ਤੜਫ ਉਠੀ ਜਦੋਂ ਲਾਹੌਰ ਦੇ ਕਿਲੇ ਤੇ "ਯੂਨੀਅਨ ਜੈਕ" ਪੌਣ ਉਚੀ ਕਰਕੇ ਫਰਰ ੨ ਕਰਨ ਲਗਿਆ। ਆਪ ਇਸ ਮਹਾਨ ਘਟਨਾ ਨੂੰ ਬਰਦਾਸ਼ਤ ਨ ਕਰ ਸਕੇ; ਆਪ ਜੀ ਨੇ ਇਕ ਜਥਾ ਕਾਇਮ ਕੀਤਾ ਦੇਸ ਭਗਤਾਂ ਦਾ; ਜਿਸ ਨੂੰ ਨਾਏਂਦਿਤਾ "ਨਾਮਧਾਰੀਆਂ" ਦਾ, ਜਥੇ ਨੂੰ ਇਨਕਲਾਬੀ ਹੋਣ ਦੇ ਨਾਤੇ ਆਮ ਲੋਕੀ 'ਕੂਕੇ' ਕਹਿ ਕੇ ਸੰਬੋਧਨ ਕਰਦੇ ਰਹੇ। ਇਨਕਲਾਬੀਆਂ ਲਈ ਅਜੇਹੇ ਲਫਜ਼ ਅਕਸਰ ਹੋਇਆ ਕਰਦੇ ਹਨ।

ਬਾਬਾ ਜੀ ਦੇ ਪ੍ਰਚਾਰ ਦਾ ਏਹ ਅਸਰ ਹੋਇਆ ਕਿ ਪਿੰਡਾਂ ਵਿਚ ਮੁੜ ਅਣਖ ਨੇ ਪਾਸਾ ਪਰਤਿਆ; ਜ਼ਮੀਰ ਨੇ ਆਪਣੇ ਆਪਨੂੰ ਅਨੁਭਵ ਕੀਤਾ; ਸ੍ਵੈ ਸਨਮਾਨਤਾ ਜਾਗ ਉਠੀ ਦੇਸ ਭਗਤੀ ਦੇ ਜਜ਼ਬੇ ਵਿਚ; ਤੇ ਝੂਮ ਉਠਿਆ ਪੁਰਾਣੇ ਦੇਸ ਭਗਤਾਂ ਦਾ ਉਤਾਵਲਾ 'ਮਨ'ਆਪਣੀ ਮਾਤ੍ਰ ਭੂਮੀ ਦੀ ਪ੍ਰੇਮਾਂ ਭਗਤੀ ਵਿਚ; ਅਤੇ ਸਾਰੇਅਕਠੇ ਹੋ ਗਏ ਬਾਬਾ ਰਾਮ ਸਿੰਘ ਜੀ ਦੇ ਭੈਣੀ ਪਿੰਡ ਵਿਖੇ।

ਬਾਬੇ ਆਖਿਆ,ਪਿਆਰਿਓ! ਘਬਰਾਓ ਨਾ, ਉਤਾਵਲੇ ਨ ਹੋਵੋ, ਸਮੇਂ ਦੀ ਇੰਤਜ਼ਾਰ ਕਰੋ, ਅਕਾਲ ਪੁਰਖ ਦਾ ਹੁਕਮ ਉਡੀਕੋ। ਕਈ ਮਹੀਨੇ ਬਾਬਾ ਜੀ ਨੇ ਅਕਾਂਤ ਵਾਸ ਕਰਕੇ, ਗੁਲਾਮੀ ਦੇ ਸੰਗਲ ਕਟਣ ਦੀ ਯੋਜਨਾ ਬਨਾਣ ਵਿਚ ਬਤੀਤ

ਹੱਥਾਂ ਦੀ ਕਠ ਪੁਤਲੀ ਨਹੀਂ ਹੈ। ਜਿਸਨੇ ਉਸਦਾ ਦਰਸ਼ਨ ਕੀਤਾ ਤੇ ਗੱਲਾਂ ਬਾਤਾਂ ਕੀਤੀਆਂ ਹਨ ਉਹ ਉਸਦੀ ਬੁਧੀ ਦੀ ਸਥਿਰਤਾ ਅਤੇ ਆਚਰਨ ਦੀ ਅਡੋਲਤਾ ਨੂੰ ਵੇਖਣ ਤੋਂ ਬਿਨਾ ਨਹੀਂਰਹਿਆ ਹੋਵੇਗਾ। ਆਪਣੇ ਉਤੇ ਕਾਬੂ ਪਾਉਣ ਵਾਲੇ ਇਹ ਵਡੇ ਗੁਣ ਕਿਸੇ ਸਧਾਰਨ ਆਗੂ ਵਿਚ ਨਹੀਂ ਹੋ ਸਕਦੇ।

ਹਿੰਦੂ ਸਿਖ, ਮੁਸਲਮ ਤੇ ਇਸਾਈ ਸਾਰਿਆਂ ਨੇ ਹੀ ਆਪ ਦੇ ਸੰਸਾਰ ਸੁਧਾਰ ਦੇ ਕੰਮਾਂ ਦੀ ਦਾਦ ਦਿਤੀ ਹੈ। ਅੰਗਰੇਜ਼ ਬੇਸ਼ਕ ਵਿਰੋਧੀ ਵੀ ਸੀ ਪਰ ਜਿਥੇ ਆਪ ਦੀਆਂ ਦੇਸ ਹਿਤ ਵਾਸਤੇ ਘਾਲਾਂ ਘਾਲੀਆਂ ਦਾ ਸਵਾਲ ਆਉਂਦਾ ਹੈ ਉਥੇ ਓਹ ਵੀ ਚੁਪ ਨਹੀਂ ਰਹਿ ਸਕਿਆ।

ਕੀਤੇ, ਅੰਤ ਇਸ ਨਤੀਜੇ ਤੇ ਪੁਜੇ, ਕਿ ਜੋ ਅੰਗ੍ਰੇਜ਼ ਦੀ ਸਭੱਯਤਾ ਅਸਾਡੇ ਤੇ ਅਸਰ ਪਾ ਰਹੀ ਹੈ ਉਸਨੂੰ ਦੂਰ ਕੀਤੇ ਬਿਨਾਂ ਸਵਤੰ੍ਤਾ ਦਾ ਆਉਣਾ ਕਠਨ ਹੈ। ਏਹ ਹੇਠ ਲਿਖੇ ਸਾਧਨਾ ਦੁਆਰਾ ਦੂਰ ਕੀਤੀ ਜਾ ਸਕਦੀ ਹੈ।

੧. ਅੰਗ੍ਰੇਜ਼ੀ ਸਕੂਲਾਂ ਦਾ ਬਾਈਕਾਟ।
੨. ਵਿਦੇਸੀ ਕਪੜੇ ਦਾ ਵੀ ਤਿਆਗ।
੩. ਸ੍ਰਕਾਰੀ ਰੇਲਾਂ ਦਾ ਵੀ ਤਿਆਗ।
੪. ਡਾਕ ਖਾਨਿਆਂ ਦਾ ਤਿਆਗ।
੫. ਫੌਜੀ ਤੇ ਸਿਵਲ ਦੇ ਮਹਿਕਮਿਆਂ ਦਾ ਬਾਈਕਾਟ।

ਅਤੇ ਹੋਰ ਕਈ ਅਜੇਹੇ ਸਾਧਨ ਵਰਤੇ ਗਏ, ਜਿਨ੍ਹਾਂ ਕਰਕੇ ਸ੍ਰਕਾਰ ਨਾਲ ਉਕਾ ਹੀ ਨਾ-ਮਿਲਵਰ-ਤਨ ਹੋ ਗਈ।

ਇਨ੍ਹਾਂ ਦੇ ਮੁਕਾਬਲੇ ਵਿਚ ਆਪਣੇ ਨਿਜ ਦੇ ਗੈਰ ਸ੍ਰਕਾਰੀ ਵਿਭਾਗ ਅਸਥਾਪਣ ਕੀਤੇ।

੧. ਸ੍ਰੀ ਭੈਣੀ ਸਾਹਿਬ ਵਿਖੇ ਮੁਖ ਵਿਦਿਆਲਾ ਖੋਲ੍ਹਿਆ ਗਿਆ, ਜਿਸ ਵਿਚ ਗੁਰਮੁਖੀ (ਪੰਜਾਬੀ) ਪੜ੍ਹਾਨ ਦਾ ਪ੍ਰਬੰਧ ਸੀ। ਚੰਗੇ ੨ ਅਧਿਆਪਕ ਇਸ ਸੇਵਾ ਤੇ ਨੀਯਤ ਕੀਤੇ ਹੋਏ ਸਨ। ਇਸੇਤਰ੍ਹਾਂ ਹਰ ਪਿੰਡ ਵਿਚ ਇਕ ੨ ਗ੍ਰੰਥੀ ਗੁਰਮਤ ਪ੍ਰਚਾਰ ਤੇ ਵਿਦਿਆ ਪੜ੍ਹਾਨ ਲਈ ਨੀਯਤ ਕੀਤਾ ਗਿਆ।

੨. ਕਪੜੇ ਦੀ ਕਮੀ ਦੂਰ ਕਰਨ ਵਾਸਤੇ ਖਡੀਆਂ ਦੀ ਉਣਾਈ ਸ਼ੁਰੂ ਕੀਤੀ ਗਈ।

੩. ਰੇਲਾਂ ਦੀ ਬਜਾਏ ਘੋੜੇ ਰਖਣ ਦਾ ਸ਼ੌਂਕ ਪੈਦਾ ਕੀਤਾ ਗਿਆ, ਬਾਬਾ ਜੀ ਦੀ ਆਪਣੀ ਨਿਜ ਦੀ ਸਵਾਰੀ ਵਾਸਤੇ 'ਚੀਨੀ' ਘੋੜੀ ਦਰਸ਼ਨੀਯ ਤੇ ਪ੍ਰਸਿਧ ਸੀ।

੪. ਸ੍ਰਕਾਰੀ ਡਾਕ ਬਜਾਇ ਆਪਣਾ ਵਿਭਾਗ, ਕਾਇਮ ਕੀਤਾ, ਜੋ ਸਾਰੇ ਭਾਰਤ ਵਿਚ ਪੂਰੀ ੨ ਕਾਮਯਾਬੀ ਸਹਿਤ ਥਾਂ ਪ੍ਰਥਾਂ ਡਾਕ ਪਹੁੰਚਾਂਦਾ ਸੀ।

੫. ਸ੍ਰਕਾਰੀ ਕਚਹਿਰੀਆਂ ਦੀ ਬਜਾਏ ਪਿੰਡਾਂ ਵਿਚ ਪੰਚਾਇਤਾਂ ਕਾਇਮ ਕੀਤੀਆਂ।

ਮੈਂ ਏਥੇ ਏਹ ਹੀ ਦਸ ਦੇਣਾਂ ਯੋਗ ਸਮਝਦਾਂ ਹਾਂ, ਕਿ ਅਸਾਂ ਨੂੰ ਉਹਨਾਂ ਸਜਨਾਂ ਦੀ ਇਸ ਆਗਿ-ਆਤ ਭਰੀ ਗਲ ਤੇ ਹਾਸਾ ਆਉਂਦਾ ਹੈ, ਜੇਹੜੇ ਕਹਿੰਦੇ ਹਨ ਸ੍ਵਦੇਸੀ ਵਸਤਾਂ ਦੀ ਮਹਾਨਤਾ ਦਸਕੇ, ਗਾਂਧੀ ਜੀ ਨੇ ਅੰਗ੍ਰੇਜ਼ ਦੀਆਂ ਸਮੂੰਹ ਵਿਦੇਸੀ ਵਸਤਾਂ ਤੇ ਮਹਿਕਮਿਆਂ ਦਾ ਵੀ ਤਿਆਗ ਕੀਤਾ, ਇਸ ਗਲ ਨੂੰ ਉਹ ਬੜਾ ਵਧਾ ਚੜ੍ਹਾਕੇ ਗਾਂਧੀ ਜੀ ਦੇ ਮੌਲਕ ਦਮਾਗ ਦੀ ਕਾਢ ਕਹਿੰਦੇ ਹਨ। ਉਹਨਾਂ ਦੀ ਏਹ ਗਲ ਸੂਰਜ ਨੂੰ ਕਨਾਲੀ ਨਾਲ ਢਕਣ ਵਾਲੀ ਹੈ। ਬਲਕੇ ਮਹਾਤਮਾਂ ਗਾਂਧੀ ਤਾਂ ਮਹਾ-ਰਾਜ ਰਾਮ ਸਿੰਘ ਜੀ ਦੀ ਤਰ੍ਹਾਂ ਪੂਰੀ ੨ ਨਾ-ਮਿਲ-ਵਰਤਨ ਲਹਿਰ ਨੂੰ ਚਲਾ ਹੀ ਨਹੀਂ ਸਕਿਆ, ਉਹ ਸਕੂਲਾਂ ਕਾਲਜਾਂ ਨੂੰ ਉਸੇਤਰ੍ਹਾਂ ਵਰਤਦਾ ਤੇ ਵਰ-ਤਨ ਦੀ ਸਿਖਿਆ ਦਿੰਦਾ ਸੀ। ਰੇਲ ਤੇ ਡਾਕ ਦਾ ਉਹ ਬਾਈਕਾਟ ਨਹੀਂ ਕਰ ਸਕਿਆ, ਸਿਵਲ (ਕਚਹਿਰੀਆਂ) ਵਿਚ ਖੁਦ ਵਕਾਲਤ ਕਰਦਾ ਰਿਹਾ ਹੈ। ਉਸ ਨੂੰ ਮਹਾਨ ਨਾ-ਮਿਲਵਰਤਨੀਆਂ ਕਹਿਣਾ ਠੀਕ ਨਹੀਂ। ਇਸ ਤੋਂ ਬਿਨਾਂ ਬਾਬਾ ਜੀ ਨੇ 'ਆਜ਼ਾਦੀ-ਪ੍ਰਾਪਤੀ' ਵਾਸਤੇ ਇਨਕਲਾਬੀ ਯਤਨ ਕੀਤੇ। ਕਸ਼ਮੀਰ ਦੀ ਰਿਆਸਤ ਜੰਮੂ ਵਿਚ ਫੌਜੀ ਪਲਟਨ ਖੜੀ ਕੀਤੀ, ਨਿਪਾਲ ਵਿਚ ਵੀ ਪ੍ਰਤੀ-ਨਿਧ ਭੇਜੇ ਗਏ, ਕਿ ਨਿਪਾਲ ਸ੍ਰਕਾਰ ਭਾਰਤ ਦੀ ਸ੍ਵਤੰਤ੍ਰਤਾ ਵਿਚ ਸਹਾਇਤਾ ਦੇਵੇ, ਇਸੇ ਉਦੇਸ਼ ਵਾਸਤੇ ਅਮੀਰ ਕਾਬਲ ਨਾਲ ਵੀ ਸਬੰਧ ਕਾਇਮ ਕੀਤੇ ਗਏ। *

ਇਕ ਪ੍ਰਤੀਨਿਧ ਵਫਦ ਰੂਸ ਦੇ ਜ਼ਾਰ ਕੋਲ ਭੇਜਿਆ ਗਿਆ, ਜਿਸ ਦੀ ਅਗਵਾਈ ਭਾਈ ਗੁਰ-ਚਰਨ ਸਿੰਘ ਨਾਮੇਂ ਸਿੰਘ ਨੇ ਕੀਤੀ।

ਬਾਬਾ ਰਾਮ ਸਿੰਘ ਜੀ ਦੇ ਵਫਦ ਦਾ ਰੂਸ ਪੁਜਣ ਦਾ ਪਤਾ ਕੇਂਦਰੀ ਏਸ਼ੀਆ ਦੇ ਮੁਹਾਫਜ਼ ਖਾਨਿਆਂ ਵਿਚੋਂ ਮਿਲੀਆਂ ਦਸਤਾਵੇਜ਼ਾਂ ਤੋਂ ਲਗ ਦਾ ਹੈ। ਦਸਤਾਵੇਜਾਂ ਵਿਚ ਦਸਿਆ ਗਿਆ ਹੈ।

---

* ਸਤਿਜੁਗ ੪ ਫਗਣ ਸੰਮਤ ੨੦੦੪ ਨੰਬਰ ੧੩੪

ਕਿ ੧੯੧੭ ਵਿਚ ਬਾਬਾ ਰਾਮ ਸਿੰਘ ਜੀ ਦੀ ਇਕ ਚਿਠੀ ਲੈਕੇ ਸਿਖ ਏਲਚੀ ਗੁਰਚਰਨ ਸਿੰਘ ਕੇਂਦ੍ਰੀ ਏਸ਼ੀਆ ਦੇ ਰੂਸੀ 'ਗਵਰਨਰ ਜਨਰਲ (ਕਾਫਮੈਨ) ਕੋਲ ਪੁਜਿਆ, (ਇਸ ਵਕਤ) ਅੰਗ੍ਰੇਜ਼ਾਂ ਨੇ ਮਹਾਰਾਜ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਹੋਇਆ ਸੀ ਇਸ ਲਈ ਖਿਆਲ ਕੀਤਾ ਜਾਂਦਾ ਹੈ ਕਿ ਉਹਨਾਂ ਦਾ ਏਲਚੀ ਕੇਂਦ੍ਰੀ ਏਸ਼ੀਆ ਬ੍ਰਹਮਾਂ ਤੋਂ ਹੀ ਆਇਆ ਹੋਵੇਗਾ।

ਏਹ ਚਿਠੀ ਅਸਾਡੇ ਸਮੇਂ ਤਕ ਬਚੀ ਰਹੀ ਹੈ। ਏਹ ਹਿੰਦੁਸਤਾਨੀ ਕਾਗਜ ਉੱਤੇ ਪੰਜਾਬੀ ਵਿਚ ਪੁਰਾਣੀ ਸ਼ਿਕਸਤਾ ਲਿਪੀ ਵਿਚ ਲਿਖੀ ਹੋਈ ਹੈ। ਚਿਠੀ ਵਿਚ ਤਜਵੀਜ ਕੀਤੀ ਹੈ ਕਿ ਰੂਸੀ ਤੇ ਉਹ ਰਲਕੇ ਅੰਗ੍ਰੇਜ਼ਾਂ ਦੇ ਖਿਲਾਫ ਫੌਜੀ ਕਾਰਵਾਈ ਕਰਨ, ਉਹਨਾਂ ਗਵਰਨਰ ਜਨਰਲ ਨੂੰ ਲਿਖਿਆ ਕਿ ਜੇ ਰੂਸੀ ਹਮਲਾ ਕਰਨ, ਤਾਂ ਉਹ ਪੰਜਾਬ 'ਚ ਆਪਣੇ ਸਿਖਾਂ ਨਾਲ ਉਹਨਾਂ ਦੀ ਸਹਾਇਤਾ ਕਰਨਗੇ। ਚਿਠੀ ਵਿਚ ਬਾਬਾ ਰਾਮ ਸਿੰਘ ਜੀ ਨੇ ਉਸ 'ਭਵਿਖ ਬਾਣੀ' ਦਾ ਜ਼ਿਕਰ ਵੀ ਕੀਤਾ ਹੈ। ਜਿਸ ਵਾਰੇ ਕਿਹਾ ਜਾਂਦਾ ਹੈ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ। 'ਅਸੀਂ ਔਰੰਗ ਜੇਬ ਤੋਂ ਅਜ਼ਾਦ ਹੋਵਾਂਗੇ, ਪਰ ਫਰੰਗੀਏ ਅਸਾਡੇ ਖੇਹੜੇ ਪੈ ਜਾਣਗੇ ਫ਼ਿਰ ਉਹ ਲੋਗ ਆਉਣਗੇ ਜਿਨ੍ਹਾਂ ਨੂੰ ਰੂਸੀ ਆਖਦੇ ਹਨ। ਤੇ ਉਹ ਫਰੰਗੀਆਂ ਨੂੰ ਏਥੋਂ ਕਢ ਦੇਣਗੇ। ਸਿਖ ਏਲਚੀ ਨਾਲ ਵੱਡੇ ੨ ਰੂਸੀ ਅਧਕਾਰੀਆਂ ਨੇ ਗਲ ਬਾਤ ਕੀਤੀ, ਏਲਚੀ ਗੁਰਚਰਨ ਸਿੰਘ ਨੇ 'ਭਵਿਖ ਬਾਣੀ' ਅਨੁਸਾਰ ਦਸਿਆ ਕਿ ਹਿੰਦੀਆਂ (ਭਾਰਤੀਆਂ) ਨੂੰ ਪਤਾ ਹੈ ਕਿ ਰੂਸੀਆਂ ਨੂੰ ਹਿੰਦ ਦੀ ਲੋੜ ਨਹੀਂ ਉਹ ਤਾਂ ਸਿਰਫ ਏਥੋਂ ਫਰੰਗੀਆਂ ਨੂੰ ਕਢਣ ਲਈ ਆਉਣਗੇ, ਏਲਚੀ ਨੇ ਏਹ ਵੀ ਆਸ ਪ੍ਰਗਟਾਈ ਕਿ ਪੰਜਾਬ ਦਾ ਰਾਜ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਪੁਤਰ ਮਹਾਰਾਜ ਦਲੀਪ ਸਿੰਘ ਨੂੰ ਦਿਤਾ ਜਾਵੇਗਾ। ਕਿੰਤੂ ਇਸ ਦੇ ਉਤਰ ਵਿਚ ਰੂਸੀ ਗਵਰਨਰ ਜਨਰਲ ਕਾਫਮੈਨ ਨੇ ਜੋ ਜਵਾਬ ਦਿਤਾ ਉਹ ਟਾਲ ਮਟੋਲੇ ਵਾਲਾ ਸੀ। *

ਅਜੇਹੇ ਬੇ-ਮਸਾਲ ਯਤਨਾਂ ਨਾਲ ਬਣੀ ਬਾਬਾ ਜੀ ਦੀ ਦੇਸ ਭਗਤੀ ਦੀ ਮੂੰਹ-ਬੋਲਦੀ ਤਸਵੀਰ ਨੇ, ਵਾਧੂ ਦਲੀਲਾਂ ਦੀ ਢੂੰਡ ਕਰਨ ਦੀ ਲੋੜ ਨਹੀਂ ਰਹਿਣ ਦਿਤੀ। ਬਾਬਾ ਜੀ ਦੇ ਅਜ਼ਾਦੀ ਦੇ ਯਤਨਾਂ ਨੂੰ ਸ੍ਰਕਾਰੀ ਰੀਕਾਰਡ ਪੁਕਾਰ ੨ ਕੇ ਦਸ ਰਿਹਾ ਹੈ।

ਜਿਸ ਦਾ ਨਤੀਜਾ ਅੰਗ੍ਰੇਜ਼ ਬਾਬਾ ਜੀ ਦੇ ਖ਼ੂੰਨ ਦਾ ਪਿਆਸਾ ਹੋ ਗਿਆ, ਬਾਬਾ ਜੀ ਨੂੰ ਅਨੇਕਾਂ ਤਸੀਹੇ ਤੇ ਕਸ਼ਟ ਦੇਣੇ ਅਰੰਭ ਕੀਤੇ, ਕਈ ਸਾਲ ਪਿੰਡ ਵਿਚ ਹੀ ਨਜ਼ਰਬੰਦ ਰਖਿਆ ਗਿਆ, ਤੇ ਅਤੇ ੧੭ ਜਨਵਰੀ ੧੮੭੨ ਨੂੰ ਗ੍ਰਿਫਤਾਰ ਕਰਕੇ ਇਕ ਰਾਤ ਲੁਧਿਆਣੇ ਰਖਕੇ ੧੯ ਜਨਵਰੀ ਨੂੰ ਪ੍ਰਯਾਗ ਰਾਜ (ਅਲਾਹਬਾਦ) ਦੇ ਕਿਲੇ ਚ' ਨਜ਼ਰਬੰਦ ਕੀਤਾ ਗਿਆ, ਉਪਰੰਤ ਕਲਕਤੇ ਤੋਂ ਜਹਾਜ ਰਾਹੀਂ ਬ੍ਰਹਮਾਂ ਵਿਚ ਜਲਾਵਤਨ ਕੀਤੇ ਗਏ, ਉਹਨਾਂ ਦੇ ਅਨੇਕਾਂ ਸਹਿਯੋਗੀ ਫਾਂਸੀ ਚਾਹੜੇ ਗਏ। ਤੋਪਾਂ ਅਗੇ ਉਡਾਏ ਗਏ।

* ਮਹਾਤਮਾ ੨੩ ਜਨਵਰੀ ੧੯੫੮ ਨੰਬਰ ੨੩

(ਅਪ੍ਰਕਾਸ਼ਤ ਪੁਸਤਕ 'ਅਦੁਤੀ ਬਲੀ-ਦਾਨ' ਵਿਚੋਂ)

ਪੀਆ ਦੀ ਉਡੀਕ ਵਿਚ

[ਸ੍ਰੀ ਗੁਰਮੇਜ ਸਿੰਘ ਜੀ ਪਿੰਡ ਮਿਰਜਾ ਪੁਰ

ਆਈ ਹੈ ਬਸੰਤ ਬਿਅੰਤ ਖੁਸ਼ੀਆਂ ਮਨੌਣ ਲੋਕ,
ਪੀਆ ਦੀ ਉਡੀਕ ਵਿਚ ਰਾਹਾਂ ਨੂੰ ਤਕਾਵਾਂ ਮੈਂ।
ਪੀਆ ਦੇ ਵਿਛੋੜੇ ਵਿਚ ਦਿਲ ਹੈ ਉਦਾਸ ਮੇਰਾ,
ਦੁਖਾਂ ਵਾਲੀ ਰਾਤ ਤਾਰੇ ਗਿਣ ਕੇ ਲੰਘਾਵਾਂ ਮੈਂ।
ਘਰ ਨਾਹ ਆਵੇ ਪੀਆ ਮਰਾਂ ਵਿਚ ਹਾਵਿਆਂ ਦੇ,
ਸੇਜ ਹੈ ਅਕੇਲੀ ਤਨ ਦੁਖੜੇ ਉਠਾਵਾਂ ਮੈਂ।
ਕਹੇ ਗੁਰਮੇਜ ਖੁਸ਼ੀ ਹੁੰਦੀ ਹੈ ਸੁਹਾਗਣਾਂ ਨੂੰ,
ਚੀਨੀ ਵਾਲੇ ਬਿਨ ਕੇਹੀਆਂ ਖੁਸ਼ੀਆਂ ਮਨਾਵਾਂ ਮੈਂ।

ਸਵਾਂਗੀ ਸਤਿਗੁਰੂ

[ਸੰਤ ਗੁਰਬਖਸ਼ ਸਿੰਘ ਜੀ ਹੰਸ ਬੈਂਕੌਕ (ਸਿਆਮ)

ਸ੍ਰੀ ਕਬੀਰ ਜੀ ਲਿਖਦੇ ਹਨ:

ਬਾਜੀਗਰ ਡੰਕ ਬਜਾਈ।
ਸਭ ਖਲਕ ਤਮਾਸੇ ਆਈ।
ਬਾਜੀਗਰ ਸ੍ਵਾਂਗ ਸਕੇਲਾ।
ਅਪਨੇ ਰੰਗ ਰਵੈ ਅਕੇਲਾ।

ਅਕਾਲ ਪੁਰਖ ਨੇ ਆਪਣਾ ਦਿਲ ਬਹਿਲਾਉਣ ਵਾਸਤੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ। ਆਪਣੀ ਖੇਡ ਨੂੰ ਪੂਰਾ ਕਰਨ ਵਾਸਤੇ ਜਿਸ ਜਿਸ ਜਗਹ ਜਿਸ ਜਿਸ ਸਮੇ ਜਿਹੜੇ ਜਿਹੜੇ ਜੀਵ ਦੀ ਲੋੜ ਹੁੰਦੀ ਹੈ ਪੈਦਾ ਕਰ ਦਿੰਦਾ ਹੈ ਅਤੇ ਜਦੋਂ ਆਪਣੀ ਖੇਡ ਨੂੰ ਸਮਾਪਤ ਕਰਨਾ ਚਾਹੁੰਦਾ ਹੈ ਤਾਂ ਆਪਣੀ ਸਾਰੀ ਸ੍ਰਿਸ਼ਟੀ ਨੂੰ ਸੰਕੋਚ ਲੈਂਦਾ ਹੈ। ਆਪਣੀ ਖੇਡ ਨੂੰ ਵੇਖਣ ਵਾਸਤੇ ਅਕਾਲ ਪੁਰਖ ਨੇ ਸ਼ੁਰੂ ਤੋਂ ਹੀ ਦੋ ਪਾਰਟੀਆਂ ਬਣਾਈਆਂ ਹੋਈਆਂ ਹਨ, ਇਕ ਆਸਤਕ ਅਤੇ ਦੂਜੀ ਨਾਸਤਕ। ਆਸਤਕ ਉਹ ਪਾਰਟੀ ਹੈ ਜਿਹੜੀ ਗੁਰੂ ਪਰਮਾਤਮਾ ਉਤੇ ਨਿਸਚਾ ਰਖਦੀ ਹੈ ਅਤੇ ਅਕਾਲ ਪੁਰਖ ਦੀ ਹੋਂਦ ਨੂੰ ਮੰਨਦੀ ਹੈ। ਦੂਜੀ ਪਾਰਟੀ ਜਿਸਨੂੰ ਨਾਸਤਕ ਕਿਹਾ ਜਾਂਦਾ ਹੈ, ਉਹ ਅਮਲੀ ਤੌਰ ਤੇ ਨ ਕਿਸੇ ਰਬ ਨੂੰ ਮੰਨਦੀ ਹੈ ਅਤੇ ਨ ਕਿਸੇ ਗੁਰੂ ਪੀਰ ਤੇ ਸ਼੍ਰਧਾ ਰਖਦੀ ਹੈ। ਅਕਾਲ ਪੁਰਖ ਨੇ ਇਨ੍ਹਾਂ ਦੋਹਾਂ ਪਾਰਟੀਆਂ ਦੇ ਜੀਵਾਂ ਦੇ ਰਸਮੋ ਰਿਵਾਜ, ਚਾਲ ਚਲਣ ਅਤੇ ਰਹਿਣ ਬਹਿਣ ਦੇ ਤਰੀਕੇ ਵੀ ਕੁਝ ਵਖਰੇ ਵਖਰੇਹੀਬਣਾਏ ਹੋਏ ਹਨ। ਖਿਆਲਾਂ ਦੇ ਨ ਮਿਲਣ ਕਰਕੇ ਇਨ੍ਹਾਂ ਦੋਹਾਂ ਪਾਰਟੀਆਂ ਦਾ ਆਪਸ ਵਿਚ ਕਿਸੇ ਨ ਕਿਸੇ ਰੂਪ ਵਿਚ ਝਗੜਾ ਹੁੰਦਾ ਹੀ ਰਹਿੰਦਾ ਹੈ, ਜਿਸਤਰਾਂ ਗੁਰੂ ਜੀ ਲਿਖਦੇ ਹਨ:

ਸਿਰਜੇ ਦਾਨੋ ਦੇਵਤੇ ਤਿਨ ਅੰਦਰ ਬਾਦ ਰਚਾਇਆ।

ਇਨ੍ਹਾਂ ਦੋਹਾਂ ਪਾਰਟੀਆਂ ਦੇ ਆਪਸੀ ਜੁਧ ਦੌਰਾਨ ਜਦੋਂ ਵੀ ਦੈਵੀ ਗੁਣ ਵਾਲਿਆਂ ਦਾ ਪਾਸਾ ਕਮਜ਼ੋਰ ਹੁੰਦਾ ਹੈ ਉਦੋਂ ਹੀ ਅਕਾਲ ਪੁਰਖ ਉਨ੍ਹਾ ਦੀ ਸਹਾਇਤਾ ਵਾਸਤੇ ਨਿਰਗੁਣ ਤੋਂ ਸਰਗੁਣ ਹੋਕੇ ਆਉਂਦਾ ਹੈ, ਜਿਸਤਰਾਂ ਲਿਖਿਆ ਹੈ:

ਦੀਨਨ ਕੀ ਰੱਛਾ ਨਮਿਤ ਕਰ ਹੈ ਆਪ ਉਪਾਇ।
ਪਰਮ ਪੁਰਖ ਪਾਵਨ ਸਦਾ ਆਪ ਪ੍ਰਗਟ ਹੋ ਆਇ।

ਕਲਿਜੁਗ ਵਿਚ ਪਾਪਾਂ ਦੀ ਅਤਿ ਹੋ ਗਈ ਸੀ। ਗਊ ਗ੍ਰੀਬ ਬਹੁਤ ਦੁਖੀ ਹੋ ਗਏ ਸਨ, ਮੁਲਕ ਅਤੇ ਕੌਮ ਦੇ ਆਗੂ ਰਾਜੇ ਆਪਣੇ ਜਾਤੀ ਸੁਖ ਵਾਸਤੇ ਅੰਧਾ ਧੁੰਧ ਪਾਪ ਕਮਾ ਰਹੇ ਸਨ। ਸਾਰੀ ਸ੍ਰਿਸ਼ਟੀ ਵਿਚ ਝੂਠ ਦਾ ਬੋਲ ਬਾਲਾ ਸੀ. ਕਾਜ਼ੀ ਜਾਂ ਮੁਨਸਫ ਰਿਸ਼ਵਤਾਂ ਲੈਕੇ ਸਚੇ ਨੂੰ ਝੂਠਾ ਬਣਾ ਦਿੰਦੇ ਸਨ। ਲੋਕ ਨਾਮ ਭਜਨ ਨੂੰ ਛਡਕੇ ਪਾਪਾਂ ਨੂੰ ਭਜਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਕੇ ਆਪਣੇ ਪਹਿਲੇ ਜਾਮੇ ਵਿਚ ਉਪਰ ਦਸੇ ਹੋਏ ਪਾਪਾਂ ਭਰਮਾਂ ਪਾਖੰਡਾਂ ਨੂੰ ਦੂਰ ਕਰਨ ਹਿਤ ਮੁਢ ਬੰਨ੍ਹਿਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੰਮ ਦੀ ਪੂਰਤੀ ਕਰਨੀ ਬਾਰ੍ਹਵੇਂ ਸਰੂਪ ਵਿਚ ਲਿਖੀ ਹੈ। ਜਿਵੇਂ:

ਕਲਿਜੁਗ ਮੇਂ ਸਤਿਜੁਗ ਵਰਤਾਊਂ।
ਤਬ੍ਹੀ ਬਾਰਵਾਂ ਬਪ ਕਹਾਊਂ।

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਛੋਂ ਜਿੰਨਾ ਚਿਰ ਖਾਲਸਾ ਭਜਨ ਬਾਣੀ ਕਰਦਾ ਰਿਹਾ, ਆਚਾਰ ਦਾ ਸਚਾ ਅਤੇ ਸੁਚਾ ਰਿਹਾ,ਖਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ ਇਥੋਂ ਤਕ ਕਿ ਪੰਜਾਬ ਵਿਚ ਖਾਲਸਾ ਰਾਜ ਵੀ ਕਾਇਮ ਕਰ ਲਿਆ। ਰਾਜ ਪਾਕੇ ਕੁਝ ਚਿਰ ਤਕ ਤਾਂ ਸਿਖ ਸਤਿ ਗੁਰੂ ਜੀ ਦੇ ਹੁਕਮਾਂ ਤੇ ਚਲਦੇ ਰਹੇ ਪਰ ਮਹਾਰਾਜਾ

ਰਣਜੀਤ ਸਿੰਘ ਜੀ ਦੇ ਸੁਰਗਵਾਸ ਹੋਣ ਪਿਛੋਂ ਸਿਖ ਗਿਰਾਵਟ ਵਲ ਜਾਣ ਲਗ ਪਏ। ਨਾਮ ਜਪਣਾ ਬਾਣੀ ਪੜ੍ਹਨੀ ਛੱਡ ਬੈਠੇ। ਆਪਣੇ ਸਚੇ ਅਤੇ ਸੁਚੇ ਆਚਾਰ ਨੂੰ ਤਿਆਗ ਕੇ ਕੁਕਰਮ ਕਰਨ ਲਗ ਪਏ। ਖਾਲਸੇ ਪੰਥ ਦੀ ਇਸ ਦੁਰਦਸ਼ਾ ਨੂੰ ਵੇਖਕੇ ਧਰਮ ਦੀ ਪੁਨਰ ਸਥਾਪਨਾ ਹਿਤ ਅਤੇ ਗਊ ਗਰੀਬ ਦੀ ਰਖਿਆ ਹਿਤ ਗੁਰੂ ਨਾਨਕ ਦੇਵ ਜੀ ਦਾ ਬਾਰ੍ਹਵਾਂ ਜਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਨੰਤ ਕਲਾ ਸਹਿਤ ਪ੍ਰਗਟ ਹੋਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਗੁਰਦੀਖਿਆ ਪ੍ਰਾਪਤ ਕਰਨ ਦੇ ਪਿਛੋਂ ਪਿੰਡ ਪਿੰਡ ਜਾ ਕੇ ਧਰਮ ਪਰਚਾਰ ਕੀਤਾ। ਭੁਲੇ ਹੋਏ ਲੋਕਾਂ ਨੂੰ ਨਾਮ ਜਪਣ ਅਤੇ ਗੁਰਬਾਣੀ ਪੜ੍ਹਣ ਵਲ ਲਾਇਆ। ਗੁਰੂ ਗੋਬਿੰਦ ਸਿੰਘ ਜੀ ਦੀ ਦਸੀ ਹੋਈ ਮਰਯਾਦਾ ਪਰਚਲਤ ਕੀਤੀ। ਆਪ ਜੀ ਦੇ ਸੱਚੇ ਅਤੇ ਸੁਚੇ ਉਪਦੇਸ਼ ਨਾਲ ਲੱਖਾਂ ਹੀ ਆਦਮੀ ਆਪ ਜੀ ਦੇ ਪੈਰੋਕਾਰ ਅਥਵਾ ਨਾਮਧਾਰੀ ਸਿੰਘ ਸਜ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਸਮਾਜ ਦੇ ਸੁਧਾਰ ਲਈ ਵੀ ਪਰਚਾਰ ਕੀਤਾ। ਇਸਤ੍ਰੀ ਜਾਤੀ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਮਨੁਖ ਨਾਲ ਸਾਂਵੀ ਭਾਈਵਾਲ ਬਣਾ ਦਿਤਾ ਭਾਵ ਮਨੁਖ ਅਤੇ ਇਸਤ੍ਰੀ ਨੂੰ ਇਕ ਪਧਰ ਤੇ ਲਿਆ ਖੜਾ ਕੀਤਾ। ਕੁੜੀਆਂ ਮਾਰਨ, ਵੱਟਾ ਕਰਨ, ਧੀਆਂ ਦੇ ਪੈਸੇ ਲੈਣੇ ਅਤੇ ਬਾਲ ਵਿਵਾਹ ਬੰਦ ਕਰਨ ਦਾ ਪਰਚਾਰ ਕੀਤਾ। ਵਿਧਵਾ ਵਿਵਾਹ ਦੀ ਹਿਮਾਇਤ ਕਰਕੇ ਦੇਸ਼ ਦੇ ਇਸ ਕਲੰਕ ਨੂੰ ਦੂਰ ਕੀਤਾ। ਸਤਿਗੁਰੂ ਜੀ ਨੇ ਅਪਣੇ ਸੇਵਕਾਂ ਨੂੰ ਕਬਰ ਪ੍ਰਸਤੀ ਤੋਂ ਵਰਜਿਆ, ਭੂਤ ਪ੍ਰੇਤ ਦੇਵੀ ਦੇਵਤਿਆਂ ਨੂੰ ਤਿਆਗ ਕੇ ਇਕ ਅਕਾਲ ਪੁਰਖ ਤੇ ਭਰੋਸਾ ਰਖਣ ਵਾਸਤੇ ਹੁਕਮ ਦੇ ਕੇ ਇਸ ਕਥਨ ਨੂੰ ਪੂਰਾ ਕੀਤਾ :

ਮੜ੍ਹੀ ਗੋਰ ਦੇਵਲ ਮਸੀਤਾਂ ਗਿਰਾਯੰ।
ਤੁਹੀ ਏਕ ਅਕਾਲ ਹਰਿ ਹਹਿ ਜਪਾਯੰ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਵਿੰਹਦਿਆਂ ੨ ਹੀ ਸਿਖਾਂ ਦੀ ਆਪਸ ਦੀ ਫੁਟ ਕਾਰਨ ਪੰਜਾਬ ਦਾ ਖਾਲਸਾ ਰਾਜ ਖਤਮ ਹੋ ਚੁਕਾ ਸੀ ਅਤੇ ਪੰਜਾਬ ਅੰਗ੍ਰੇਜ਼ਾਂ ਦੇ ਪੰਜੇ ਵਿਚ ਜਾ ਚੁਕਿਆ ਸੀ। ਸਤਿਗੁਰੂ ਜੀ ਨੇ ਸਾਰੀਆਂ ਬੁਰਿਆਈਆਂ ਦੀ ਜੜ੍ਹ ਗੁਲਾਮੀ ਨੂੰ ਸਮਝ, ਭਾਰਤ ਮਾਤਾ ਨੂੰ ਅੰਗ੍ਰੇਜ਼ ਦੇ ਜਾਬਰ ਪੰਜੇ ਤੋਂ ਆਜ਼ਾਦ ਕਰਾਨ ਦੇ ਖਿਆਲ ਨੂੰ ਮੁਖ ਰਖਕੇ ਅੰਗ੍ਰੇਜ਼ੀ ਸਰਕਾਰ ਨਾਲ ਨਾ ਮਿਲਵਰਤਨ ਦੇ ਵਿਚਾਰ ਨਾਲ ਇਲਾਕੇ ਵਾਰ ਸੂਬੇ ਥਾਪਕੇ ਇਕ ਸਾਂਵੀ ਹਕੂਮਤ ਦੀ ਨੀਂਹ ਰਖੀ। ਸਿਖਾਂ ਨੂੰ ਅੰਗ੍ਰੇਜ਼ੀ ਅਦਾਲਤਾਂ ਅਤੇ ਸਕੂਲਾਂ ਵਿਚ ਜਾਣ ਤੋਂ ਮਨ੍ਹਾ ਕੀਤਾ। ਬਦੇਸ਼ੀ ਚੀਜ਼ਾਂ ਵਰਤਣ ਤੋਂ ਰੋਕਕੇ ਇਕ ਸ਼ਾਂਤਮਈ ਅੰਦੋਲਨ ਜਾਰੀ ਕੀਤਾ।

ਮਕਾਰ ਅੰਗ੍ਰੇਜ਼ਾਂ ਨੇ ਭਾਰਤ ਮਾਤਾ ਨੂੰ ਸਦੀਵੀ ਅਪਣੇ ਕਬਜੇ ਵਿਚ ਰਖਣ ਦੀ ਮਨਸ਼ਾ ਨਾਲ Diuide and Rule (ਭਾਵ ਭਾਰਤੀਆਂ ਵਿਚ ਆਪਸ ਦੀ ਫੁਟ ਪਾਕੇ ਆਪਣਾ ਰਾਜ ਕਰਦੇ ਜਾਉ) ਦੀ ਪਾਲਸੀ ਤੇ ਅਮਲ ਕੀਤਾ ਉਨ੍ਹਾਂ ਨੇ ਭਾਰਤੀਆਂ ਵਿਚ ਮਜ਼ਬੀ ਅਥਵਾ ਧਾਰਮਕ ਝਗੜੇ ਪੈਦਾ ਕਰ ਦਿਤੇ। ਉਨਾਂ ਨੇ ਮੁਸਲਮਾਨਾਂ ਨੂੰ ਉਕਸਾਕੇ ਥਾਂ ਥਾਂ ਬੁਚੜਖਾਨੇ ਖੁਲਾ ਦਿਤੇ। ਇਥੋਂ ਤਕ ਕਿ ਇਕ ਬੁਚੜਖਾਨਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਕੋਲ ਕਰਕੇ ਹੀ ਖੋਲ੍ਹਿਆ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਅਤੇ ਉਨਾਂ ਦੇ ਸਿਖਾਂ ਨੇ ਅੰਗ੍ਰੇਜ਼ ਦੀ ਇਸ ਕੁਟਲ ਨੀਤੀ ਨੂੰ ਤਾੜ ਲਿਆ ਅਤੇ ਬੁਚੜਖਾਨੇ ਖੁਲ੍ਹਣ ਦਾ ਭਾਵ ਸਿਖਾਂ ਦੀ ਅਣਖ ਨੂੰ ਚੈਲੰਜ ਸਮਝਿਆ। ਉਨ੍ਹਾਂ ਨੇ ਅੰਗ੍ਰੇਜ਼ ਦੇ ਇਸ ਚੈਲਿੰਜ ਨੂੰ ਸਵੀਕਾਰ ਕੀਤਾ ਅਤੇ ਦੋ ਦੋ ਚਾਰ ਚਾਰ ਹੋ ਕੇ ਬੁਚੜਖਾਨੇ ਬੰਦ ਕਰਵਾਉਣ ਖਾਤਰ ਅਪਣੀ ਕੁਰਬਾਨੀ ਦਿਤੀ।

ਨਾਮਧਾਰੀ ਸਿਖਾਂ ਨੇ ਬੜੀ ਬਹਾਦਰੀ ਨਾਲ ਮੌਤ ਨੂੰ ਟਿਚਕਰਾਂ ਕਰਦਿਆਂ, ਅੰਗ੍ਰੇਜ਼ੀ ਰਾਜ ਫਿਟਕਾਰਦਿਆਂ ਹੋਇਆਂ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਸ ਗਾਂਦਿਆਂ ਹੋਇਆਂ ਸ੍ਰੀ ਅੰਮ੍ਰਿਤਸਰ

ਰਾਏਕੋਟ ਅਤੇ ਮਲੇਰ ਕੋਟਲੇ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਇਥੇ ਹੀ ਬਸ ਨਹੀਂ ਅੰਗ੍ਰੇਜ਼ ਨੇ ਇਸ ਲਹਿਰਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਜਲਾਵ-ਨਤ ਕਰ ਦਿਤਾ। ਭੈਣੀ ਸਾਹਿਬੋਂ ਵਿਦਾਇਗੀ ਵੇਲੇ ਸਤਿਗੁਰੂ ਜੀ ਨੇ ਸੰਗਤ ਪ੍ਰਤੀ ਫਰਮਾਇਆ-''ਮੈਂ ਏਸੇ ਦੇਹ ਵਿਚ ਆਵਾਂਗਾ ਸਚ ਝੂਠ ਬਥੇਰੇ ਸੁਣੋਗੇ, ਪਰ ਯਕੀਨ ਨਾ ਕਰਨਾ।" ਸੂਬਿਆਂ ਨਾਲ ਇਲਾਹਾਬਾਦ ਦੇ ਕਿਲੇ ਵਿੱਚ ਨਜ਼ਰ ਬੰਦ ਹੋਇਆਂ, ਸੰਤ ਮੰਗਲ ਸਿੰਘ ਰਾਹੀਂ ਸੁਨੇਹਾ ਭੇਜਿਆ।

ਜਾ ਕਹੁ ਸਾਡੇ ਸਜਣਾਂ ਤਾਂਈਂ,
ਨ ਥਿੜਕਣ ਨ ਡੋਲਣ।
ਹੁਕਮ ਅੰਦਰ ਸਭ ਕਾਰ ਹੋ ਰਹੀ,
ਨੈਣ ਅੰਦਰਲੇ ਖੋਲ੍ਹਣ।
ਜਦ ਤਕ ਧਰਮ ਧੁਜਾ ਹੋ ਉਚੀ,
ਧਰ ਤੇ ਨ ਲਹਿਰਾਸੀ :
ਭੁਲਕੇ ਖਾ ਭੁਲੇਖਾ ਕੋਈ,
'ਗਿਆ' ਨ ਮੂੰਹੋਂ ਬੋਲਣ।

ਨੌ ਮਹੀਨਿਆਂ ਪਿਛੋਂ ਆਪ ਜੀ ਨੂੰ ਇਲਾਹ-ਬਾਦ ਤੋਂ ਕਲਕੱਤੇ ਅਤੇ ਇਥੋਂ ਜਹਾਜ਼ ਰਾਹੀਂ ਰੰਗੂਨ ਲਿਆਂਦਾ ਗਿਆ।

ਸਤਿਗੁਰੂ ਜੀ ਦੇ ਵਿਛੋੜੇ ਦੇ ਤੀਰ ਨਾਲ ਵਿੰਨੇ ਹੋਏ ਕਈ ਪ੍ਰੇਮੀ ਸਿਖ ਦਰਸ਼ਨ ਕਰਨ ਵਾਸਤੇ ਕਈ ਤਕਲੀਫਾਂ ਝਲਕੇ ਰੰਗੂਨ ਪਹੁੰਚ ਕੇ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਨੂੰ ਪੂਰੀਆਂ ਕਰਦੇ ਰਹੇ ਹਨ :

ਝਖੜ ਝਾਗੀ ਮੀਹੁ ਬਰਸੈ ਭੀ ਗੁਰ ਦੇਖਣ ਜਾਈ। ਸਮੁੰਦ ਸਾਗਰ ਹੋਵੈ ਅਤਿ ਖਾਰਾ ਗੁਰਸਿਖ ਲੰਘ ਗੁਰੂ ਪਹਿ ਜਾਈ।

ਜਦ ਅੰਗ੍ਰੇਜ਼ ਨੂੰ ਇਹ ਪਤਾ ਲਗਾ ਕਿ ਸਿਖ ਮੌਤ ਤਕ ਦੀ ਵੀ ਪ੍ਰਵਾਹ ਨ ਕਰਦਿਆਂ ਹੋਇਆ ਰੰਗੂਨ ਪਹੁੰਚਕੇ ਸਤਿਜੁਗੀ ਰੋਸ਼ਨ ਮੀਨਾਰ ਅਥਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਜਾਂਦੇ ਹਨ ਅਤੇ ਫਿਰ ਪੰਜਾਬ ਜਾਕੇ ਸਤਿਗੁਰੂ ਜੀ ਦੇ ਸੰਦੇਸ਼ਾਂ ਦਾ ਗੁਪਤ ਪਰਚਾਰ ਕਰਦੇ ਹਨ ਤਾਂ ਸਤਿ-ਗੁਰੂ ਜੀ ਨੂੰ ਇਕ ਬੇਮਾਲੂਮ ਜਗਹ ਮਰਗੋਈ ਲਿਆਂਦਾ ਗਿਆ।

ਭਾਵੇਂ ਅੰਗ੍ਰੇਜ਼ ਨੇ ਅਪਨੀ ਵਲੋਂ ਇਕ ਲਾ ਪਤਾ ਜਗਹ ਤੇ ਸ੍ਰੀ ਸਤਿਗੁਰੂ ਜੀ ਨੂੰ ਲਿਆਂਦਾ ਪਰ ਸ੍ਰ. ਮੀਹਾਂ ਸਿੰਘ ਜੀ ਵਰਗੇ ਕਈ ਸਿਖ ਇਥੇ ਵੀ ਪਹੁੰਚਕੇ ਆਪ ਜੀ ਦੇ ਦਰਸ਼ਨਾਂ ਤੋਂ ਫੈਜ਼ਯਾਬ ਹੁੰਦੇ ਰਹੇ।

ਜਿਸਤਰਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਬਚਲ ਨਗਰ ਤੋਂ ਨਿਕਲਕੇ ਬਾਬਾ ਅਜਾਪਾਲ ਸਿੰਘ ਜੀ ਦੇ ਨਾਮ ਤੇ ਗੁਪਤ ਵਿਚਰਦੇ ਰਹੇ, ਇਸੇ-ਤਰਾਂ ਗੁਪਤ ਵਿਚਰਣ ਵਾਸਤੇ ਅਪਨੀ ਖੇਡ ਦੇ ਮਾਲਕ ਸਤਿਗੁਰੂ ਰਾਮ ਸਿੰਘ ਜੀ ਮਰਗੋਈ ਵਿਚੋਂ ਅਲੋਪ ਹੋ ਗਏ, ਇਸ ਗੁਪਤ ਰੂਪ ਵਿਚ ਵੀ ਆਪਨੇ ਕਈਆਂ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ।

ਸਤਿਗੁਰੂ ਜੀ ਦੇ ਬਚਨਾਂ ਨੂੰ ਕਿ 'ਮੈਂ ਏਸੇ ਦੇਹ ਵਿਚ ਆਵਾਂਗਾ, ਮਨ ਵਿਚ ਰਖਦਿਆਂ ਹੋਇਆਂ ਸਾਨੂੰ ਉਨ੍ਹਾਂ ਦੇ ਦਰਸ਼ਨ ਦੀ ਆਸ ਰਖਣੀ ਚਾਹੀਦੀ ਹੈ ਅਤੇ ਡੋਲਣਾ ਨਹੀਂ ਚਾਹੀਦਾ।

''ਅਸਥਿਰ ਰਹਹੁ ਡੋਲਹੁ ਮਤ ਕਬਹੂੰ
ਗੁਰ ਕੈ ਬਚਨ ਅਧਾਰ"

ਕਾਲੀ ਕਮਲੀ ਓਢ ਪ੍ਰੀਤਮ ਤੁਰ ਗਏ ਓ ਪਰਦੇਸਾਂ ਨੂੰ।
ਰੋਂਦੀ ਤੇ ਕੁਰਲਾਂਦੀ ਸੰਗਤ ਭੱਖੇ ਪਈ ਕਲੇਸ਼ਾਂ ਨੂੰ।
'ਹਰੀ' ਤੇਰੇ ਹਰਿਆਵਲ ਮੁੜ ਰਖੀ,'ਪਰਤਾਪ'ਸੰਭਾਲੀ ਕਾਰ :
ਉਹ'ਭੰਵਰਾ' ਵੀਚ ਖੰਡ ਪਹੁੰਚੇ, ਹੁਣ ਤੇ ਆਓ ਦੇਸਾਂ ਨੂੰ।

[ਸ੍ਰੀ ਕੇ. ਐਸ. ਭੰਵਰਾ ਕੰਪਾਲਾ

ਹੇਠਾਂ ਅਸੀਂ ਨਾਮਧਾਰੀ ਸਾਹਿਤ ਸਭਾ ਦੇ ਕਵੀਆਂ ਦੀ ਆਪ ਨਾਲ ਜਾਣ ਪਛਾਣ ਕਰਵਾਣ ਲਈ ਤਸਵੀਰਾਂ ਸਮੇਤ ਦੋ ਦੋ ਬੰਦ ਕਵਿਤਾ ਦੇ ਕੇ ਤੁਹਾਡੀ ਦਿਲਚਸਪੀ ਜਗਾਣਾ ਚਾਂਹਦੇ ਹਾਂ :

[ਸੰਪਾਦਕ

ਪਾਪੀਆਂ ਦੇ ਤਾਰਨੇ ਨੂੰ ਗੁਰੂ ਰਾਮ ਸਿੰਘ ਜਗ ਵਿਚ ਆਇਆ

[ਸੰਤ ਤਰਨ ਸਿੰਘ ਜੀ ਵਹਿਮੀ ਸੰਤ ਨਗਰ



ਸਿਖੀ ਸ੍ਰੀ ਦਸਮੇਸ਼ ਦਾ ਜਦ ਸਬਕ ਭੁਲਾਇਆ।
ਰਹਿਣੀ ਰਹਿਣਾਂ ਛਡਕੇ ਗੰਦ ਵਹਿਣ ਵਧਾਇਆ।
ਆਪੋ ਵਿਚ ਹੀ ਲੱਜ ਲਾਹ ਰੱਜ ਖ਼ੂਨ ਵਗਾਇਆ।
ਰਾਜ ਭਾਗ ਰਣਜੀਤ ਦਾ ਲਾ ਲੀਕ ਗਵਾਇਆ।
ਅਣਖੀ ਦੇਸ਼ ਅਜ਼ਾਦ ਨੂੰ ਪ੍ਰਾਧੀਨ ਬਨਾਇਆ।
(ਮਲਕਾ)ਨਾਰੀ ਦਾ ਸੂਦਾਰਾਂ ਤੋਂ ਪਾਣੀ ਭਰਵਾਇਆ।
ਪਰ ਸੀ ਸ੍ਰੀ ਦਸਮੇਸ਼ ਜ਼ੀ ਜੋ ਵਾਕ ਅਲਾਇਆ।
ਖੇਤੀ ਮੇਰੀ ਖਾਲਸਾ ਫਿਰ ਕਰੂੰ ਸਹਾਇਆ।
ਜੋਤਿ ਉਹਾ ਜੁਗਤ ਸਾਇ ਕਾਇਆ ਪਲਟਾਇਆ।
ਸੂਰਜ ਬੰਸੀ ਸੋਢੀਓਂ ਬਾਢੀ ਸਦਵਾਇਆ।
ਰਘੂ ਕੁਲ ਰਾਮੇ ਰਾਮ ਸਿੰਘ ਸਤਿਗੁਰੂ ਸੁਹਾਇਆ।
ਉਨੀਂ ਸੌ ਚੌਦਾਂ ਬਿਕਰਮੀ ਦਾ ਦਿਨ ਅਪਨਾਇਆ।
ਗੋਬਿੰਦ ਗੁਰ ਹਿੰਦ ਰਖ ਲਈ ਸਿੰਘ ਪੰਥ ਸਜਾਇਆ।
ਤਿਵੇਂ ਗੀਤਰਖਣਲਈ ਖਾਲਸੇ ਰਾਮਸਿੰਘਕਹਾਇਆ।
ਸੂਰਜ ਬੰਸ ਵੈਸਾਖੀਓਂ ਜਾਇ ਸਾਲ ਚੜ੍ਹਾਇਆ।
ਦਸਮ ਦੁਆਦਸ ਸਤਿਗੁਰੂ ਪ੍ਰਤਾਪ ਜਨਾਇਆ।
ਅਠਵੰਜਾ ਤੇ ਇਕ ਸੌ ਵਿਚ ਪਾੜਾ ਪਾਇਆ।
ਅੰਮ੍ਰਿਤ ਬਖਸ਼ਿਆ ਪੰਜਾਂ ਨੂੰ ਕੰਨ ਸ਼ਬਦ ਸੁਨਾਇਆ।
ਰਹਿਣੀ ਬਹਿਣੀ ਦੱਸਕੇ ਸਹਿਣੀ ਸਮਝਾਇਆ।
ਨਾਮਧਾਰੀ ਸੰਤ ਖਾਲਸਾ ਮੁਖ ਨਾਮ ਟਿਕਾਇਆ।
ਗਊ ਗ੍ਰੀਬ ਤੇ ਦੇਸ ਦਾ ਦਿਲਦਰਦ ਸੀ ਪਾਇਆ।
ਰੁੜ੍ਹਦੀ ਸਿਖੀ ਦਸਮ ਦੀ ਨੂੰ ਰਖ ਵਖਾਇਆ।
ਕਲਜੁਗ ਜਗ ਬੀਤਿਆ ਸਹੀ ਸਤਿਜੁਗ ਆਇਆ।
ਵੈਸਾਖੀ ਗੁਰ ਵੇਖਿਆ ਉਹਨਾਂ ਵਹਿਮੀ ਗਾਇਆ।
ਪਾਪੀਆਂ ਦੇ ਤਾਰਨੇ ਨੂੰ ਗੁਰੂ ਰਾਮ ਸਿੰਘ ਜਗ ਵਿਚ ਆਇਆ।

ਆ ਗਈ ਬਸੰਤ

[ਸੰਤ ਸ਼ਿੰਗਾਰਾ ਸਿੰਘ ਜੀ ਸ਼ਿੰਗਾਰ ਸੰਤ ਨਗਰ



ਚੋਰੀ ਯਾਰੀ ਨਿੰਦਿਆ ਤੇ ਰੰਡੀ ਵਿਭਚਾਰ ਰੁਝੇ,
ਪਾਨ, ਮਾਸ, ਮਦਰਾ, ਤੇ ਵਿਸ਼ੇ ਵਾਲੀ ਲੈ ਹੋਈ।
ਛਡ ਮਰਯਾਦਾ ਦਸਮੇਸ਼ ਦੀ ਉਚਾਰੀ ਹੋਈ,
ਲੈ ਲਈ ਮਨ ਮੱਤ ਸਿਖ-ਅੰਸ ਨਿਰਭੈ ਹੋਈ।
ਜਿਥੇ ਵਧ ਫਲ ਮਹਿਕਾਵਣਾ ਸੀ ਜਗ ਸਾਰਾ,
ਓਥੇ ਖਹਿ ਜਲੇ ਜਿਵੇਂ ਬਾਂਸ-ਵਾੜੀ ਖੈ ਹੋਈ।
ਜੀਕਰ ਬਨਾਸਪਤੀ ਲੂਟਦੀ ਲਿਤਾੜ ਖਿਜ਼ਾਂ,
ਸਿਖੀ ਦੇ 'ਸ਼ਿੰਗਾਰ' ਤੇ ਵੀ ਖਿਜ਼ਾਂ ਨਿਰਦੈ ਹੋਈ।
ਦੁਆਦਸ ਸਰੂਪ ਸ੍ਰੀ ਸਤਿਗੁਰੂ ਰਾਮ ਸਿੰਘ,
ਟੁਰ੍ਹੀ ਜਾਂਦੀ ਸਿੱਖੀ ਤਾਈਂ ਆਪ ਸੀ ਨਿਹਾਰਿਆ।
ਵੇਖਕੇ ਕੁਚਾਲ ਤੇ ਨਿਢਾਲ ਸਿਖੀ ਅਪਣੀ ਨੂੰ'
ਕਲਾ ਲੈ ਬਿਅੰਤ ਅਵਤਾਰ ਆਣ ਧਾਰਿਆ।
ਨਵੀਂ ਰੂਹ ਭਰੀ ਸਿਖੀ ਵਿੱਚ ਤੇ ਪੰਜਾਬ ਵਿੱਚ, ਅੰਮ੍ਰਿਤ ਦਾ ਛਟਾ ਸਾਰੇ ਹਿੰਦ ਤੇ ਖਿਲਾਰਿਆ।
ਟਹਿਕ ਪਈ ਵਾੜੀ ਮਹਿਕ ਉਠ ਪਈ ਸੁਦੇਸ਼ ਵਿਚੋਂ, ਨੱਚ ਪਈਆਂ ਖੁਸ਼ੀਆਂ 'ਸ਼ਿੰਗਾਰ' ਨੂੰ ਪਿਆਰਿਆ।
ਹੋਇ ਪਰਫੁਲਤ ਬਨਸਪਤੀ ਝੂਮ ਉਠੀ, ਮਿੱਠੀ ਹਵਾ ਚਲੀ ਤੱਕ ਲਇਆ ਜਦੋਂ ਕੰਤ ਹੈ।
ਵਣ, ਤ੍ਰਿਣ ਪਸ਼ੂ, ਪੰਛੀ, ਰੀਝੇ ਨਦੀ ਨਾਲੇ ਤਕ, ਮਚਲੀ ਮਨੁਖਤਾ ਚਾ ਵੇਖਿਆ ਬਿਅੰਤ ਹੈ।
ਜ਼ਿਮੀ- ਅਸਮਾਨ ਨੇ ਵਟਾਈਆਂ ਰੀਝਾਂ ਚੰਦ ਰਾਹੀਂ, ਉਠੇ ਸ਼ਾਦਿਆਨੇ ਕੋਈ ਆਂਵਦਾ ਨ ਅੰਤ ਹੈ।
ਆਗਮ ਮਨਾਣ ਲਈ ਦਾਤਾ ਚੀਨੀ ਵਾਲੜੇ ਦਾ, ਸੋਲਾਂ ਹੀ 'ਸ਼ਿੰਗਾਰ' ਕਰ ਆ ਗਈ ਬਸੰਤ ਹੈ।


ਰੁਤਾਂ ਦੀ ਰਾਣੀ ਏਂ।

[ਸੰਤ ਬਿਸ਼ਨ ਸਿੰਘ ਜੀ 'ਨੰਗਲ'

ਨਿਘੀ ਤੇ ਭੋਲੀ ਜਹੀ, ਰਸ ਭਰੀ, ਹੌਲੀ ਜਹੀ, ਸੁੰਦਰ ਪਿਆਰੀ ਜਹੀ,ਖੁਸ਼ੀਆਂ ਚ' ਹਸਦੀਏ।
ਚੰਚਲ ਹੈ ਪਾਰੇ ਤੋਂ ਸੁਹਣੀ ਹੈ ਤਾਰੇ ਤੋਂ, ਵਿਸ਼ਵ ਦੇ ਘੇਰੇ ਵਿੱਚ ਘੁੰਮਰ ਪਾ ਦਸਦੀਏ।
ਨੈਣ ਨਸ਼ੀਲੇ ਸੂ, ਬੈਨ ਰਸੀਲੇ ਸੂ, ਮਸਤਕ ਤੇ ਚਾਨਣੀ ਚੰਦੇ ਦੀ ਲਸਦੀ ਏ।
ਸਦਕੇ ਜਹਾਨ ਹੈ, ਪ੍ਰਗਟਿਆ ਭਗਵਾਨ ਹੈ, ਤਾਹੀਂ ਮਹਾਨ ਇਹ ਫੁਲਵਾੜੀ ਜਸ ਦੀ ਏ।
ਆਸਾਂ ਜਗਾਂਦੀ ਏ, 'ਆਵੇਗਾ' ਆਂਹਦੀ ਏ, ਮੁੜ ਮੁੜ ਸੁਣਾਂਦੀ ਏ 'ਚੀਨੀ ਦਾ ਜਾਨੀ ਏ।'
ਏਸੇ ਲਈ ਪਿਆਰੀ ਏ, ਸਭ ਤੋਂ ਨਿਆਰੀ ਏਂ, ਸੁਹਣੀ ਬਸੰਤ ਸੁ-ਰੁੱਤਾਂ ਦੀ ਰਾਣੀ ਏਂ।

ਬਸੰਤ ਨੇ

[ਸ੍ਰੀ ਸੰਤੋਖ ਸਿੰਘ ਜੀ, ਸੰਤ ਨਗਰ ਨਾਮਧਾਰੀ ਸਾਹਿਤ ਸਭਾ



ਧਰ ਦੁਖਿਆਰ ਨੇ ਪੁਕਾਰ ਕੀਤੀ ਕਰਤਾਰ
ਹੋਈ ਹਾਂ ਲਚਾਰ ਭਾਰ ਪਾਪਾਂ ਦੇ ਬਿਅੰਤ ਨੇ ।
ਰੋਈ ਰੋਈ ਕਰਾਂ ਅਰਜੋਈ ਨਾਹੀ ਸੁਣੇ ਕੋਈ
ਸੂਰਤ ਲਕੋਈ ਬੈਠੇ ਖੁੰਧਰਾਂ 'ਚ ਜੰਤ ਨੇ ।
ਆਈ ਧਰ ਆਸ ਧਰਵਾਸ ਦੇਹੋ ਹਾਂ ਉਦਾਸ
ਸੁਣੀ ਅਰਦਾਸ ਦੀਨਾ ਨਾਥ ਭਗਵੰਤ ਨੇ ।
ਪੂਰਨ ਅਕਾਲ ਹੋ ਦਿਆਲ ਭੈਣੀ ਸਾਹਿਬ ਵਿਚ
ਧਾਰ ਅਵਤਾਰ ਆਏ ਪੰਚਮੀ ਬਸੰਤ ਨੇ ।
ਸਦੀਆਂ ਦੇ ਸੜੇ ਦਿਲ ਹਰੇ ਭਰੇ ਕਰੇ ਆਨ
ਵੰਡਕੇ ਜਹਾਨ ਨੂਰ ਚੀਨੀ ਵਾਲੇ ਕੰਤ ਨੇ ।
ਕਲੀਆਂ ਦੇ ਘੁੰਡ ਲਥੇ ਭੌਰਿਆਂ ਦੇ ਝੁੰਡ ਲਥੇ
ਗ਼ਮ ਕੀਤੇ ਦੂਰ ਸੀ ਨਿੱਹਥੇ ਜੀਵ ਜੰਤ ਨੇ ।
ਹਿੰਦ ਵਾਲੀ ਲਾਜ ਆਜ ਰਖਨੇ ਆਏ ਮਹਾਰਾਜ ਏਹੋ ਸੀ ਅਵਾਜ ਕਵੀ ਧਰਮ ਦੇ ਤੰਤ ਨੇ ।
ਚੁੰਮਕੇ ਚਰਨ ਦੁਖ ਹਰਨ 'ਸੰਤੋਖ' ਲਈ ਖੁਸ਼ੀਆਂ ਦੀ ਝੋਲ ਸੀ ਲੁਟਾਈ ਆ ਬਸੰਤ ਨੇ ।

ਸਾਨੂੰ ਮੂਲ ਨਾ ਭਾਵੇ

[ਮਾ: ਬਲਬੀਰ ਸਿੰਘ ਜੀ ਸੰਤ ਨਗਰ




ਆਈ ਬਹਾਰ ਬਸੰਤ ਦੀ ਸਾਨੂੰ ਮੂਲ ਨਾ ਭਾਵੇ ।
ਬਾਗੀਂ ਖਿੜਨਾ ਫੁੱਲਾਂ ਦਾ, ਨਾ ਰਤਾ ਸੁਖਾਵੇ ।
ਖੁਸ਼ੀਆਂ ਦੇ ਵਿਚ ਝੂਮ ਝੂਮ ਪਈ ਬੁਲਬੁਲ ਗਾਵੇ ।
ਪਰ, ਖੁਸ਼ੀ ਅਸਾਡੀ ਅਥਰੂ ਬਣ ਡੁਲ੍ਹਦੀ ਜਾਵੇ ।
ਕਿਉਂਕਿ ਹੈ ਪ੍ਰਦੇਸ ਵਿਚ ਉਹ ਸਾਡਾ ਕੰਤ ।
ਜਿਹਦੇ ਨਾਲ ਸੀ ਸੋਭਣੀ, ਇਹ ਰੁਤ ਬਸੰਤ ।
ਹਾੜਾ ਤੈਨੂੰ ਪ੍ਰੀਤਮਾਂ ਆ ਪਿਆਰ ਦੀ ਖਾਤਰ ।
ਮਿਲੀਆਂ ਕੀ ਸਾਨੂੰ ਅਖੀਆਂ, ਇੰਤਜ਼ਾਰ ਦੀ ਖਾਤਰ !
ਜੀਂਦੇ ਹਾਂ ਅਸੀਂ ਆਸ ਅਤੇ ਇਕਰਾਰ ਦੀ ਖਾਤਰ ।
ਮੌਤ ਵੀ ਰਖੀ ਵਰਜਕੇ ਦੀਦਾਰ ਦੀ ਖਾਤਰ ।
ਮੰਨ ਜਾਵੇਂ ਇਕ ਵੇਰ ਜੇ ਮੇਰੇ ਭਗਵੰਤ ।
ਖਿੜੀ ਰਹੇ ਸਾਡੀ ਸਦਾ ਹੀ ਇਹ ਰੁਤ ਬਸੰਤ ।

[ਗੁਰਭਜਨ ਸਿੰਘ ਜੀ 'ਭਜਨ' ਨਾਮਧਾਰੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ



ਸਿਖੀ ਬਾਗ ਵਿਚ ਪੱਤ ਝੜ ਜਦੋਂ ਆਕੇ,
ਬਾਲੀ ਵਾਗਰਾਂ ਖਿਚਿਆ ਤਾਨ ਸਾਰਾ।
ਕੀਹ ਵਰਤਿਆ ਬੀਤਿਆ ਨਾਲ ਫੁਲਾਂ,
ਉਹ ਤੇ ਜਾਣਦੈ ਆਪ ਜਹਾਨ ਸਾਰਾ।
ਦਸਮ ਗੁਰੂ ਦੀ ਰਸਮ ਨੂੰ ਸਭ ਭਲੇ,
ਕੀਤਾ ਭਸਮ ਸੀ ਮੱਚ ਦਾ ਸ਼ਾਨ ਸਾਰਾ।
ਬੂਟੇ ਸਭ ਹੀ ਵੱਢ ਵੱਢ ਜਾਏ ਸੁਟੀ,
ਲਗਾ ਕਲੂ ਦਾ ਕੂੜ ਦੀ ਸਾਨ ਆਰਾ।
ਸੁਣ ਓਦੋਂ ਸੁਗਰੀਵ ਦੀ ਅਰਜ਼ ਸਾਂਈ,
ਕੀਤਾ ਬਾਲੀ ਦਾ ਰਾਮ ਨੇ ਅੰਤ ਆਕੇ।
ਖਿਜ਼ਾਂ ਉਡ ਗਈ ਭੈੜਿਆਂ ਦਿਨਾਂ ਵਾਂਗੂ,
ਕੀਤਾ ਦਿਲਾਂ ਤੇ ਰਾਜ ਬਸੰਤ ਆਕੇ।
ਰਾਤ ਮੁਕ ਗਈ ਤੇ ਸੂਰਜ ਮੁਖੀਆਂ ਲਈ, ਨਵਾਂ ਪੂਰਬੋਂ ਚੜ੍ਹਿਆਂ ਏ ਭਾਨ ਕੋਈ।
ਐਪਰ ਉੱਲੂ ਤੇ ਚਾਮ ਚੜਿਕ ਨੂੰ ਵੀ, ਪੱਟੀ ਅਖਾਂ ਤੇ ਆਗਿਆ ਲਾਣ ਕੋਈ।
ਸੁਕੇ ਪੱਤੇ ਜਿਉਂ ਨ੍ਹੇਰ ਉਡਾਂਵਦਾ ਏ, ਇਵੇਂ ਆਗਿਆ ਪਾਪ ਉਡਾਣ ਕੋਈ।
ਨੂਰ ਰੰਮਿਆ ਕੁਲ ਬ੍ਰਹਿਮੰਡ ਅੰਦਰ, ਸੱਚ ਸੁੱਚ ਦਾ ਮਟਕਿਆ ਮਾਣ ਕੋਈ।
ਬੁਲ ਬੁਲ ਦੇ ਬੁਲ੍ਹਾਂ ਚੋਂ ਖੁਸ਼ੀ ਡੁਲ੍ਹੇ ਕਲੀ ਬੰਦ ਹਸਾਈ ਭਗਵੰਤ ਆਕੇ।
ਪਹੁ ਫੁਟੇ ਤੇ ਤਾਰੇ ਜਿਉਂ ਜਾਂਵਦੇ ਨੇ, ਖਿਜ਼ਾਂ ਇਉਂ ਭਜਾਈ ਬਸੰਤ ਆਕੇ।

[ਗੁਰਮੇਲ ਸਿੰਘ 'ਦੀਪਕ' ਸੰਤ ਨਗਰ



ਰੁੜ੍ਹਦੀ ਹਿੰਦ ਬਚਾਣ ਨੂੰ ਫਿਰ ਹੋਇਆ ਪ੍ਰਤਖ।
ਕਾਲਖ ਦਿਲ ਦੀ ਦੂਰ ਹੋਇ ਤਕਦੀ ਜਿਧਰ ਅੱਖ।
ਚਿਹਰਿਓਂ ਨੂਰ ਬਰਸਦਾ ਝੱਲੀ ਜਾਇ ਨ ਦੱਖ।
ਦੇਣ ਵਧਾਈਆਂ ਮਸਤ ਹੋਇ ਗਲੀਆਂ ਦੇ ਵੀਕਖ।
ਉਠੋ! ਸਤਿਗੁਰੂ ਰਾਮ ਸਿੰਘ ਆਪ ਆਯਾ ਭਗਵੰਤ।
ਓਸੇ ਦੇ ਸਨਮਾਨ ਲਈ ਆਈ ਨਾਲ ਬਸੰਤ।
ਸੁਤੇ ਆਪਣੇ ਦੇਸ਼ ਨੂੰ ਦਿਤਾ ਓਨ ਜਗਾ।
ਤੰਦੀਂ ਜਕੜੇ ਸ਼ੇਰ ਦੀ ਸ਼ਕਤ ਦਿਤੀ ਸਮਝਾ।
ਕੂੜ ਅਮਾਵਸ ਵਿਚ ਉਹ ਚੰਨ ਚਮਕਿਆ ਆ।
ਪਹਿਲੀ ਝਾਤੇ ਏਸ ਨੇ ਦਿਤੇ ਰਾਹ ਰੁਸ਼ਨਾ।
ਹਿੰਦੀ ਕਿਆਰੀ ਖਿੜ ਉਠੀ ਵੇਖਕੇ ਆਇਆ ਕੰਤ।
ਚਿੜੀ ਚਹਿਕ, ਮਹਿਕੀ ਧਰਤ ਆਈ ਜਦੋਂ ਬਸੰਤ।

ਜੇਕਰ ਤੂੰ ਬਲਵਾਨ ਨਾ ਹੁੰਦਾ, ਤਾਂ ਇਹ ਹਿੰਦੁਸਤਾਨ ਨਾ ਹੁੰਦਾ।
ਲਹਿਰਾਉਂਦਾ ਇਹ ਅਮਨ ਫਰੇਰਾ, ਕਦੇ ਕੌਮ ਦੀ ਸ਼ਾਨ ਨਾ ਹੁੰਦਾ।
ਹਿੰਦੂ, ਮੁਸਲਿਮ, ਸਿੱਖ, ਉਦਾਸੀ, ਸਾਰੇ ਅੱਜ ਇਸਾਈ ਹੁੰਦੇ।
ਹੋ ਸਕਦਾ ਸੀ ਅੱਜ ਵੈਸ਼ਨੋ, ਸਾਰੇ ਗਊ ਕਸਾਈ ਹੁੰਦੇ।
ਜਲਉਡਦੀ ਦੁਰਮਤ ਦੀ ਅਗਨੀ, ਜੇਕਰ ਤੂੰ ਜਲਵਾਨ ਨਾ ਹੁੰਦਾ।
ਭਾਰਤ ਦੀਆਂ ਮੱਥੇ ਉਤੇ, ਜ਼ੁਲਫਾ ਉਵੇਂ ਖੁਲ੍ਹੀਆਂ ਹੁੰਦੀਆਂ।
ਪਾਟੇ ਕੱਪੜੇ, ਕਮਲੀ, ਹੁੰਦੀ, ਰੋ ਰੋ ਅੱਖਾਂ ਫੁਲੀਆਂ ਹੁੰਦੀਆਂ।
ਕਰਦੇ ਸਾਰੇ ਨਾਦਰ-ਸ਼ਾਹੀ, ਕਿਧਰੇ ਅਮਨ-ਅਮਾਨ ਨਾ ਹੁੰਦਾ।
ਮਸਤੀ ਕਦੇ ਨਾਆਉਂਦੀ ਸਤਿਗੁਰੂ ਅੱਜ ਬਸੰਤ ਬਹਾਰਾਂ ਅੰਦਰ।
ਕੂਕੇ ਫੁੱਲ ਕਦੇ ਨਾ ਖਿੜਦੇ, ਖੁਲ ਖਿੜੀਆਂ ਗੁਲਜ਼ਾਰਾਂ ਅੰਦਰ।
ਉੱਜੜ ਜਾਂਦੀ ਧਰਮ ਕਿਆਰੀ, ਤੂੰ ਜੇ ਬਾਗਵਾਨ ਨਾ ਹੁੰਦਾ।
ਹਸਦੀਨਚਦੀ, ,ਖਿੱਲੀਆਂ ਪਉਂਦੀ, ਇਹਬਸੰਤ-ਬਸੰਤ ਨਾ ਹੁੰਦੀ।
ਫਿਰ ਇਹਨਾਂ ਫੁਲਵਾੜੀਆਂਅੰਦਰ, ਭਿੰਨੀਮਹਿਕ ਕਦੰਤ ਨਾ ਹੁੰਦੀ।
ਸਰਮੋਂ ਦੇ ਫੁਲਾਂ ਦੇ ਉਤੇ ਜੇ ਤੂੰ ਚੜ੍ਹਿਆ ਭਾਨ ਨਾ ਹੁੰਦਾ।



[ਵਲੋਂ ਸ੍ਰੀ ਸੰਤ ਰਾਮ ਜੀ 'ਉਦਾਸੀ'
(ਨਾਮਧਾਰੀ ਸਾਹਿਤ ਸਭਾ)



[ਵਲੋਂ ਪ੍ਰਕਾਸ਼ ਸਿੰਘ ਜੀ 'ਪ੍ਰਕਾਸ਼'
ਸੰਤ ਨਗਰ ਨਾਮਧਾਰੀ ਸਹਿਤਸਭਾ

ਕਿਤੇ ਤਤੀਆਂ ਲੋਆਂ ਨੇ ਵਗ ਰੱਤ ਸੁਕਾਈ ਸੀ,
ਕਿਤੇ ਚੌਦਾਂ ਜੁਲਾਈ ਨੇ ਵਾਧੂ ਧੜਕਣ ਲਾਈ ਸੀ,
ਫਿਰ ਹੜ੍ਹ ਆ ਭਾਦਰੋਂ ਵਿਚ ਕਰ ਗਏ ਤਬਾਹੀ ਸੀ,
ਰੁਤ ਕਤਕ ਮਘਰ ਦੀ ਪਤ ਝੜ ਲੈ ਆਈ ਸੀ,
ਪੋਹ ਜੰਮ ਜੰਮ ਬਰਫੜੀਆਂ ਨੇ ਬੁਰਜ ਉਸਾਰਦੀਆਂ।
ਹੁਣ ਮੌਜਾਂ ਮਾਣ ਲਈਏ ਬਸੰਤ ਬਹਾਰ ਦੀਆਂ।
ਸਿਫਤਾਂ ਇਸ ਰੁੱਤ ਦੀਆਂ ਕਈ ਕਵੀ ਜਨ ਕਰ ਗਏ ਨੇ,
ਮੈਨੂੰ ਯਾਦ ਔਣ ਇਸ ਰੁਤ ਜੋ ਠਰ ਗਏ ਨੇ,
ਕਈ ਗੋਲੇ ਤੋਪਾਂ ਦੇ ਛਾਤੀ ਤੇ ਜਰ ਗਏ ਨੇ,
ਲੈ ਝੂਟੇ ਦਾਹੜੀ ਦੇ ਜਦ ਅਲੱੜ੍ਹ ਮਰ ਗਏ ਨੇ,
ਅੱਜ ਸੁੰਹਦੇ ਭਾਰਤ ਗਲ ਬਣ ਲੜੀਆਂ ਹਾਰ ਦੀਆਂ।
ਹੁਣ ਮੌਜਾਂ ਮਾਣ ਲਈਏ ਬਸ-ਅੰਤ ਬਹਾਰ ਦੀਆਂ।
ਇਸ ਮਾਘ ਮਹੀਨੇ ਹੀ ਛਡਵਾਈਆਂ ਗਾਈਆਂ ਨੇ,
ਝੰਡੇ ਸ਼ੁਭ ਗਦਰਾਂ ਦੇ ਲਹਿਰਾਏ ਮਾਈਆਂ ਨੇ,
ਜਦ ਚੁਗਲੀਆਂ ਚੁਕ ਧਰੀਆਂ ਸਨ ਦੇਸੀ ਭਾਈਆਂ ਨੇ,
ਪਰਦੇਸੀ ਸਤਿਗੁਰ ਗਏ ਕਰ ਧੰਨ ਕਮਾਈਆਂ ਨੇ,
ਅੱਜ ਕਰਨੀਆਂ ਉਨਾਂ ਦੀਆਂ ਖੁਸ਼ਬੂ ਖਿਲਾਰਦੀਆਂ।
ਹੁਣ ਮੌਜਾਂ ਮਾਣ ਲਈਏ ਇਸ ਰੁਤ ਬਹਾਰ ਦੀਆਂ।



(ਸੰਤ ਸਾਧੂ ਸਿੰਘ ਜੀ ਬੁਢੀ ਮਾੜੀ)

ਲੌ ਜੀ ! ਬੈਠਿਆਂ ਅੱਜ ਖਿਆਲ ਅੰਦਰ,
ਮੈਂ ਜਾ ਪਹੁੰਚਿਆ ਇਕ ਗੁਲਜ਼ਾਰ ਦੇ ਵਿਚ।
ਓਥੇ ਜਾਕੇ ਨਵੇਂ ਈ ਰੰਗ ਵੇਖੇ,
ਨਵੇਂ ਖੇਲ ਸਨ ਨਵੇਂ ਸੰਸਾਰ ਦੇ ਵਿਚ।
ਗੀਤ ਨਵੇਂਈ ਬੁਲਬੁਲਾਂ ਗੌਦੀਆਂ ਸੀ,
ਨਵਾਂ ਸਵਾਦ ਸੀ ਨਵੇਂ ਮਲ੍ਹਾਰ ਦੇ ਵਿਚ।
ਨਵੇਂ ਸਾਜ਼ ਤੇ ਨਵੇਂ ਸੀ ਗੌਣ ਵਾਲੇ,
ਨਵੀਆਂ ਸੁਰਾਂ ਸਨ ਨਵੇਂ ਸਿਤਾਰ ਦੇ ਵਿਚ।
ਨਵੀਂ ਵੀਣਾਂ ਦੇ ਨਾਲ ਪਈ ਗਾਂਵਦੀ ਸੀ,
ਰਾਣੀ ਬਾਗ ਦੀ, ਨਵਾਂ ਈ ਵੇਸ ਕਰਕੇ।
ਸਾਰੇ ਬਾਗ ਦੇ ਵਿਚ ਪ੍ਰਸੰਨਤਾ ਸੀ,
ਨਹੀਂ ਸੀ ਦੁਖੀ ਕੋਈ, ਕਿਸੇ ਕਲੇਸ਼ ਕਰਕੇ।
ਓਹਦਾ ਵੇਖਕੇ ਸ਼ਾਨ ਹੈਰਾਨ ਹੋਕੇ,
ਥੋੜਾ ਝਕਕੇ ਪਿਛਾਂ ਹੋ ਬੈਹ ਗਿਆ ਮੈਂ।
ਹੈਸਾਂ ਬੜਾ ਦਲੇਰ, ਪਰ ! ਤੇਜ ਓਹਦਾ, ਵੇਖ ਵੇਖਕੇ ਬਹੁਤ ਹੀ ਛੈਹ ਗਿਆ ਮੈਂ।
ਕਿਹਾ ਜੀਭ ਨੂੰ ਬੜਾ ਪਰ ! ਤਤੜੀ ਨੇ, ਮੰਨੀ ਇਕ ਨਾ, ਹਾਰਕੇ ਰੈਹ ਗਿਆ ਮੈਂ।
ਆਖਰ ! ਨਾਲ ਅਧੀਨਗੀ ਟੇਕ ਮਥਾ, ਬਿਨਾ ਬੋਲਿਆਂ ਈ ਸਭ ਕੁਝ ਕੈਹ ਗਿਆ ਮੈਂ।
ਮੇਰਾ ਵੇਖਕੇ ਹਾਲ ਤੇ ਜਾਣ ਦਿਲ ਦੀ, ਲਗੀ ਕਹਿਣ ਓਹ ਨਾਲ ਪਿਆਰ ਮੈਨੂੰ।
ਮੈਂ 'ਬਸੰਤ' ਹਾਂ ਦਾਸੀ 'ਅਨੰਤ-ਠਾਕੁਰ, ਤੂੰ ਨਹੀਂ ਜਾਣਦਾ ? ਜਾਣੇ ਸੰਸਾਰ ਮੈਨੂੰ।

ਜਾਨਾਂ ਭੇਟ ਕਰਨ ਨੂੰ ਆਸ਼ਕ, ਲਗੇ ਕਰਨ ਤਿਆਰੀ।
ਬੁਲਬੁਲ ਚਹਿਕੀ ਭੌਰੇ ਹੱਸੇ, ਵੇਖਕੇ ਫੁਲ ਖੁਮਾਰੀ।
ਰਾਜ਼ ਦਿਲਾਂ ਦਾ ਖੋਲ੍ਹਣ ਬਾਰੇ, ਕੁਦਰਤ ਰੰਗ ਵਟਾਯਾ;
ਹੁਸਨ ਇਸ਼ਕ ਨੂੰ ਮੇਲਣ ਖਾਤ੍ਰ, ਆਈ ਫਸਲ ਬਹਾਰੀ।

ਹਸਦੀ ਕੁਦਰਤ ਚਹੁੰ ਪਾਸਿਓਂ ਨਜ਼ਰ ਆਵੇ,
ਖੜ੍ਹਕੇ ਅੰਬਰੋਂ ਵੀ ਝਾਤੀ ਮਾਰਦੀ ਏ।
ਵਗਦੀ ਮਸਤ ਹਵਾ ਨੇ ਮਸਤ ਕੀਤਾ,
ਛਟਾ ਮਸਤੀ ਦਾ ਜਾਂਦੀ ਖਲਾਰਦੀ ਏ।
ਡਾਲੀ ਡਾਲੀ ਚੋਂ ਜੋਬਣੀ ਡਲ੍ਹਕ ਡਲ੍ਹਕੇ,
ਸਿਖਰ ਕਲੀ ਚੜ੍ਹ ਪੀਂਘ ਹੁਲਾਰਦੀ ਏ।
ਮਸਤ ਭੌਰਿਆਂ ਮਸਤ ਹੋ ਤਾਨ ਲਾਈ,
ਖਿਚ ਖਿਚ ਰਹੀ, ਖਿਚ ਗੁਲਜ਼ਾਰ ਦੀ ਏ।



ਜਸਵੰਤ ਸਿੰਘ ਜੀ 'ਜਸ' ਸੰਤ ਨਗਰ
(ਨਾਮਧਾਰੀ ਸਾਹਿਤ ਸਭਾ)

ਰੰਗਾਂ ਰੰਗ ਦੇ ਰਾਗ ਅਲਾਪਣੇ ਨੂੰ, ਕਾਹਲੀ ਪੈ ਰਹੀ ਤਾਰ ਸਤਾਰ ਦੀ ਏ।
ਜਿਨ੍ਹੇ ਮਾਣ ਦਿਤਾ ਆਕੇ ਕੂਕਿਆਂ ਨੂੰ, ਆਈ ਰੁਤ ਬਸੰਤ ਬਹਾਰ ਦੀ ਏ।
ਗਰਮੀਂ ਸਰਦੀ ਨੇ ਧਾਰਿਆ ਰੂਪ ਸਾਂਝਾ, ਉਮਡ ਉਮਡ ਪਏ ਖੁਸ਼ੀ ਸੰਸਾਰ ਦੀ ਏ।
ਇਹਦੀ ਅਲ੍ਹੜ ਜਵਾਨੀ ਦੇ ਵੇਖ ਨਖਰੇ ਖਲਕਤ ਖੁਸ਼ੀ ਹੋ ਕੇ ਮਾਘਾ ਮਾਰ ਦੀ ਏ।
ਮੁਰਦਾ ਰੂਹਾਂ ਦੇ ਵਿਚ ਆ ਜ਼ਿੰਦ ਪਾਈ, ਮਹਿਕ ਪਈ ਖੁਸ਼ਬੂ ਪਿਆਰ ਦੀ ਏ।
ਇਸਦੀ ਸਰਘੀਓਂ ਜਗ ਨੂੰ ਜਾਗ ਆਈ, ਜੀਵਨ ਗੰਗੁਲੇ ਹੋਏ ਨਿਖਾਰ ਦੀ ਏ।
ਜ਼ਰਰਾ ਜ਼ਰਰਾ ਸੰਸਾਰ ਦਾ ਮਸਤ ਹੋਇਆ. ਸੁਣਕੇ ਧੁਨ ਬਹਾਰ ਮਲ੍ਹਾਰ ਦੀ ਏ।
ਕਿਸਮਤ ਜਿਸਦੇ ਮਥਿਓਂ ਖਿੜੀ ਸਭਦੀ, ਆਈ ਰੁਤ ਬਸੰਤ ਬਹਾਰ ਦੀ ਏ।
ਪਾਸਾ ਪਰਤ ਕੇ ਧਰਤ ਅੰਗੜਾਣ ਲਗੀ, ਉਠ ਮਲਕੜੇ ਉਹਨੂੰ ਜੁਹਾਰ ਦੀ ਏ।
ਝੰਗ ਬੇਲੇ ਅਲਬੇਲੇ ਹੋ ਝੂਮ ਉਠੇ, ਝਾਂਜਰ ਖੁਸ਼ੀ ਦੀ ਹਿੰਦ ਛਣਕਾਰ ਦੀ ਏ।
ਕੁਦਰਤ ਕਿਕਲੀ ਪਾਉਂਦੀ ਤ੍ਰਿੰਞਣਾਂ 'ਚ, ਚਰਖਾ ਡਾਹ ਡਾਹ ਪੈਰ ਪਸਾਰ ਦੀ ਏ।
ਉਛਲ ਉਛਲ ਕੇ ਖੁਸ਼ੀ ਮੈ ਖਾਨਿਆਂ ਚੋਂ, ਭੇਟਾ ਬਣ ਰਹੀ ਯਾਰ ਦਿਲਦਾਰ ਦੀ ਏ।
ਬਾਹੀਂ ਘਤਕੇ ਧਰਤ ਅਸਮਾਨ ਮਿਲਦੇ, ਆਇਆ ਲੋੜ ਸੀ ਜ੍ਹਿਦੇ ਦੀਦਾਰ ਦੀ ਏ।
ਗਊਆਂ ਚੁੰਗੀਆਂ ਮਾਰੀਆਂ ਬੂਥੀਆਂ ਚਾ, 'ਜਸ' ਆਈ ਬਸੰਤ ਬਹਾਰ ਦੀ ਏ।

[ਮਾਸਟਰ ਅਜੀਤ ਸਿੰਘ ਜੀ 'ਸੂਫੀ' ਸ੍ਰੀ ਜੀਵਨ ਨਗਰ



ਰੁਖਾਂ ਨੇ ਅਜ ਲਗਰਾਂ ਛਡੀਆਂ ਕੱਢ ਉਨਾਬੀ ਪਤੇ।
ਪਸ਼ੂ ਪੰਛੀ ਤੇ ਕੁਲ ਵਿਅਕਤੀ ਫਿਰਦੇ ਜੋਬਨ ਮਤੇ।
ਐਪਰ ਨਹੀਂ ਬਸੰਤਾਂਪੋਂਹਦੀ ਜਿਥੇ ਸੁਕੇ ਕੁਝ ਬਰੂਟੇ;
ਦੀਦਬਿਨਾਂਉਹਮੈਲਣਕੀਕਰਜੋ ਇਸ਼ਕਤੇਰੇਵਿਚਰਤੇ।

ਬਿਕ੍ਰਮੀ ਅਠਾਰਾਂ ਸੌ ਬਹਤਰੇ ਦੀ ਰੰਗ ਲਾਏ,
ਈਸਵੀ ਦੇ ਸੰਨ ਏਸੇ ਦਿਤਾ ਵਿਚ ਕੰਦਲਾਂ।
ਮਾਘ ਦੀ ਅਠਾਈ ਵਿਚ ਪੰਚਮੀ ਦਾ ਚੰਨ ਜਦੋਂ,
ਕੀਤਾ ਸਾਥੋਂ ਵਖ ਕਾਲੀ ਕੰਬਲੀ ਦੇ ਬਦਲਾਂ।
ਬਸੰਤ ਤੇ ਬਹਾਰ ਉਸ ਦਿਨ ਤੋਂ ਨ ਆਈ ਉਹ,
ਯੋਗੀਆਂ ਦਾ ਵੇਸ਼ ਕੀਤਾ ਚੰਨਣ ਤੇ ਸੰਦਲਾਂ।
ਕੋਇਲ ਤਤੀ ਤਾਹੀਓਂ ਪੀਆਪੀਆ ਪਈਕੂਕਦੀ ਏ;
ਸੁਟ ਗਿਓਂ ਬੰਦੀ ਵਿਚ ਪਾਇਕੇ ਜੋ ਵੰਦਲਾਂ।
ਚੁੰਝ ਸੁਟੀ ਅੰਬ ਉਤੇ ਖਾਣ ਦਾ ਨ ਚੱਜ ਜਿਵੇਂ,
ਝਾਕਦੀ ਏ ਓਟ ਰੱਖ ਢੂੰਡਣੇ ਨੂੰ ਤੰਦਲਾਂ।
ਮੰਨਣ ਮਨਾਵਣੇ ਨੂੰ ਰੁਸੇ ਹੋਏ ਕਉਂਤ ਤਾਈਂ, ਤ੍ਰੇਲ ਹੰਝੂ ਰੋਂਦੀਆਂ ਨੇ ਰਾਈ ਦੀਆਂ ਗੰਦਲਾਂ।
ਨੂਰੀ ਮੁਖ ਤਕਣੇ ਨੂੰ ਪਾਠ ਨੇ ਕਰਾਏ ਲੱਖਾਂ, ਪ੍ਰੀਤਮ ਦੀ ਖੇਡ ਵਾਲਾ ਆਂਵਦਾ ਨ ਅੰਤ ਆ।
ਤਰੌਂਕਣੇ ਨੂੰ ਬਾਰ ਬਾਰ ਅਤਰ ਫੁਲੇਲ ਤਾਈਂ ਪਲੇ ਬੰਨ੍ਹ ਸਧਰਾਂ ਨੂੰ ਆਂਵਦੀ ਬਸੰਤ ਆ।

ਸ੍ਰੀ ਸਤਿਗੁਰੂ ਜੀ ਦਾ ਦੌਰਾ

ਅਖਬਾਰ ਦੇ ਸਮੇ ਸਿਰ ਨ ਛਪ ਸਕਣ ਕਰਕੇ ਅਸੀਂ ਸਤਿਜੁਗ ਦੇ ਬਸੰਤ-ਅੰਕ ਵਿੱਚ ਹੀ ਦਰਸ਼ਨ ਅਭਿਲਾਸ਼ੀ ਸਜਣਾਂ ਲਈ, ਸ੍ਰੀ ਗੁਰਦੇਵ ਸਿੰਘ ਜੀ ਨਿੱਜੀ ਸਕਤ੍ਰ ਰਾਹੀਂ ਭੇਜਿਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਦੌਰਾ ਪਰਕਾਸ਼ਤ ਕਰ ਰਹੇ ਹਾਂ। ਬੀਤੇ ਦਿਨਾਂ ਦੀਆਂ ਤਾਰੀਖਾਂ ਵੀ ਨਾਲ ਹੀ ਦੇ ਰਹੇ ਹਾਂ ਤਾਕਿ ਇਤਹਾਸਕਾਰਾਂ ਲਈ ਸਮਗਰੀ ਉਪਲ ਬਧ ਹੋ ਸਕੇ। [ਸਪਾਦਕ

੪ ਜਨਵਰੀ ੧੯੬੧ ਮੁਤਾਬਕ ੨੧ ਪੋਹ ੨੦੧੭ ਬਿ: ਤੋਂ ੧੬ ਜਨਵਰੀ ਮੁਤਾਬਕ ੪ ਮਾਘ ੨੦੧੭ ਤਕ ਦੀਨ ਦਿਆਲ ਜੀ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਸਮੇਤ ਹਜ਼ੂਰੀ ਸੇਵਕਾਂ ਤੇ ਜਥੇ ਦੇ ਬੈਂਕੋਕ ਸਿਆਮ ਵਾਸੀ ਸੰਗਤਾਂ ਨੂੰ ਨਿਵਾਜਣ ਪਧਾਰੇ।

੧੭ ਜਨਵਰੀ–੫ ਮਾਘ ਸ਼ਹੀਦੀ ਮੇਲਾ ਮਲੇਰ ਕੋਟਲਾ
੧੮ ਜਨਵਰੀ–੬ ਮਾਘ ਸ੍ਰੀ ਜੀਵਨ ਨਗਰ
੧੯ ਜਨਵਰੀ–੭ ਮਾਘ ਕਿਰਪਾਲ ਪੱਟੀ (ਹਿਸਾਰ)
੨੦ ਜਨਵਰੀ–੮ ਮਾਘ ਕਿਰਪਾਲ–ਪੱਟੀ ਕਰੀ ਵਾਲਾ–ਸ੍ਰੀ ਭੈਣੀ ਸਾਹਿਬ
੨੧–੨੨ ਜਨਵਰੀ–੯–੧੦ ਮਾਘ ਚੰਡੀਗੜ੍ਹ ਬਸੰਤ ਮੇਲਾ
੨੩–੨੪ ਜਨਵਰੀ–੧੧–੧੨ ਮਾਘ–ਮੰਡੀ ਹਿਮਾਚਲ ਬਸੰਤ ਮੇਲਾ
੨੫ ਜਨਵਰੀ–੧੩ ਮਾਘ ਭੂੰਤਰ ਜ਼ਿ: ਕਾਂਗੜਾ)
੩੦ ਜਨਵਰੀ–੧੮ ਮਾਘ–ਮੋਰੋਂ (ਜ਼ਿ: ਜਲੰਧਰ) ਅਖੰਡ ਪਾਠ ਦਾ ਭੋਗ
੧ ਫਰਵਰੀ–੨੦ ਮਾਘ–ਰਾਤ ਨੂੰ ਸ੍ਰੀ ਜੀਵਨ ਨਗਰ
੨ ਫਰਵਰੀ ੨੧ ਮਾਘ ਰਾਤ ਨੂੰ ਦਿਲੀ
੩ ਫਰਵਰੀ ੨੨ ਮਾਘ ਮੇਲਾ ਦਿਲੀ (ਅਨੰਦ ਕਾਰਜ ਆਦਿ)
੪ ਫਰਵਰੀ ੨੩ ਮਾਘ ਨਵੀ ਦਿਲੀ ਤੋਂ ਸੁਭਾ ੭-੩੫ ਮਿੰਟ ਤੇ ਪੰਜਾਬ ਮੇਲ ਤੇ ਬੁਧਨੀ
੫ ਫਰਵਰੀ ੨੪ ਮਾਘ ਸਾਰਾ ਦਿਨ ਬੁਧਨੀ
੬ ਫਰਵਰੀ ੨੫ ਮਾਘ ੫-੪੦ ਸੁਭਾ ਨਾਗਪੁਰ
੭ ਫਰਵਰੀ ੨੬ ਮਾਘ ੫-੪੦ ਮਿੰਟ ਤੇ ਸੁਭਾ ਸਿਕੰਦਰਾਬਾਦ
੮ ਫਰਵਰੀ ੨੭ ਮਾਘ ਰਾਤ ਬਾਰਾਂ ਵਜੇ ਨਦੇੜ
੯ ਫਰਵਰੀ ੨੮ ਮਾਘ ਸਾਰਾ ਦਿਨ ਹਜ਼ੂਰ ਸਾਹਿਬ
੧੦ ਫਰਵਰੀ ੨੯ ਮਾਘ ਸੁਭਾ ੬-੩੮ ਮਿੰਟ ਤੇ ਚਲਕੇ ੧॥ ਵਜੇ (ਦੁਪਹਿਰ) ਸਿਕੰਦਰਾਬਾਦ
੧੧ ਫਰਵਰੀ ੩੦ ਮਾਘ ੯-੪੦ ਮਿੰਟ ਤੇ ਸੁਭਾ ਨਾਗਪੁਰ
੧੨ ਫਰਵਰੀ ੧ ਫਗਣ ੮॥ ਵਜੇ ਰਾਤ ਨੂੰ ਦਿਲੀ
੧੪–੧੫ ਫਰਵਰੀ–੩–੪ ਫਗਣ–ਮੇਲਾ ਸੰਤ ਨਗਰ (ਹਿਸਾਰ)
੧੬–੧੭ ਫਰਵਰੀ–੫–੬ ਫਗਣ–ਮੇਲਾ ਕਰੀਵਾਲਾ (ਹਿਸਾਰ)

ਨੋਟ:–ਇਹਨਾਂ ਥਾਵਾਂ ਤੇ ਪਹੁੰਚਣ ਲਈ ਰੇਲ ਜਾਂ ਮੋਟਰ ਦਾ ਸਫਰ ਵੀ ਨਾਲ ਹੀ ਹੈ।
–ਤਬਦੀਲੀ ਸ੍ਰੀ ਸਤਿਗੁਰੂ ਜੀ ਦੀ ਇੱਛਾ ਤੇ।

ਝੁਕਦਿਆਂ ਝੁਕਦਿਆਂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਮ ਪਾਵਨ ਪਰਕਾਸ਼ ਉਤਸ਼ਵ ਦੀ ਵਧਾਈ ਦੇਂਦਿਆਂ ਅਸੀਂ ਪਾਠਕਾਂ ਤੋਂ ਖਿਮਾਂ ਮੰਗਦੇ ਹਾਂ ਉਸ ਪਛੜ ਦੀ, ਜਿਹੜੀਸਾਡੀਰਵਾਇਤ ਹੀ ਬਣਗਈ ਜਾਪਦੀ ਹੈ।

ਅਕਾਲ ਪੁਰਖ ਦਾ ਕੋਟਾਨ ਕੋਟ ਧਨਵਾਦ ਹੈ, ਜਿਹੜਾ ਦੂਰ ਦਰਾਜ਼ ਤੇ ਦੁਰਗੁਮ ਥਾਵਾਂ ਤੇ ਬੈਠਿਆਂ ਸਾਡੇ ਵਰਗੇ ਪ੍ਰਾਣੀਆਂ ਤੋਂ ਅਪਣੀ ਲੋੜ ਦੇ ਕੰਮ ਕਰਵਾ ਹੀ ਲੈਂਦਾ ਹੈ।

ਸਭ ਤੋਂ ਵਧੇਰੇ ਪੂਜਣ ਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਸਾਨੂੰ ਆਸ਼ੀਰ ਬਾਦ ਦੇ ਕੇ, ਸਾਡੀਆਂ ਊਣਤਾਈਆਂ ਨੂੰ ਨਜ਼ਰ ਅੰਦਾਜ਼ ਕਰਕੇ ਜਿਵੇਂ ਕਮਲ ਚਰਨਾਂ ਦਾ ਆਸਰਾ ਦਿਤੀ ਆ ਰਹੇ ਹਨ ਉਹਨਾਂ ਦੀ ਕ੍ਰਿਤਗਤਾ ਅਸੀਂ ਕਿਵੇਂ ਅਦਾ ਕਰੀਏ। ਸਾਡੇ ਲਈ ਜਦੋਂ ਦਰਸ਼ਨਾਂ ਦੀ ਬਾਰ ਬਾਰ ਜ਼ਰੂਰਤ ਸੀ ਓਦੋਂ ਹਜ਼ੂਰ ਸਚੇ ਪਾਤ-ਸ਼ਾਹ ਸਿਆਮ ਨਿਵਾਸੀ ਵੀਰਾਂ ਦੀ ਚਿਰ ਸਧਰ ਨੂੰ ਸਫਲਾ ਕਰਨ ਬੈਂਕੋਕ ਨੂੰ ਕ੍ਰਿਤਾਰਥ ਕਰ ਆਏ। ਸਾਨੂੰ ਹੈਡ ਕੁਆਟਰ ਵਿੱਚ ਬੈਠਿਆਂ ਨੂੰ ਵੀ ਹਜ਼ੂਰ ਦੀ ਦੂਰ ਉਡਾਣੀ ਦਾ ਓਦੋਂ ਹੀ ਪਤਾ ਲੱਗਾ ਜਦੋਂ ਤੱਕ ਉਹਨਾਂ ਦੀ ਵਾਪਸੀ ਅਤਿ ਨਿਕਟ ਆ ਪਹੁੰਚੀ ਸੀ। ਇਸ ਲਈ ਸ੍ਰੀ ਹਜ਼ੂਰ ਜੀ ਤੋਂ ਅਸੀਂ ਅਪਣੇ ਕੰਮ ਵਿੱਚ ਨਾ ਤਾਂ ਪ੍ਰੇਰਣਾ ਅਤੇ ਨਾ ਸਹਾਇਤਾ ਲੈ ਸਕੇ।

ਸ੍ਰੀ ਮਹਾਰਾਜ ਬੀਰ ਸਿੰਘ ਜੀ, ਧੀਰਤਾ ਤੇ ਗੰਭੀਰਤਾ ਦੇ ਸੋਮੇ ਸਾਡੇ ਸਰਪ੍ਰਸਤ ਹਨ, ਪਰ ਉਹ ਵੀ ਸ਼ੁਭ ਇਛਾਵਾਂ, ਮਜਬੂਰੀਆਂ ਦਸਣ ਤੇ ਮੁਸਕ੍ਰਾ-ਹਟਾਂ ਵੰਡਣ ਦੇ ਸਾਡੀ ਲੋੜੀਂਦੀ ਮਦਦ ਨਹੀਂ ਕਰ ਸਕੇ, ਪਰ ਸਚਮੁਚ ਹੀ ਜੇ ਆਪ ਦਾ ਮਿਹਰਾਂ ਭਰਿਆ ਹਸਤ ਕੰਵਲ ਸਾਡੇ ਪ੍ਰੈਸ ਵਰਕਰਾਂ ਤੇ ਨਾ ਰਹਿੰਦਾ ਤਾਂ ਅਸੀਂਇਸ ਯੋਗਵੀ ਨਾ ਹੁੰਦੇ,ਜਿਸਤਰਾਂ ਤੁਸੀਂ ਸਾਨੂੰ ਇਸ ਪਰਚੇ ਵਿੱਚ ਵੇਖ ਸਕੋਗੇ।

ਅਪਣੇ ਸੁਹਿਰਦ ਲੇਖਕਾਂ ਤੇ ਕਵੀਆਂ ਦਾ ਧਨ-ਵਾਦ ਕਰਦਿਆਂ ਗਦ ਗਦ ਪੂਰੰਨ ਹੋ ਰਿਹਾ ਹਾਂ ਜਿਨਾਂ ਅਗੇਤ-ਪਿਛੇਤ ਦੀ ਪਰਵਾਹ ਨ ਕਰਦਿਆਂ ਅਪਣੇ ਵਿਚਾਰ ਬਸੰਤ–ਪਰਬ ਲਈ ਭੇਜਕੇ ਕ੍ਰਿਤਾ-ਰਥ ਕੀਤਾ। ਕੁਝ ਵਧੀਆ ਮਜ਼ਮੂਨਾਂ ਦੇ ਪਛੜਕੇ ਔਣ ਨਾਲ ਮੈਨੂੰ ਅੰਕ ਦੇ ਅੰਤਲੇ ਸਫਿਆਂ ਵਿੱਚ ਥਾਂ ਦੇਣ ਲਈ ਮਜ਼ਬੂਰ ਹੋਣਾ ਪਿਆ।

ਸ੍ਰੀਮਾਨ ਸੰਤ ਵਰਿਆਮ ਸਿੰਘ ਜੀ ਮੁਸੱਵਰ ਦੀ ਤਿਆਰ ਕੀਤੀ ਦਰਸ਼ਨੀ ਤਸਵੀਰ ਜਿਥੇ ਇਸ ਅੰਕ ਦੀ ਸ਼ੋਭਾ ਦੀ ਲਖਾਇਕ ਹੈ, ਓਥੇ ਅੰਕ ਦੀ ਪਛਾੜ ਦਾ ਕਾਰਨ ਵੀ ਬਣੀ ਹੈ। ਮੁਸੱਵਰ ਜੀ ਦਾ ਧਨ-ਵਾਦ ਕਰਦਿਆਂ ਰੋਮ ਰੋਮ ਪੁਲਕਿਤ ਹੈ, ਜੋ ਅਪਣੀ ਸਰਵਿਸ ਭੁਗਤਾਂਦਿਆਂ ਵੀ ਸਤਿਗੁਰੂ ਜੀ ਨਾਲ ਪ੍ਰੇਮ ਤੇ ਸ਼ਰਧਾ ਸਦਕਾ ਸਾਡੀ ਅਵਾਜ਼ ਤੇ ਅਪਣੇ ਬੁਰਸ਼ ਨੂੰ ਹਰਕਤ ਵਿਚ ਲੈ ਆਉਂਦੇ ਹਨ।

ਪ੍ਰੈਸ ਸਟਾਫ਼ ਦੇ ਇਨਚਾਰਜ ਸ੍ਰੀ ਹਜ਼ੂਰ ਸਿੰਘ ਜੀ ਚੰਦ੍ਰਹਾਂਸ,ਮਸ਼ੀਨਮੈਨ ਸੰਤ ਬਲਵੰਤ ਸਿੰਘ ਜੀ, ਫੋਰਮੈਨ ਸ੍ਰੀ ਆਤਮਾ ਸਿੰਘ ਜੀ ਜੱਟ, ਸਹਾਇਕ ਸ੍ਰੀ ਕਰਮ ਸਿੰਘ ਜੀ ਜੋਗੀ, ਸ੍ਰੀ ਚੰਨਣ ਸਿੰਘ ਜੀ ਵਿਰਕ, ਸ੍ਰ: ਬਲਕਾਰ ਸਿੰਘ ਜੀ ਨਕੌੜਾ, ਸ੍ਰੀ ਕਰ-ਨੈਲ ਸਿੰਘ ਜੀ ਤੇ ਹੋਰ ਵਕਤੀ ਸਹਾਇਕਾਂ ਦਾ ਬਹੁਤ ਬਹੁਤ ਧਨਵਾਦ ਕਰਦਾ ਹਾਂ, ਜਿਨਾਂ ਅੰਕ ਤਿਆਰੀ ਵਿੱਚ ਮਿਲਵਰਤੌਂ ਦਿਤੀ।

ਸ੍ਰੀ ਅਮਰ ਸਿੰਘ ਜੀ ਸਰਪੰਚ ਸ੍ਰੀ ਜੀਵਨ ਨਗਰ ਦੇ ਇਨਚਾਰਜ ਵਰਕਸ਼ਾਪ ਦਾ ਕ੍ਰਿਤਗਯ ਹਾਂ ਕਿ ਉਹਨਾਂ ਅਪਣੇ ਸਾਥੀਆਂ ਸ੍ਰੀ ਹਰਵੰਸ ਸਿੰਘ ਜੀ ਤੇ ਸ੍ਰੀ ਦਰਸ਼ਨ ਸਿੰਘ ਜੀ ਰਾਹੀਂ ਬਿਜਲੀ ਦੀ ਵਰਤੋਂ ਵਿੱਚ ਮਦਦ ਕੀਤੀ।

ਸ੍ਰੀਮਾਨ ਸੰਤ ਰਣਜੀਤ ਸਿੰਘ ਜੀ,ਸਤਿਜੁਗ ਦੇ ਮੈਨੇਜਰ ਧਨਵਾਦ ਦੇਯੋਗਹਨ,ਜਿਨਾਂਦੀਦੇਖ ਰੇਖ ਤੇ ਮਿਲਵਰਤੋਂਨਾਲਅਖਬਾਰ ਤੇ ਅੰਕ ਪੋਸਟਹੁੰਦਾ ਹੈ।

ਉਹਨਾਂ ਪਾਠਕਾਂ ਨੂੰ ਪੇਸ਼ਗੀ ਕ੍ਰਿਤਗਤਾ ਅਦਾ ਕਰਦਾ ਹਾਂ, ਜਿਹੜੇ ਅੰਕ-ਪਾਠ ਬਾਦ ਸਾਡੀ ਸਹਾ-ਇਤਾ ਲਈ ਕੁਝ ਲਿਖਣ ਦੀ ਕ੍ਰਿਪਾ ਕਰਨਗੇ।

ਪ੍ਰੀਤਮ ਸਿੰਘ ਕਵੀ ਸੰਪਾਦਕ ਸਤਿਜੁਗ

ਗੀਤ

[ਮਾ: ਅਮਰੀਕ ਸਿੰਘ ਜੀ ਅਮਰਾਸਰ (ਨਾਮਧਾਰੀ ਸਾਹਿਤ ਸਭਾ)



ਪੰਚਮੀ ਦਾ ਦਿਨ ਆਓ ਰਲਕੇ ਮਨਾਈਏ।
ਪ੍ਰੀਤਮ ਦੀ ਯਾਦ ਵਿਚ ਮਸਤ ਹੋ ਜਾਈਏ।
ਸਤੀ ਹੋਈ ਕੌਮ ਤਾਈਂ ਜਿਸਨੇ ਹਲੂਣਿਆਂ।
ਰਾਹ ਤੋਂ ਕੁਰਾਹੇ ਜਾਂਦਿਆਂ ਨੂੰ ਫੜ ਝੂਣਿਆਂ।
ਓਸਦੇ ਪੁਰਬ ਉਤੇ ਓਹਦੇ ਗੁਣ ਗਾਈਏ।
ਪੰਚਮੀ ਦਾ ਦਿਨ..............
ਮਰ ਚੁਕੀ ਬੀਰਤਾ ਸੀ ਦੇਸ਼ ਦੇ ਜਵਾਨਾਂ ਦੀ।
ਭੁਲ ਚੁਕੇ ਯਾਦ ਸਨ ਪਿਛਲੀਆਂ ਸ਼ਾਨਾਂ ਦੀ।
ਕਿਹਾ, ਆਓ! ਦੇਸ਼ ਤੋਂ ਨਿਸਾਰ ਹੋ ਜਾਈਏ।
ਪੰਚਮੀ ਦਾ ਦਿਨ..............
ਫੜਕੇ ਅਠੋਤਰੀ ਇਹ ਆਖਿਆ ਜਹਾਨ ਨੂੰ।
ਆਇਆ ਹਾਂ ਮੈਂ ਜਗ ਉਤੇ ਦੁਖੜੇ ਹਟਾਨ ਨੂੰ।
ਨਾਮ ਜਪੋ, ਸਾਗਰੋਂ ਜੇ ਪਾਰ ਹੋ ਜਾਈਏ।
ਪੰਚਮੀ ਦਾ ਦਿਨ..............
ਕੰਨੀ ਫੂਕ ਮਾਰ ਕੀਤੇ ਮਾਣਸਾਂ ਤੋਂ ਦੇਵਤੇ।
ਗ਼ਲਤ ਰਿਵਾਜ ਸੀ ਸੰਸਾਰ ਤੋਂ ਸਮੇਟ 'ਤੇ।
ਕਿਉਂ ਨ ਲਖ ਲਖ ਉਹਦੇ ਸ਼ੁਕਰ ਮਨਾਈਏ।
ਪੰਚਮੀ ਦਾ ਦਿਨ..............
ਗਊ ਤੇ ਗਰੀਬ ਵਾਲਾ ਦੁਖ ਨ ਸਹਾਰਿਆ।
ਓਹਦੇ ਪੈਰੋਕਾਰਾਂ ਨੇ ਜਾ ਬੁਚੜਾਂ ਨੂੰ ਮਾਰਿਆ।
ਆਪ ਇਕਬਾਲ ਕੀਤਾ ਬਲਿਹਾਰ ਜਾਈਏ।
ਪੰਚਮੀ ਦਾ ਦਿਨ..............
ਪੁਛਕੇ ਭਜਨ ਸ਼ੇਰ ਗਿਦੜਾਂ ਤੋਂ ਹੋ ਗਏ।
ਮਾਰ ਮਾਰ ਛਾਲਾਂ ਅਗੇ ਤੋਪਾਂ ਦੇ ਖਲੋ ਗਏ।
ਕਿਹਾ ਮਾਤ ਭੂਮੀ ਤੋਂ ਨਿਸਾਰ ਹੋ ਜਾਈਏ।
ਪੰਚਮੀ ਦਾ ਦਿਨ..............
ਗਡ ਉਤੇ ਚੜ੍ਹ ਤੁਰੇ ਆਪ ਪਰਦੇਸ ਨੂੰ।
ਅਜ ਤਕ ਸਹਿੰਦੇ ਹਾਂ ਪਏ ਬਿਰਹਾ ਕਲੇਸ਼ ਨੂੰ।
ਕਰੇ 'ਅਮਰੀਕ' ਬਿਨੇ ਵਤਨਾਂ ਨੂੰ ਆਈਏ।
ਪੰਚਮੀ ਦਾ ਦਿਨ ਆਓ ਰਲਕੇ ਮਨਾਈਏ।